Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning newspaper | Canadian Punjabi Post
Vol 18 *Issue 115 Friday, June 14, 2019 Tel: 905-793-2202 | Fax: 905-793-2282 | news@punjabipost.ca

TOP 4% TREB REALTOR 2018
"Believe in The Best"
Buy With $0 Down Program
ROYAL CANADIAN REALTY, BROKERAGE
RESIDENTIAL-COMMERCIAL-INVESTMENT
SELL YOUR HOUSE
Quick & For Top $$$$
GO WITH PRO SELLING GTA FOR 5 YEARS
Hardeep Sivia BROKER
647-970-7374
www.HardeepSivia.com

To view our online newspaper visit punjabipost.ca/epaper
THE ONLY DAILY PUNJABI NEWS
ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## 20 ਜੂਨ ਨੂੰ ਵਾਸ਼ਿੰਗਟਨ ਵਿੱਚ ਟਰੰਪ ਨਾਲ ਮੁਲਾਕਾਤ ਕਰਨਗੇ ਟਰੂਡੋ



ਓਟਵਾ, 13 ਜੂਨ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਜਾਪਾਨ ਵਿੱਚ ਹੋਣ ਜਾ ਰਹੀ ਜੀ-20 ਸਿਖਰ ਵਾਰਤਾ ਤੋਂ ਪਹਿਲਾਂ ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਨਾਲ ਮੁਲਾਕਾਤ ਕਰਨ ਲਈ ਅਗਲੇ ਹਫਤੇ ਵਾਸ਼ਿੰਗਟਨ ਡੀਸੀ ਜਾਣਗੇ। ਟਰੰਪ ਨਾਲ ਆਪਣੀ ਇਸ ਮੁਲਾਕਾਤ ਦੌਰਾਨ ਟਰੂਡੋ ਚੀਨ ਨਾਲ ਕੈਨੇਡਾ ਦੇ ਸਬੰਧਾਂ ਤੇ ਨਵੀਂ ਨਾਫਟਾ ਡੀਲ ਦੀ ਪੁਸ਼ਟੀ ਬਾਰੇ ਗੱਲ ਕਰਨਗੇ।

ਪ੍ਰਧਾਨ ਮੰਤਰੀ ਦੇ ਆਫਿਸ ਅਨੁਸਾਰ 20 ਜੂਨ ਨੂੰ ਦੋਵੇਂ ਆਗੂ ਕਈ ਤਰ੍ਹਾਂ ਦੇ ਮੁੱਦਿਆਂ ਜਿਵੇਂ ਕਿ ਟਰੇਡ ਸਬੰਧੀ ਮੁੱਦਾ, ਚੀਨ ਵਿੱਚ ਨਜ਼ਰਬੰਦ ਦੋ ਕੈਨੇਡੀਅਨਾਂ ਮਾਈਕਲ ਸਪੇਵਰ ਤੇ ਮਾਈਕਲ ਕੋਵਰਿਗ ਦੇ ਮੁੱਦੇ ਬਾਰੇ ਵਿਚਾਰ ਵਟਾਂਦਰਾ ਕਰਨਗੇ। ਜ਼ਿਕਰਯੋਗ ਹੈ ਕਿ ਪਿਛਲੇ ਸਾਲ ਦਸੰਬਰ ਵਿੱਚ ਅਮਰੀਕਾ ਦੇ ਕਹਿਣ ਉੱਤੇ ਚੀਨ ਦੀ ਟੈਲੀਕਾਮ ਕੰਪਨੀ ਹੁਆਵੇਈ ਦੀ ਸੀਨੀਅਰ ਐਗਜ਼ੈਕਟਿਵ ਨੂੰ ਵੈਨਕੂਵਰ ਤੋਂ ਗ੍ਰਿਫਤਾਰ ਕੀਤੇ ਜਾਣ ਤੋਂ ਬਾਅਦ ਦੋਵਾਂ ਕੈਨੇਡੀਅਨਾਂ ਨੂੰ ਚੀਨ ਵਿੱਚ ਨਜ਼ਰਬੰਦ ਕਰ ਲਿਆ ਗਿਆ ਸੀ।

ਟਰੂਡੋ ਦੇ ਆਫਿਸ ਅਨੁਸਾਰ ਦੋਵੇਂ ਆਗੂ ਵਿਸ਼ਵਵਿਆਪੀ ਚੁਣੌਤੀਆਂ ਦੇ ਨਾਲ ਨਾਲ ਚੀਨ ਵੱਲੋਂ ਗਲਤ ਢੰਗ ਨਾਲ ਨਜ਼ਰਬੰਦ ਕਰਕੇ ਰੱਖੇ ਗਏ ਦੋ ਕੈਨੇਡੀਅਨਾਂ ਦੇ ਮੁੱਦੇ ਨੂੰ ਵਿਚਾਰਨਗੇ। ਅਮਰੀਕਾ ਦੇ ਵਾਈਸ ਪ੍ਰੈਜ਼ੀਡੈਂਟ ਮਾਈਕ ਪੈਂਸ ਦਾ ਕਹਿਣਾ ਹੈ ਕਿ 28-29 ਜੂਨ ਨੂੰ ਓਸਾਕਾ, ਜਾਪਾਨ ਵਿੱਚ ਹੋਣ ਜਾ ਰਹੀ ਜੀ-20 ਸਿਖਰ ਵਾਰਤਾ ਦੌਰਾਨ ਟਰੰਪ ਕੋਵਰਿਗ ਤੇ ਸਪੇਵਰ ਦੀ ਹੋਣੀ ਬਾਰੇ ਚੀਨ ਦੇ ਰਾਸ਼ਟਰਪਤੀ ਜ਼ੀ ਜ਼ਿਨਪਿੰਗ ਨਾਲ ਗੱਲਬਾਤ ਕਰਨਗੇ।

ਇਸ ਦੌਰੇ ਬਾਰੇ ਬਿਆਨ ਜਾਰੀ ਕਰਦਿਆਂ ਟਰੂਡੋ ਨੇ ਆਖਿਆ ਕਿ ਨਵੀਂ ਨਾਫਟਾ ਡੀਲ ਦੀ ਪੁਸ਼ਟੀ ਲਈ ਰਾਸ਼ਟਰਪਤੀ ਟਰੰਪ ਨਾਲ ਮੁਲਾਕਾਤ ਕਰਨ ਲਈ ਉਹ ਤਾਂਘਵਾਨ ਹਨ। ਉਨ੍ਹਾਂ ਇਹ ਵੀ ਆਖਿਆ ਕਿ ਅਸੀਂ ਅਮਰੀਕਾ ਨਾਲ ਆਪਣੀ ਟਰੇਡ ਤੇ ਆਰਥਿਕ ਭਾਈਵਾਲੀ ਨੂੰ ਮਜ਼ਬੂਤ ਕਰਨ ਵੱਲ ਵੀ ਧਿਆਨ ਦੇ ਰਹੇ ਹਾਂ।

## ਬਰੈਂਪਟਨ ਨੂੰ ਭਵਿੱਖ ਦੇ ਸ਼ਹਿਰਾਂ ਵਿੱਚੋਂ ਇੱਕ ਵਜੋਂ ਦਿੱਤੀ ਗਈ ਮਾਨਤਾ



ਬਰੈਂਪਟਨ, 13 ਜੂਨ (ਪੋਸਟ ਬਿਊਰੋ) : ਯੁਨਾਈਟਿਡ ਕਿੰਗਡਮ ਦੀ ਫਾਇਨਾਂਸ਼ੀਅਲ ਟਾਈਮਜ਼ ਡਵੀਜ਼ਨ ਐਫਡੀਆਈ ਇੰਟੈਲੀਜੈਂਸ ਵੱਲੋਂ ਕੀਤੀ ਗਈ ਦਰਜੇਬੰਦੀ ਮੁਤਾਬਕ ਕੱਲ੍ਹ ਬਰੈਂਪਟਨ ਨੂੰ ਭਵਿੱਖ 2019/20 ਦੇ ਸਿਖਰਲੇ 10 ਦਰਮਿਆਨੇ ਆਕਾਰ ਦੇ ਅਮਰੀਕੀ ਸ਼ਹਿਰਾਂ ਵਜੋਂ ਮਾਨਤਾ ਦਿੱਤੀ ਗਈ।

ਬਰੈਂਪਟਨ ਨੂੰ ਕੌਨੈਕਟੀਵਿਟੀ ਕੈਟੇਗਰੀ ਲਈ ਕੀਤੀ ਗਈ ਦਰਜੇਬੰਦੀ ਵਿੱਚ ਪਹਿਲਾ ਤੇ ਬਿਜ਼ਨਸ ਫਰੈਂਡਲੀਨੈੱਸ ਲਈ ਉੱਘੇ 10 ਵਿੱਚੋਂ ਅੱਠਵਾਂ ਸਥਾਨ ਹਾਸਲ ਹੋਇਆ। 29 ਮਈ ਨੂੰ ਬਰੈਂਪਟਨ ਦੇ ਇਕਨਾਮਿਕ ਡਿਵੈਲਪਮੈਂਟ ਐਂਡ ਕਲਚਰ ਆਫਿਸ ਵੱਲੋਂ ਕੌਮਾਂਤਰੀ ਪੱਧਰ ਉੱਤੇ ਮਜ਼ਬੂਤ ਆਰਥਿਕ ਸਬੰਧ ਕਾਇਮ ਕਰਨ ਤੇ ਬਰੈਂਪਟਨ ਵਿੱਚ ਵਿਕਾਸ ਦੇ ਨਾਲ ਨਾਲ ਰੋਜ਼ਗਾਰ ਦੇ ਮੌਕਿਆਂ ਵਿੱਚ ਵਾਧਾ ਕਰਨ ਲਈ ਕਦਮ ਦਰ ਕਦਮ ਯੋਜਨਾ ਦਾ ਖੁਲਾਸਾ ਕੀਤਾ ਗਿਆ। ਇਸ ਦਾ ਅਸਲ ਮਕਸਦ ਦੁਨੀਆ ਨੂੰ ਇਹ ਦਿਖਾਉਣਾ ਹੈ ਕਿ ਬਰੈਂਪਟਨ ਮੌਕਿਆਂ ਦਾ ਸ਼ਹਿਰ ਹੈ।

ਇਹ ਪਹਿਲੀ ਵਾਰੀ ਨਹੀਂ ਹੈ ਕਿ ਬਰੈਂਪਟਨ ਨੂੰ ਐਫਡੀਆਈ ਇੰਟੈਲੀਜੈਂਸ ਤੋਂ ਮਾਨਤਾ ਹਾਸਲ ਹੋਈ ਹੋਵੇ। ਇਹ ਦਰਜੇਬੰਦੀ ਹਰ ਦੋ ਸਾਲ ਬਾਅਦ ਨੰਵਿਆਈ ਜਾਂਦੀ ਹੈ। ਪਿਛਲੇ ਅੱਠ ਸਾਲਾਂ ਤੋਂ ਬਰੈਂਪਟਨ ਲਗਾਤਾਰ ਇਸ ਵਿੱਚ ਜਿੱਤਦਾ ਆ ਰਿਹਾ ਹੈ ਜਾਂ ਫਿਰ ਬਿਜ਼ਨਸ ਫਰੈਂਡਲੀਨੈੱਸ, ਸਿਟੀ ਆਫ ਦ ਫਿਊਚਰ, ਇਨਫਰਾਸਟ੍ਰਕਚਰ ਤੇ ਕੌਨੈਕਟੀਵਿਟੀ ਦੀਆਂ ਵੰਨਗੀਆਂ ਵਿੱਚ ਸਿਖਰ ਦੇ ਨੇੜੇ ਰਹਿੰਦਾ ਆਇਆ ਹੈ।

## ਫੋਰਡ ਸਰਕਾਰ ਨੇ 141 ਮਿਲੀਅਨ ਡਾਲਰ ਟੋਰੀਜ਼ ਦੀ ਨੁਮਾਇੰਦਗੀ ਵਾਲੀਆਂ ਪੇਂਡੂ ਕਮਿਊਨਿਟੀਜ਼ ਨੂੰ ਦਿੱਤੇ



ਓਨਟਾਰੀਓ, 13 ਜੂਨ (ਪੋਸਟ ਬਿਊਰੋ) : ਓਨਟਾਰੀਓ ਦੀ ਪ੍ਰੋਗਰੈਸਿਵ ਕੰਜ਼ਰਵੇਟਿਵ ਸਰਕਾਰ ਵੱਲੋਂ ਪ੍ਰੋਵਿੰਸ ਭਰ ਵਿੱਚ ਮਿਊਂਸਪਲ ਬਜਟ ਵਿੱਚ ਕਟੌਤੀਆਂ ਲਈ ਯੋਜਨਾ ਬਣਾਈ ਗਈ ਹੈ ਪਰ ਪ੍ਰੋਵਿੰਸੀਅਲ ਸਰਕਾਰ ਵੱਲੋਂ 200 ਮਿਲੀਅਨ ਡਾਲਰ ਪੇਂਡੂ ਕਮਿਊਨਿਟੀਜ਼ ਨੂੰ ਵੀ ਮੁਹੱਈਆ ਕਰਵਾਇਆ ਗਿਆ। ਇਸ ਰਕਮ ਵਿੱਚੋਂ ਵੀ 71 ਫੀ ਸਦੀ ਰਕਮ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਦੇ ਐਮਪੀਪੀਜ਼ ਦੀ ਨੁਮਾਇੰਦਗੀ ਵਾਲੇ ਹਲਕਿਆਂ ਨੂੰ ਦਿੱਤਾ ਗਿਆ ਹੈ। ...ਬਾਕੀ ਪੰਨਾ 6 'ਤੇ

## ਮਾਹਿਰਾਂ ਦੇ ਪੈਨਲ ਵੱਲੋਂ ਕੈਨੇਡਾ ਲਈ ਫਾਰਮਾਕੇਅਰ ਸਿਸਟਮ ਲਿਆਉਣ ਦੀ ਸਿਫਾਰਿਸ਼



ਓਟਵਾ, 13 ਜੂਨ (ਪੋਸਟ ਬਿਊਰੋ) : ਨੈਸ਼ਨਲ ਫਾਰਮਾਕੇਅਰ ਸਿਸਟਮ ਤਿਆਰ ਕਰਨ ਲਈ ਲਿਬਰਲ ਸਰਕਾਰ ਵੱਲੋਂ ਕਾਇਮ ਕੀਤੇ ਗਏ ਮਾਹਿਰਾਂ ਦੇ ਪੈਨਲ ਦੇ ਚੇਅਰ ਦਾ ਕਹਿਣਾ ਹੈ ਕਿ ਹਰੇਕ ਕੈਨੇਡੀਅਨ ਲਈ ਪਬਲਿਕ ਪਲੈਨ ਬਣਾਉਣ ਲਈ ਕੈਨੇਡਾ ਸਰਕਾਰ ਨੂੰ ਨਿੱਕੀਆਂ ਨਿੱਕੀਆਂ ਤਬਦੀਲੀਆਂ ਦੀ ਨਹੀਂ ਸਗੋਂ ਵੱਡੀ ਪੱਧਰ ਉੱਤੇ ਰਲ ਕੇ ਤਬਦੀਲੀ ਲਿਆਉਣ ਦੀ ਲੋੜ ਹੈ। ...ਬਾਕੀ ਪੰਨਾ 6 'ਤੇ

Best Insurance Rates
▪Auto ▪Home ▪Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Axxel Insurance Brokers Ltd.
Address: 1550 South Gateway Rd. Suite 220 Mississauga, ON L4W 5G6

ALLKIND INSURANCE
NOW HIRING !!!
SUPER VISA INSURANCE
VISITOR INSURANCE
•LIFE INSURANCE •MORTGAGE INSURANCE
•CRITICAL ILLNESS INS •DISABILITY INSURANCE
•TRAVEL INS •FUNERAL INSURANCE
•RESP & TFSA & RRSP
SIMRAN SAINI 416.994.7272
www.allkindinsurance.com

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat Broker
Axxel InsuranceBrokers Ltd. 1332 Khalsa Dr, Unit # 11, Mississauga, ON L5S 0A2

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

HELPING YOUR PLAN TODAY......FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovaird Dr. W. Brampton,ON,L6X0T9

INSURANCE
○Home ○Auto
○Business ○Trucking
○R.E.S.P ○Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
Real Estate -Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
4515 Ebenezer Rd, Suite 211, Brampton, Ontario L6P2K7
Aman Sharma Open Saturday
Providing excellent quality legal services to our clients

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

ਕੀ ਤੁਸੀ ਕਾਕਰੋਚ, ਚੂੱਹੇ, ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋ ਤੇ ਬੈਡ ਬੱਗਾਂ ਨੇ ਤੁਹਾਡੀ ਰਾਤਾਂ ਦੀ ਨਿੰਦ੍ਹ ਖਰਾਬ ਕੀਤੀ ਹੋਈ ਹੈ?
ਟਰੀਟਮੈਂਟ ਕਰਵਾਈ ਸੀ ਪਰ ਬਣੀ ਨੀ ਗੱਲ? ਤਾਂ ਘਬਰਾਉ ਨਾ ਟਰਾਂਟੋ ਪੈਸਟ ਅਰੈਸਟ ਵਾਲੇ ਕਰਨਗੇ ਪੱਕਾ ਹਲ !
Toronto Pest Arrest
Pest Control Services
Residential /Commercial/Industrial
ਕਾਲ ਕਰੋ: 647-515-8000
ਘੱਟ ਕੀਮਤ ਦੀ ਨਹੀ, ਪਰ ਸਿੱਕੇ ਬੰਦ ਕੰਮ ਦੀ ਗਰੰਟੀ ਹੈ
*Insured & Licensed

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100 Unit #20 - 7015 Tranmere Drive Mississauga, ON L5S 1T7

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
• Custom Kitchen Cabinets • Completly Furnished
• Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

•Super Visa Insurance
•Visitor Visa Insurance
•Travel Insurance
•Student Insurance
•New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

INTERMODAL DIVISION OF EVCRO INC
WANTED!
OWNER OPERATORS
• Payment Weekly
• Direct Deposit
• Safety Bonus Program
• Fuel surcharge paid
• Container division paid per mile (additional paid on train units).
Qualifications: Minimum 2 years experience, Minimum 21 years of age with a clean abstract & CVOR.
New rates!!!!
Call Matt, or Wayne at 1-800-265-8526

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre 25
Avon Financial Inc. Advice you can bank on. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਕੀ ਤੁਸੀ ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋ?
MICE, COCKROACH, BEDBUG & ALL COMMON BUGS
All Pest Control
AFFORDABLE & RELIABLE
100% Customer Satisfaction
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator 647.990.3205

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL (Government Approved Licensed Technician)
416 938 4598

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

JEYA TRANSPORT LTD.

LOOKING FOR LONG/SHORT HAULS

A/Z DRIVERS FOR USA/LOCAL CANADA/TORONTO-MONTREAL

- Jeya Transport ਵਾਲਿਆਂ ਨੂੰ US/CANADA ਲਈ A/Z ਡਰਾਈਵਰਾਂ ਦੀ ਲੋੜ
- Texas ਅਤੇ Midwest ਦੇ ਡੈਡੀਕੇਟਡ ਰਨ
- 2016-18 ਦੇ Automatic ਅਤੇ Manual Cascadia ਦੇ ਟਰੱਕ
- ਚੰਗੀ ਜੌਬ ਅਤੇ ਵਧੀਆ ਤਨਖਾਹ, ਵਧੀਆ ਮਾਈਲਜ਼ ਪਿਕਅਪ ਅਤੇ ਡਰਾਪ ਇੱਕੋ ਥਾਂ ਤੇ

- Looking For dedicated A/Z Drivers For USA/Local Canada/ Toronto - Montreal
- Every Pick up and Drop off is in the same place
- Good Job, Per Mile 0.55 Cents and Up
- New Trucks And Trailers 2016-2018

ALSO HIRING OWNER OPERATORS




202-2386 Haines Rd., Mississauga ON.

416-832-7131 / 905-564-8851

202-2386 Haines Rd., Mississauga, ON

www.jeyatransport.com
Email: ramesh@jeyatransport.com

TCMPLUS

10 YEARS' FAMOUS TRADITIONAL CHINESE MEDICINE CLINIC

Herbal and Acupuncture.
Treat your roots, Real Result "NO FAKE".

WE TREAT:

- Diabetes
- Low Energy
- Depression
- Anxiety
- Gout
- Disc Pain
- Prostatitis
- High Blood Pressure
- Cron's Disease
- Colitis
- Stress
- Acid Reflux
- Digestive
- Sleep Disorder

1st Month Discount

FREE CONSULTATION: 905-415-6999
30 Wertheim court, Unit 11, Richmond Hill

APEX CONCRETE & LANDSCAPE RESIDENTIAL & COMMERCIAL

Add Value to your Home by Offering Beautiful High Quality Landscaping and Concrete Work at an Affordable Prize

FREE ESTIMATE
Limited Life Time Warranty

- STAMP CONCRETE
- PLAIN CONCRETE
- STEPS
- INTERLOCK
- LAND SCAPE
- SODING
- DRIVEWAY
- SIDEWALK
- PATIO

647-575-6102
Email: apexconstruc16@gmail.com

Laddi

SASH FLEET HOLDING LTD Established since 2007

NOW HIRING!!!
AZ DRIVERS FOR US

- 3 or more years' experience
- Good pay 6,000 to 7,000/month.
- Pay Bi-weekly.
- No waiting for freight.
- Direct customers
- Good new Equipment

HIRING!!! Operations Manager

- Pay as per the experience plus benefits after 3 month.
- Must have (4) or more years' experience working with freight brokers in the freight business or Sound links or network for Canadian & US freight.

Send all resume to recuit@sashts.com

Data everywhere.
No surprise charges anywhere.

NEW

NATION-WIDE. NO ZONES.
TALK, TEXT & DATA PLANS
$35/MO.

chatr™ AUTHORIZED DEALER

379 Main St. North, Brampton, ON
905-451-0379

2456 Lake shore Blvd W., Etobicoke, ON

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

## ਅੱਜ ਨਾਮਾ

ਜਿੱਤਦੇ ਸਾਰ ਸਰਕਾਰ ਸਰਗਰਮ ਹੋ ਗਈ,
ਤਿੰਨ ਤਲਾਕ ਦਾ ਮੁੱਦਾ ਲਿਆ ਚੁੱਕ ਮੀਆਂ।
ਲੋਕ ਸਭਾ ਵਿੱਚ ਕੀਤਾ ਉਹ ਪਾਸ ਪਹਿਲਾਂ,
ਰਾਜ ਸਭਾ ਵਿੱਚ ਗਿਆ ਫਿਰ ਰੁਕ ਮੀਆਂ।
ਬਾਅਦ ਚੋਣਾਂ ਦੇ ਸਭਾ ਨਹੀਂ ਰਹੀ ਪਹਿਲੀ,
ਪਿਛਲਾ ਬਿੱਲ ਵੀ ਗਿਆ ਉਹ ਮੁੱਕ ਮੀਆਂ।
ਅੱਗੋਂ ਲੱਗਦੀ ਰੁਕਾਵਟ ਨਾ ਕੋਈ ਆਉਂਦੀ,
ਬਣ ਗਿਆ ਭਾਜਪਾ ਦਾ ਜਿੱਦਾਂ ਠੁੱਕ ਮੀਆਂ।
ਵਧਦੀ ਜਾਂਦੀ ਮਹਿੰਗਾਈ ਨਹੀਂ ਰੁਕੇ ਭਾਵੇਂ
ਚਿੰਤਾ ਬਹੁਤ ਨਹੀਂ ਕਰਨ ਦੀ ਲੋੜ ਮੀਆਂ।
ਲੱਗ ਗਿਆ ਪਾਰ ਜਦ ਬਿੱਲ ਤਲਾਕ ਵਾਲਾ,
ਕੱਟਿਆ ਜਾਣਾ ਈ ਪਹੁੰਚ ਦਾ ਮੋੜ ਮੀਆਂ।

ਤੀਸ ਮਾਰ ਖਾਂ

# ਕੈਨਸਿਖ ਕਲਚਰਲ ਸੈਂਟਰ ਵੱਲੋਂ ਸਲਾਨਾ ਟੂਰਨਾਮੈਂਟ 13-14 ਜੁਲਾਈ ਨੂੰ

### * ਮੇਲਾ ਬਾਬਿਆਂ ਦਾ ਹੋਵੇਗਾ ਖਿੱਚ ਦਾ ਕੇਂਦਰ

ਮਿਸੀਸਾਗਾ, 13 ਜੂਨ (ਪੋਸਟ ਬਿਊਰੋ)- ਕੈਨਸਿਖ ਕਲਚਰਲ ਸੈਂਟਰ ਵਲੋਂ ਅਪਾਣਾ ਸਲਾਨਾ ਟੂਰਨਾਮੈਂਟ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਵਾਈਲਡਵੁਡ ਪਾਰਕ ਵਿਖੇ ਜੁਲਾਈ ਮਹੀਨੇ ਦੇ ਦੂਜੇ ਵੀਕੈਂਡ 13 ਤੇ 14 ਜੁਲਾਈ ਨੂੰ ਕਰਵਾਇਆ ਜਾ ਰਿਹਾ ਹੈ। ਇਸ ਟੂਰਨਾਮੈਂਟ ਵਿਚ ਫੁਟਬਾਲ, ਵਾਲੀਬਾਲ, ਬਾਸਕਿਟਬਾਲ, ਰੱਸਾਕਸੀ, ਅਥਲੈਟਿਕਸ ਤੇ ਭਾਰ ਚੁੱਕਣ ਦੇ ਮੁਕਾਬਲੇ ਹੋਣਗੇ। ਦੋ ਰੋਜ਼ਾ ਟੂਰਨਾਮੈਂਟ ਐਤਵਾਰ ਸ਼ਾਮ ਨੂੰ ਬਾਬਿਆਂ ਦੇ ਮੇਲੇ ਨਾਲ ਸਮਾਪਤ ਹੋਵੇਗਾ। ਬਾਬਿਆਂ ਦੇ ਇਸ ਮੇਲੇ ਵਿਚ ਵੱਖ-ਵੱਖ ਸੀਨੀਅਰ ਕਲੱਬਾਂ ਅਤੇ 60 ਸਾਲ ਤੋਂ ਵੱਧ ਉਮਰ ਦੇ ਨੌਜਵਾਨਾਂ ਨੂੰ ਕਵਿਤਾ, ਗੀਤ, ਕਿੱਸਾ ਅਤੇ ਚੁਟਕਲੇ ਆਦਿ ਸੁਣਾਉਣ ਦਾ ਮੌਕਾ ਦਿੱਤਾ ਜਾਵੇਗਾ ਅਤੇ ਇਨ੍ਹਾਂ ਮੁਕਾਬਲਿਆਂ ਵਿਚ ਜਿੱਤਣ ਵਾਲਿਆਂ ਨੂੰ ਵਧੀਆ ਇਨਾਮ ਵੀ ਦਿੱਤੇ ਜਾਣਗੇ। ਇਹ ਸਭ ਕੁੱਝ ਇਕ ਤਰਤੀਬੱਧ ਢੰਗ ਨਾਲ ਕੀਤਾ ਜਾਵੇਗਾ। ਵਧੀਆ ਪੰਜਾਬੀ ਪਹਿਰਾਵੇ ਵਾਲਾ ਬਜੁਰਗ ਤੇ ਵਧੀਆ ਵੈਸਟਰਨ ਪਹਿਰਾਵੇ ਵਾਲੇ ਬਜੁਰਗ ਨੂੰ ਵੀ ਇਨਾਮ ਦਿੱਤੇ ਜਾਣਗੇ। ਇਸੇ ਤਰ੍ਹਾਂ ਹੀ ਇਕ ਸੀਨੀਅਰ ਕਲੱਬ ਆਫ ਦਾ ਈਅਰ ਕੱਢੀ ਜਾਵੇਗੀ। ਇਨ੍ਹਾਂ ਤੋ ਇਲਾਵਾ ਗੀਤ-ਸੰਗੀਤ ਦਾ ਵੀ ਪੂਰਾ ਪ੍ਰਬੰਧ ਹੋਵੇਗਾ। ਇਸ ਟੂਰਨਾਮੈਂਟ ਦੀ ਹੋਰ ਜਾਣਕਾਰੀ ਲਈ ਸ਼ੇਰਦਲਜੀਤ ਸਿੰਘ ਢਿੱਲੋਂ ਨੂੰ 416-716-2568 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

50 ਸਾਲ ਤੋਂ ਵੱਧ ਉਮਰ ਦੇ ਨੌਜਵਾਨਾਂ ਦੇ ਕਬੱਡੀ ਦਾ ਹੋਵੇਗਾ ਸ਼ੋਅ ਮੈਚ:
ਜਿਸ ਤਰ੍ਹਾਂ ਫੈਡਰੇਸ਼ਨ ਵਲੋਂ ਇਸ ਸਾਲ ਕਬੱਡੀ ਨੂੰ ਫਰੀਜ਼ ਕਰ ਦਿੱਤਾ ਗਿਆ ਹੈ। ਪਰ ਇਸ ਟੂਰਨਾਮੈਂਟ ਵਿਚ 50 ਸਾਲ ਤੋਂ ਵੱਧ ਉਮਰ ਦੇ ਨੌਜਵਾਨਾਂ ਦਾ ਇਕ ਸ਼ੋਅ ਮੈਚ ਕਰਵਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਵਿਚ ਪੁਰਾਣੇ ਖਿਡਾਰੀਆਂ ਨੂੰ ਭਾਗ ਲੈਣ ਲਈ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ। ਇਸ ਸ਼ੋਅ ਮੈਚ ਲਈ ਦੋ ਟੀਮਾਂ ਬਣਾਈਆਂ ਜਾਣਗੀਆਂ। ਇਕ ਟੀਮ ਗੁਰਮੀਤ ਕਾਹਟੋ ਵਲੋਂ ਅਤੇ ਇਕ ਟੀਮ ਤੋਚੀ ਸੰਘਾ ਵਲੋਂ ਤਿਆਰ ਕੀਤੀ ਜਾਵੇਗੀ। ਇਸ ਸ਼ੋਅ ਮੈਚ ਵਿਚ ਦਿਲਚਸਪੀ ਰੱਖਣ ਵਾਲੇ ਖਿਡਾਰੀ ਗੁਰਮੀਤ ਕਾਹਟੋ ਨਾਲ 416-617-6390 ਅਤੇ ਤੋਚੀ ਸੰਘਾ ਨਾਲ 416-454-3031 ਨੰਬਰਾਂ ਉਤੇ ਸੰਪਰਕ ਕਰਕੇ ਟੀਮ ਦਾ ਹਿੱਸਾ ਬਣ ਸਕਦੇ ਹਨ।

# ਟਰਾਲੇ ਦੀ ਟੱਕਰ ਨਾਲ ਬਾਈਕ ਸਵਾਰ ਨੌਜਵਾਨ, ਉਸ ਦੀ ਭੈਣ ਤੇ ਭਾਣਜੀ ਦੀ ਮੌਤ

ਫਤਿਹਾਬਾਦ, 13 ਜੂਨ (ਪੋਸਟ ਬਿਊਰੋ)- ਗੱਡੀ ਨੂੰ ਓਵਰਟੇਕ ਕਰਦੇ ਹੋਏ ਟਰਾਲੇ ਨੇ ਸਾਹਮਣੇ ਤੋਂ ਆ ਰਹੀ ਬਾਈਕ ਨੂੰ ਟੱਕਰ ਮਾਰ ਦਿੱਤੀ। ਹਾਦਸੇ ਵਿੱਚ ਬਾਈਕ ਸਵਾਰ ਨੌਜਵਾਨ, ਉਸ ਦੀ ਭੈਣ ਤੇ ਤਿੰਨ ਸਾਲ ਦੀ ਭਾਣਜੀ ਦੀ ਮੌਤ ਹੋ ਗਈ। ਮ੍ਰਿਤਕ ਨੌਜਵਾਨ ਮਹਿੰਦਰ ਸਿੰਘ (31) ਪੰਜਾਬ ਦੇ ਕਰੰਡੀ ਦਾ ਰਹਿਣ ਵਾਲਾ ਸੀ। ਉਸ ਦੀ ਭੈਣ ਨਿਰਮਲਾ ਦੇਵੀ (35) ਦਾ ਵਿਆਹ ਫਤਿਹਾਬਾਦ ਦੇ ਭੂਨਾ ਖੇਤਰ ਦੇ ਪਿੰਡ ਚੌਬਾਰਾ ਵਿੱਚ ਹੋਇਆ ਸੀ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

# ਐੱਸ ਸੀ ਓ ਸੰਮੇਲਨ

# ਇੱਕੋ ਸਮਾਗਮ ਹਾਲ ਵਿੱਚ ਨਰਿੰਦਰ ਮੋਦੀ ਤੇ ਇਮਰਾਨ ਖਾਨ, ਨਾ ਮਿਲੇ ਹੱਥ, ਨਾ ਅੱਖ ਮਿਲੀ



ਬਿਸ਼ਕੇਕ (ਕਿਰਗਿਜ਼ਸਤਾਨ), 13 ਜੂਨ, (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਐੱਸ ਸੀ ਓ ਸੰਮੇਲਨ ਵਿੱਚਸ਼ਾਮਲ ਹੋਣ ਲਈ ਕਿਰਗਿਜ਼ਸਤਾਨ ਦੀ ਰਾਜਧਾਨੀ ਬਿਸ਼ਕੇਕ ਪਹੁੰਚੇ ਤਾਂ ਓਥੇ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖਾਨ ਵੀ ਓਸੇ ਸਮਾਗਮ ਵਿੱਚ ਸ਼ਾਮਲ ਹੋਣ ਲਈਆਏ ਹੋਏ ਹਨ, ਪਰ ਓਥੇ ਵੀਪ੍ਰਧਾਨ ਮੰਤਰੀਨਰਿੰਦਰ ਮੋਦੀ ਅਤੇ ਇਮਰਾਨ ਖਾਨ ਵਿਚਾਲੇ ਕਿਸੇ ਤਰ੍ਹਾਂ ਦੇ ਸੰਪਰਕ ਵਰਗੀ ਕੋਈ ਗੱਲਨਹੀਂ ਹੋਈ। ਸਾਂਝੇ ਡਿਨਰ ਦੌਰਾਨ ਵੀ ਦੋਵਾਂ ਨੇਤਾਵਾਂ ਨੇ ਲਗਭਗ ਇੱਕੋ ਵੇਲੇ ਐਂਟਰੀ ਕੀਤੀ, ਪਰ ਨਰਿੰਦਰ ਮੋਦੀ ਅਤੇ ਇਮਰਾਨ ਖਾਨ ਨੇ ਨਾ ਹੱਥ ਮਿਲਾਇਆ ਅਤੇ ਨਾ ਅੱਖਾਂ। ਪਤਾ ਲੱਗਾ ਹੈ ਕਿ ਇਸ ਸੰਮੇਲਨ ਤੋਂ ਬਾਅਦ ਵੀ ਦੋਵਾਂ ਵਿਚਾਲੇ ਕੋਈ ਗੱਲਬਾਤ ਨਹੀਂ ਹੋਵੇਗੀ।

ਵਰਨਣ ਯੋਗ ਹੈ ਕਿ ਅੱਜ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਉਥੇ ਆਏ ਸਾਰੇ ਦੇਸ਼ਾਂ ਦੇ ਮੁਖੀਆਂ ਨਾਲ ਬੈਠਕਾਂਦਾ ਦੌਰ ਸ਼ੁਰੂ ਕੀਤਾ, ਪਰ ਇਮਰਾਨ ਖਾਨ ਨੂੰ ਨਹੀਂ ਮਿਲੇ। ਆਪੋ ਵਿੱਚ ਗਵਾਂਢੀ ਦੇਸ਼ਾਂ ਦੇ ਇਹ ਦੋਵੇਂ ਨੇਤਾ ਲੱਗਭਗ ਇਕੋ ਵੇਲੇ ਹਾਲ ਵਿੱਚ ਦਾਖਲ ਹੋਏ ਤਾਂਪ੍ਰਧਾਨ ਮੰਤਰੀ ਮੋਦੀ ਕੁਝ ਕਦਮ ਇਮ-ਰਾਨ ਖਾਨ ਦੇ ਅੱਗੇ-ਅੱਗੇ ਜਾਂਦੇ ਸਨ, ਪਰ ਦੋਵਾਂਦੀ ਨਾ ਕੋਈ ਗੱਲ ਹੋਈ, ਨਾ ਹੱਥ ਮਿਲੇ ਤੇ ਨਾਅੱਖਾਂਮਿਲੀਆਂ। ਫਿਰ ਹਾਲ ਵਿੱਚਵੀ ਪ੍ਰਧਾਨ ਮੰਤਰੀ ਮੋਦੀ ਤੇ ਇਮਰਾਨ ਖਾਨ ਆਪੋ ਵਿੱਚ ਸਿਰਫ 4 ਸੀਟਾਂ ਦੂਰ ਸਨ। ਗਾਲਾ ਕਲਚਰਲ ਨਾਈਟ ਪ੍ਰੋਗਰਾਮ ਵਿੱਚ ਵੀ ਦੋਵੇਂ ਇਕ-ਦੂਜੇ ਦੇ ਨੇੜੇ-ਤੇੜੇ ਹੀ ਰਹੇ, ਪਰ ਦੋਹਾਂਦੀ ਆਪਸ ਵਿੱਚ ਕੋਈ ਗੱਲਨਹੀਂ ਹੋਈ। ਜੰਮੂ-ਕਸ਼ਮੀਰ ਰਾਜ ਦੇ ਪੁਲਵਾਮਾ ਵਿੱਚ ਹੋਏ ਵੱਡੇ ਅੱਤਵਾਦੀ ਹਮਲੇ ਤੇ ਬਾਲਾਕੋਟ ਏਅਰਸਟ੍ਰਾਈਕ ਤੋਂ ਬਾਅਦ ਭਾਰਤ ਤੇ ਪਾਕਿਸਤਾਨ ਦੇ ਰਿਸ਼ਤੇ ਬਹੁਤਖਰਾਬ ਹਨ। ਉਂਜ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮ-ਰਾਨ ਖਾਨ ਵੱਲੋਂ ਭਾਰਤ ਦੇਪ੍ਰਧਾਨ ਮੰਤਰੀ ਮੋਦੀ ਨਾਲ ਗੱਲਬਾਤ ਕਰਨ ਦੀ ਪੇਸ਼ਕਸ਼ ਕਈ ਵਾਰ ਹੋਈ ਹੈ, ਪਰ ਭਾਰਤ ਦਾ ਸਾਫ ਸਟੈਂਡ ਰਿਹਾ ਹੈ ਕਿ ਜਦੋਂ ਤੱਕ ਸਰਹੱਦ ਪਾਰੋਂ ਅੱਤਵਾਦ ਉੱਤੇ ਲਗਾਮ ਨਹੀਂ ਲਾਈ ਜਾਂਦੀ, ਦੋਹਾਂ ਦੇਸ਼ਾਂ ਵਿਚਾਲੇ ਗੱਲਬਾਤ ਨਹੀਂ ਹੋਵੇਗੀ।

ਇਹੋ ਗੱਲ ਅੱਜ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਰਗਿਜ਼ਸਤਾਨ ਦੀ ਰਾਜਧਾਨੀ ਬਿਸ਼ਕੇਕ ਵਿੱਚ ਸਾਫ ਸ਼ਬਦਾਂ ਵਿੱਚ ਕਹੀ ਹੈ। ਸ਼ੰਘਾਈ ਸਹਿਯੋਗ ਸੰਗਠਨ (ਐੱਸ ਸੀ ਓ) ਦੀ ਅੱਜ ਏਥੇ ਸ਼ੁਰੂ ਹੋਈ ਦੋ ਦਿਨਾ ਬੈਠਕ ਦੇ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨਾਲ ਗੱਲਬਾਤ ਵਿੱਚ ਦੋ-ਟੁੱਕ ਕਿਹਾ ਹੈ ਕਿ ਪਾਕਿਸਤਾਨ ਜਦੋਂ ਤੱਕ ਅੱਤਵਾਦ ਤੋਂ ਮੁਕਤ ਵਾਤਾਵਰਣ ਪੇਸ਼ਨਹੀਂਕਰਦਾ, ਉਸ ਨਾਲ ਗੱਲਨਹੀਂ ਹੋਣੀ। ਭਾਰਤ ਦੇ ਵਿਦੇਸ਼ ਸੈਕਟਰੀ ਵਿਜੇ ਗੋਖਲੇ ਨੇ ਇਸ ਬਾਰੇ ਮੀਡੀਆ ਨੂੰ ਦੱਸਿਆ ਕਿ ਮੋਦੀ ਅਤੇ ਜਿਨਪਿੰਗ ਦੀ ਦੋਪਾਸੜ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਦੇ ਨਾਲ ਪਾਕਿਸਤਾਨ ਬਾਰੇ ਵੀ ਗੱਲ ਹੋਈ ਹੈ। ਮੋਦੀ ਨੇ ਜਿਨਪਿੰਗ ਨਾਲ ਚਰਚਾ ਵੇਲੇ ਕਿਹਾ ਕਿ ਪਾਕਿਸਤਾਨ ਨਾਲ ਕਈ ਵਾਰ ਗੱਲਬਾਤ ਦੀ ਕੋਸ਼ਿਸ਼ ਕੀਤੀ ਗਈ ਹੈ, ਪਰ ਸਾਡੇ ਯਤਨਾਂ ਦਾ ਕੋਈ ਲਾਭ ਨਹੀਂ ਹੋਇਆ। ਅਸੀਂਆਸ ਕਰਦੇ ਹਾਂ ਕਿ ਪਾਕਿਸਤਾਨ ਇਸ ਬਾਰੇ ਠੋਸ ਕਾਰਵਾਈ ਕਰੇਗਾ।

ਚੀਨ ਦੇ ਮੁਖੀ ਜਿਨਪਿੰਗ ਨਾਲ ਇਸ ਗੱਲਬਾਤ ਸਮੇਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਲ ਭਾਰਤ ਸਰਕਾਰ ਦੇ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਭਾਲ ਵੀ ਸਨ। ਚੀਨੀ ਰਾਸ਼ਟਰਪਤੀ ਨਾਲ ਵਫਦ ਪੱਧਰ ਦੀ ਗੱਲਬਾਤ ਦੇ ਬਾਅਦ ਨਰਿੰਦਰ ਮੋਦੀ ਨੇ ਟਵੀਟ ਕੀਤਾ ਹੈ ਕਿ ਰਾਸ਼ਟਰਪਤੀ ਸ਼ੀ ਜਿਨਪਿੰਗ ਦੇ ਨਾਲ ਬੜੀ ਲਾਹੇਵੰਦ ਬੈਠਕ ਹੋਈ ਹੈ, ਜਿਸਵਿੱਚ ਭਾਰਤ-ਚੀਨ ਸਬੰਧਾਂ ਬਾਰੇ ਵਿਸਥਾਰ ਨਾਲ ਚਰਚਾ ਹੋਈ। ਅਸੀਂ ਆਪਣੇ ਆਰਥਿਕ ਤੇ ਸੱਭਿਆਚਾਰਕ ਸਬੰਧਾਂ ਨੂੰ ਸੁਧਾਰਨ ਲਈ ਮਿਲ ਕੇ ਕੰਮ ਕਰਦੇ ਰਹਾਂਗੇ। ਬੈਠਕ ਦੇ ਸ਼ੁਰੂ ਹੋਣ ਸਮੇਂ ਚੀਨੀ ਰਾਸ਼ਟਰਪਤੀ ਜਿਨਪਿੰਗ ਨੇ ਨਰਿੰਦਰ ਮੋਦੀ ਨੂੰ ਫਿਰ ਪ੍ਰਧਾਨ ਮੰਤਰੀ ਬਣਨ ਦੀ ਵਧਾਈ ਦਿੱਤੀ। ਵਿਦੇਸ਼ ਸੈਕਟਰੀ ਗੋਖਲੇ ਨੇ ਦੱਸਿਆ ਕਿ ਨਰਿੰਦਰ ਮੋਦੀ ਨੇ ਇਸ ਸੰਮੇਲਨ ਤੋਂ ਪਹਿਲਾਂ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨਾਲ ਵੀ ਬੈਠਕ ਕੀਤੀ ਅਤੇ ਦੋਵਾਂ ਆਗੂਆਂ ਨੇ ਦੋਪਾਸੜ ਰਣਨੀਤਕ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਲਈ ਸਮੀਖਿਆ ਕੀਤੀ ਹੈ।

ਖਾਸ ਗੱਲ ਇਹ ਕਿ ਬਿਸ਼ਕੇਕ ਦੇ ਇਸ ਸੰਮੇਲ ਵਿੱਚ ਜਾਣ ਲੈਣ ਲਈ ਮੋਦੀ ਪਾਕਿ-ਸਤਾਨ ਦੇ ਰਸਤੇ ਨਹੀਂ ਗਏ ਤੇ ਲੰਮਾ ਗੇੜਾ ਕੱਢ ਕੇ ਓਮਾਨ ਵਲੋਂ ਹੁੰਦੇ ਹੋਏ ਬਿਸ਼ਕੇਕ ਪਹੁੰਚੇ ਹਨ।

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
100% Natural Cure & No Side Effect
• ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਬਾਇਪਾਸ ਸਰਜਰੀ ਤੋ ਬਚਾਉ
• ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ
• ਜਿੱਦੀ ਛਾਈਆਂ ਵਰਗੀ ਨਾਮੁਰਾਦ ਬਿਮਾਰੀ ਤੋਂ ਹਮੇਸ਼ਾ ਲਈ ਛੁਟਕਾਰਾ ਪਾਓ। ਸਿਰ ਵਿੱਚ ਸਿਕਰੀ/dandruf ਦਾ ਹੋਣਾ
• Uric Acid ਤੋਂ ਛੁਟਕਾਰਾ
• ਲੇਡੀਜ ਦੀਆਂ ਹਰ ਤਰ੍ਹਾਂ ਦੀਆਂ ਪ੍ਰਾਬਲਮ ਜਿਵੇਂ ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ
• ਕਬਜ ਅਤੇ ਬਵਾਸੀਰ
ਗੱਠੀਆ ਜਿਵੇਂ ਹੱਥਾਂ, ਪੈਰਾਂ ਅਤੇ ਜੋੜਾਂ ਦੀ ਸੋਜ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
ਕਾਲ ਕਰੋ: 647-643-7593

PROPERTIES FOR SALE



5018 Eighth Line (Erin/Georgetown)
Country lot. Detached Bungalow. Close to town. Finished basement. Separate entrance Outbuildings. 3 + 1 bedroom 2 bathrooms



47 Eldomar, Brampton
Detached home. Good area Walking distance to everything Finished Basement.Separate entrance 3 bedrooms 2 bathrooms. Good Parking.
Angela MEYER
Sales Representative
Ipro Realty Ltd. Brokerage
905-691-0672
www.angelameyer.ca
RealEstateToAsk4@gmail.com

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

ukttc
UK TRUCK TRAINING CENTRE
PCC #179958
Registered as a Private Careers College
Forklift $79 Recertification
➡ Automatic & Manual Trucks
○1:1 Training
➡ Forklift Training
Reach Truck
Counterbalance
Air Brake Classes Sat-Sun 8am to 4pm
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲ੍ਹਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

ShergGill Law Firm
Barrister, Solicitor & Notary Public
Services:
• Real Estate
• Residential, Commercial, Franchise
• Criminal Law
• Family Law
• Affidavit, Power Of Attorney & Notarization
• Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

# ਪਾਰਲੀਮੈਂਟ ਸੈਸ਼ਨ ਤੋਂ ਪਹਿਲਾਂ ਸਰਕਾਰ ਨੇ ਸਰਬ ਪਾਰਟੀ ਮੀਟਿੰਗ ਸੱਦ ਲਈ

## * ਲੋਕ ਸਭਾ ਦਾ ਪਹਿਲਾ ਸੈਸ਼ਨ 17 ਜੂਨ ਤੋਂ ਸ਼ੁਰੂ

ਨਵੀਂ ਦਿੱਲੀ, 13 ਜੂਨ, (ਪੋਸਟ ਬਿਊਰੋ)- ਭਾਰਤਦੀਨਵੀਂ ਚੁਣੀ ਲੋਕ ਸਭਾ ਦੇ ਪਹਿਲੇ ਸੈਸ਼ਨਤੋਂ ਇਕ ਦਿਨ ਪਹਿਲਾਂ 16 ਜੂਨ ਨੂੰ ਕੇਂਦਰ ਸਰਕਾਰ ਨੇ ਸਰਬ ਪਾਰਟੀ ਮੀਟਿੰਗ ਸੱਦ ਲਈ ਹੈ। ਸਰਕਾਰ ਇਸ ਸੈਸ਼ਨ ਵਿੱਚਕੁਝ ਮਹੱਤਵਪੂਰਨ ਬਿੱਲਾਂ ਨੂੰ ਪਾਸ ਕਰਵਾਉਣ ਲਈ ਵਿਰੋਧੀ ਪਾਰਟੀਆਂ ਦਾ ਸਹਿਯੋਗ ਮੰਗ ਰਹੀ ਹੈ। ਇਨ੍ਹਾਂ ਬਿੱਲਾਂ ਵਿੱਚ ਤਿੰਨ ਤਲਾਕ ਦੀ ਰਿਵਾਇਤ ਨੂੰ ਰੋਕਣ ਦਾ ਬਿੱਲ ਸ਼ਾਮਲ ਹੈ, ਜਿਸ ਨੂੰ ਕੇਂਦਰੀ ਕੈਬਨਿਟ ਨੇ ਮਨਜ਼ੂਰੀ ਦੇ ਦਿੱਤੀ ਹੈ।

ਪਾਰਲੀਮੈਂਟਰੀ ਮਾਮਲਿਆਂ ਦੇ ਮੰਤਰੀ ਪ੍ਰਹਿਲਾਦ ਜੋਸ਼ੀ ਅਤੇ ਕਈ ਹੋਰ ਮੰਤਰੀਆਂ ਨੇ ਯੂਪੀਏ ਗੱਠਜੋੜ ਦੀ ਮੁਖੀ ਸੋਨੀਆ ਗਾਂਧੀ ਤੇ ਕਾਂਗਰਸ ਆਗੂ ਗੁਲਾਮ ਨਬੀ ਆਜ਼ਾਦ ਅਤੇ ਵਿਰੋਧੀ ਪਾਰਟੀਆਂ ਦੇ ਆਗੂਆਂ ਨਾਲ ਮਿਲਕੇ ਪਾਰਲੀਮੈਂਟ ਨੂੰ ਸੁਖਾਵਾਂ ਚਲਾਉਣ ਲਈ ਸਹਿਯੋਗ ਮੰਗਿਆ ਹੈ। ਭਾਜਪਾ ਦੀ ਅਗਵਾਈ ਵਾਲੇ ਐੱਨ ਡੀਏ ਗੱਠਜੋੜ ਕੋਲ 545 ਸੀਟਾਂ ਵਾਲੀ ਲੋਕ ਸਭਾ ਵਿੱਚ 353 ਮੈਂਬਰ ਹਨ, ਪਰ 245 ਸੀਟਾਂ ਵਾਲੀ ਰਾਜ ਸਭਾ ਵਿੱਚ ਸਿਰਫ਼ 102 ਮੈਂਬਰ ਹਨ।

ਭਾਰਤ ਦੀ ਨਵੀਂ ਚੁਣੀ 17ਵੀਂ ਲੋਕ ਸਭਾ ਦਾ ਪਹਿਲਾ ਸੈਸ਼ਨ 17 ਜੂਨ ਤੋਂ ਸ਼ੁਰੂ ਹੋਣਾ ਹੈ। ਆਰਥਿਕ ਸਰਵੇਖਣ 4 ਜੁਲਾਈ ਅਤੇ ਬਜਟ 5 ਜੁਲਾਈ ਨੂੰ ਪੇਸ਼ ਹੋਵੇਗਾ। 40 ਦਿਨਾਂ ਸੈਸ਼ਨ ਵਿੱਚ ਤੀਹ ਦਿਨ ਕੰਮ ਹੋਵੇਗਾ, ਪਰ ਪਹਿਲੇ ਦੋ ਦਿਨ ਕੇਵਲ ਨਵੇਂ ਚੁਣੇ ਮੈਂਬਰਾਂ ਨੂੰ ਸਹੁੰ ਚੁਕਾਈ ਜਾਵੇਗੀ ਅਤੇ ਲੋਕ ਸਭਾ ਸਪੀਕਰ ਦੀ ਚੋਣ 19 ਜੂਨ ਨੂੰ ਹੋਵੇਗੀ। ਰਾਸ਼ਟਰਪਤੀ ਰਾਮਨਾਥ ਕੋਵਿੰਦ ਪਾਰਲੀਮੈਂਟ ਦੇ ਸਾਂਝੇ ਸੈਸ਼ਨ ਨੂੰ 20 ਜੂਨ ਨੂੰ ਸੰਬੋਧਨ ਕਰਨਗੇ।ਇਸ ਦੌਰਾਨ ਭਾਜਪਾ ਪਾਰਲੀਮੈਂਟਰੀ ਪਾਰਟੀ ਦੀ ਨਵੀਂ ਬਣਾਈ ਗਈ ਕਾਰਜਕਾਰਨੀ 16 ਜੂਨ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਆਪਣੀ ਰਣਨੀਤੀ ਤਿਆਰ ਕਰਨ ਲਈ ਇੱਕ ਮੀਟਿੰਗ ਕਰੇਗੀ। ਪਾਰਲੀਮੈਂਟ ਦਾ ਸੈਸ਼ਨ 26 ਜੁਲਾਈ ਨੂੰ ਸਮਾਪਤ ਹੋਵੇਗਾ।

# ਗ੍ਰਹਿ ਮੰਤਰੀ ਅਮਿਤ ਸ਼ਾਹ ਅਗਲੀਆਂ ਵਿਧਾਨ ਸਭਾ ਚੋਣਾਂ ਹੋਣ ਤਕ ਭਾਜਪਾ ਪ੍ਰਧਾਨ ਬਣੇ ਰਹਿਣਗੇ

ਨਵੀਂ ਦਿੱਲੀ, 13 ਜੂਨ, (ਪੋਸਟ ਬਿਊਰੋ)- ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਸੰਗਠਨ ਚੋਣਾਂ ਤਕ ਭਾਜਪਾ ਦੇ ਪ੍ਰਧਾਨ ਬਣੇ ਰਹਿਣਗੇ। ਪਤਾ ਲੱਗਾ ਹੈ ਕਿ ਛੇ ਮਹੀਨੇ ਅੰਦਰ ਭਾਜਪਾ ਸੰਗਠਨ ਦੀਆਂ ਅੰਦਰੂਨੀ ਚੋਣਾਂ ਕਰਵਾ ਲਈਆਂ ਜਾਣਗੀਆਂ। ਇਸ ਤੋਂ ਬਾਅਦ ਭਾਜਪਾ ਦੇ ਨਵੇਂ ਪ੍ਰਧਾਨ ਦੀ ਚੋਣ ਹੋਵੇਗੀ।



ਅੱਜ ਏਥੇ ਭਾਰਤੀ ਜਨਤਾ ਪਾਰਟੀ ਦੀ ਬੈਠਕ ਦਾ ਵੇਰਵਾ ਦਿੰਦੇ ਹੋਏ ਭਾਜਪਾ ਆਗੂ ਭੁਪਿੰਦਰ ਯਾਦਵ ਨੇ ਦੱਸਿਆ ਕਿ ਅਮਿਤ ਸ਼ਾਹ ਨੇ ਦੁਹਰਾਇਆ ਹੈ ਕਿ ਪਾਰਟੀ ਜਿਨ੍ਹਾਂ ਖੇਤਰਾਂ ਵਿਚ ਅਜੇ ਨਹੀਂ ਗਈ,ਓਥੇ ਵੀ ਜਲਦੀ ਪਹੁੰਚ ਜਾਵੇਗੀ। ਉਨ੍ਹਾਂ ਕਿਹਾ ਕਿ ਮਹਾਂਰਾਸ਼ਟਰ, ਝਾਰਖੰਡ ਤੇ ਹਰਿਆਣਾ ਵਿਧਾਨ ਸਭਾ ਚੋਣਾਂ ਭਾਜਪਾ ਅਮਿਤ ਸ਼ਾਹ ਦੀ ਪ੍ਰਧਾਨਗੀ ਹੇਠ ਹੀ ਭਾਜਪਾ ਲੜੇਗੀ। ਵਰਨਣ ਯੋਗ ਹੈ ਕਿ ਪਿਛਲੇ ਮਹੀਨੇ ਲੋਕ ਸਭਾ ਚੋਣਾਂ ਵਿਚ ਭਾਜਪਾ ਨੇ ਸ਼ਾਨਦਾਰ ਜਿੱਤ ਹਾਸਲ ਕਰ ਕੇ 300 ਤੋਂ ਵੱਧ ਸੀਟਾਂ ਲਈਆਂ ਸਨ। ਇਸ ਦਾ ਸਿਹਰਾ ਪਾਰਟੀ ਪ੍ਰਧਾਨ ਅਮਿਤ ਸ਼ਾਹ ਦੀ ਰਣਨੀਤੀ ਅਤੇ ਯੋਜਨਾਬੰਦੀ ਨੂੰ ਦਿੱਤਾ ਗਿਆ ਹੈ।ਅਮਿਤ ਸ਼ਾਹ ਦੇ ਕੈਬਨਿਟ ਮੰਤਰੀ ਬਣਨਪਿੱਛੋਂ ਭਾਜਪਾ ਦੇ ਨਵੇਂ ਪ੍ਰਧਾਨ ਦੀ ਚਰਚਾ ਸ਼ੁਰੂ ਹੋ ਚੁੱਕੀ ਹੈ ਤੇ ਕਿਹਾ ਜਾ ਰਿਹਾ ਹੈ ਕਿ ਗ੍ਰਹਿ ਮੰਤਰਾਲਾ ਮਿਲਣ ਪਿੱਛੋਂ ਉਨ੍ਹਾਂ ਲਈ ਦੋ ਜ਼ਿੰਮੇਵਾਰੀਆਂ ਸਾਂਭਣਾ ਔਖਾ ਹੋਵੇਗਾ। ਉਂਜ ਭਾਜਪਾ ਪ੍ਰਧਾਨ ਵਜੋਂ ਅਮਿਤ ਸ਼ਾਹ ਦਾ ਤਿੰਨ ਸਾਲਾ ਸਮਾਂ ਇਸ ਸਾਲ ਦੇ ਸ਼ੁਰੂ ਵਿਚ ਖ਼ਤਮ ਹੋ ਗਿਆ ਸੀ, ਪਰ ਪਾਰਟੀ ਨੇ ਉਨ੍ਹਾਂ ਨੂੰ ਆਹੁਦੇ ਉੱਤੇ ਰਹਿਣ ਨੂੰ ਕਿਹਾ ਸੀ। ਭਾਜਪਾ ਦੇ ਸੰਵਿਧਾਨ ਮੁਤਾਬਕ ਪਾਰਟੀ ਪ੍ਰਧਾਨ ਤਿੰਨ ਹੋਰ ਸਾਲਾਂ ਤਕ ਅਪਣੇ ਅਹੁਦੇ ਉੱਤੇ ਰਹਿ ਸਕਦਾ ਹੈ ਅਤੇ ਇਹ ਸਹੂਲਤ ਅਮਿਤ ਸ਼ਾਹ ਵਰਤ ਸਕਦੇ ਹਨ।

# ਅਸਾਂਜੇ ਦੀ ਹਵਾਲਗੀ ਉੱਤੇ ਬ੍ਰਿਟੇਨ ਸਰਕਾਰ ਨੇ ਪ੍ਰਵਾਨਗੀ ਦਿੱਤੀ

ਲੰਡਨ, 13 ਜੂਨ, (ਪੋਸਟ ਬਿਊਰੋ)- ਵਿਕੀਲੀਕਸ ਵੈੱਬਸਾਈਟ ਦੇ ਮੋਢੀ ਜੂਲੀਅਨ ਅਸਾਂਜੇ ਨੂੰ ਅਮਰੀਕਾ ਨੂੰ ਸੌਂਪਣ ਦੇ ਹੁਕਮਉੱਤੇਬ੍ਰਿਟੇਨ ਦੇ ਗ੍ਰਹਿ ਮੰਤਰੀ ਨੇ ਦਸਖ਼ਤ ਕਰ ਦਿੱਤੇ ਹਨ। ਅਮਰੀਕਾ ਵਿੱਚ ਅਸਾਂਜੇ ਖ਼ਿਲਾਫ਼ ਕੰਪਿਊਟਰ ਹੈਕ ਕਰ ਕੇ ਗੁਪਤ ਦਸਤਾਵੇਜ਼ ਚੋਰੀ ਕਰਨ ਤੇ ਉਨ੍ਹਾਂ ਨੂੰ ਜਨਤਕ ਕਰਨ ਦਾ ਇੱਕ ਕੇਸ ਦਰਜ ਹੈ। ਇਸ ਦੀ ਜਾਂਚ ਦੇ ਸੰਬੰਧ ਵਿੱਚ ਅਮਰੀਕਾ ਨੇ ਅਸਾਂਜੇ ਦੀ ਹਵਾਲਗੀ ਲਈ ਬ੍ਰਿਟਿਸ਼ ਅਦਾਲਤਨੂੰ ਅਰਜ਼ੀ ਦਿੱਤੀ ਸੀ। ਹਵਾਲਗੀ ਦੇ ਇਸ ਹੁਕਮ ਨੂੰ ਅਸਾਂਜੇ ਅੱਗੋਂ ਬ੍ਰਿਟਿਸ਼ ਅਦਾਲਤ ਵਿੱਚ ਚੁਣੌਤੀ ਦੇ ਸਕਦੇ ਹਨ। ਉਹ ਹਾਲ ਦੀ ਘੜੀ ਜ਼ਮਾਨਤ ਦੀਆਂ ਸ਼ਰਤਾਂ ਨੂੰ ਉਲੰਘਣ ਦੇ ਦੋਸ਼ ਹੇਠਬ੍ਰਿਟੇਨ ਵਿੱਚ 50 ਹਫ਼ਤੇ ਦੀ ਕੈਦ ਦੀ ਸਜ਼ਾ ਕੱਟ ਰਹੇ ਹਨ ਅਤੇ ਬਿਮਾਰ ਵੀ ਹਨ।



ਜੂਲੀਅਨ ਅਸਾਂਜੇ ਦੀ ਹਵਾਲਗੀ ਵਾਲੇ ਕੇਸ ਦੀ ਸੁਣਵਾਈ ਇਸ ਸ਼ੁੱਕਰਵਾਰ 14 ਜੂਨ ਨੂੰ ਹੋਣ ਤੋਂ ਪਹਿਲਾਂ ਬ੍ਰਿਟੇਨ ਦੇ ਗ੍ਰਹਿ ਮੰਤਰੀ ਸਾਜਿਦ ਜਾਵੇਦ ਨੇ ਹਵਾਲਗੀ ਦੇ ਹੁਕਮ ਉੱਤੇ ਬੀਤੇ ਬੁੱਧਵਾਰ ਦਸਖ਼ਤ ਕਰ ਦਿੱਤੇ ਸਨ। ਅਦਾਲਤ ਨੇ ਹਵਾਲਗੀ ਦੀ ਅਮਰੀਕੀ ਅਰਜ਼ੀ ਮਨਜ਼ੂਰ ਕੀਤੀ ਤਾਂ ਅਸਾਂਜੇ ਨੂੰ ਖੜੇ ਪੈਰ ਅਮਰੀਕਾ ਨੂੰ ਸੌਂਪਿਆ ਜਾ ਸਕਦਾ ਹੈ। ਸਾਜਿਦ ਜਾਵੇਦ ਨੇ ਕਿਹਾ ਹੈ ਕਿ ਸਾਡੇ ਕੋਲ ਅਮਰੀਕਾ ਵੱਲੋਂ ਹਵਾਲਗੀ ਦੀ ਜਾਇਜ਼ ਅਪੀਲ ਕੀਤੀ ਗਈ ਹੋਣ ਕਾਰਨ ਹਵਾਲਗੀ ਦੇ ਹੁਕਮ ਉੱਤੇ ਦਸਖ਼ਤ ਕਰਨਤੋਂਝਿਜਕਨਹੀਂ ਹੋਈ। ਇਸ ਦੌਰਾਨ ਸਵੀਡਨ ਵਿੱਚ ਦਰਜ ਹੋਏ ਬਲਾਤਕਾਰ ਦੇ ਕੇਸ ਵਿੱਚ ਮਿਲੀ ਜ਼ਮਾਨਤ ਦੀਆਂ ਸ਼ਰਤਾਂ ਦੀ ਉਲੰਘਣਾ ਕਰਨ ਦੇਬਦਲੇ ਅਸਾਂਜੇ ਲੰਡਨ ਜੇਲ੍ਹ ਵਿੱਚ ਹੈ ਤੇ ਬਿਮਾਰ ਵੀ ਹੈ। ਬਿਮਾਰੀ ਕਾਰਨ ਉਹ ਪਿਛਲੀ ਸੁਣਵਾਈਵੇਲੇ ਅਦਾਲਤ ਦੇ ਸਾਹਮਣੇ ਪੇਸ਼ ਨਹੀਂ ਹੋਏ ਸਨ।

### ਪੰਚਾਇਤ ਸੰਮਤੀਆਂ ਤੇ ਜ਼ਿਲਾ ਪ੍ਰੀਸ਼ਦਾਂ ਦੇ ਅਹੁਦੇਦਾਰਾਂ ਲਈ ਚੋਣ 30 ਜੁਲਾਈ ਤੱਕ: ਬਾਜਵਾ

ਚੰਡੀਗੜ੍ਹ, 13 ਜੂਨ (ਪੋਸਟ ਬਿਊਰੋ)- ਪੰਜਾਬ ਦੇ ਪੰਚਾਇਤੀ ਰਾਜ ਅਤੇ ਪੇਂਡੂ ਵਿਕਾਸ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੇ ਦੱਸਿਆ ਹੈ ਕਿ ਰਾਜ ਦੀਆਂ 150 ਪੰਚਾਇਤ ਸੰਮਤੀਆਂ ਤੇ 22 ਜ਼ਿਲਾ ਪ੍ਰੀਸ਼ਦਾਂ ਦੇ ਚੇਅਰਮੈਨਾਂ ਅਤੇ ਵਾਈਸ ਚੇਅਰਮੈਨਾਂ ਦੀ ਚੋਣ 30 ਜੁਲਾਈ ਤੱਕ ਲਾਜ਼ਮੀ ਤੌਰ 'ਤੇ ਕਰਵਾ ਦਿੱਤੀ ਜਾਏਗੀ।

ਵਰਨਣ ਯੋਗ ਹੈ ਕਿ ਪੰਚਾਇਤ ਰਾਜ ਅਦਾਰਿਆਂ ਦੇ ਮੈਂਬਰਾਂ ਦੀ ਚੋਣ ਪਿਛਲੇ ਸਾਲ 19 ਸਤੰਬਰ ਨੂੰ ਕਰਵਾਈ ਗਈ ਸੀ, ਜਿਸ 'ਚ ਕਾਂਗਰਸ ਨੂੰ ਵੱਡੀ ਜਿੱਤ ਹੋਈ ਸੀ, ਪਰ ਕਿਸੇ ਨਾ ਕਿਸੇ ਕਾਰਨ ਇਨ੍ਹਾਂ ਦੇ ਅਹੁਦੇਦਾਰਾਂ ਦੀ ਚੋਣ ਨਹੀਂ ਕਰਵਾਈ ਜਾ ਸਕੀ, ਕਿਉਂਕਿ ਉਦੋਂ ਲੋਕ ਸਭਾ ਦੀਆਂ ਚੋਣਾਂ ਕਰਾਉਣ ਬਾਰੇ ਰਾਜ ਸਰਕਾਰ ਰੁੱਝੀ ਸੀ ਤੇ ਪਿੱਛੋਂ ਲੋਕ ਸਭਾ ਦੀਆਂ ਚੋਣਾਂ ਕਾਰਨ ਚੋਣ ਕਮਿਸ਼ਨ ਨੇ ਚੋਣ ਜ਼ਾਬਤਾ ਲਾਗੂ ਕਰ ਦਿੱਤਾ ਸੀ। ਬਾਜਵਾ ਨੇ ਕਿਹਾ ਕਿ ਚੋਣ ਜ਼ਾਬਤਾ ਖਤਮ ਹੋ ਗਿਆ ਹੈ ਅਤੇ ਅਹੁਦੇਦਾਰਾਂ ਦੀ ਚੋਣ ਦਾ ਰਾਹ ਸਾਫ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਚੋਣ ਪ੍ਰੋਗਰਾਮ ਨੂੰ ਅੰਤਿਮ ਰੂਪ ਦਿੱਤਾ ਜਾ ਰਿਹਾ ਹੈ, ਜਿਸ ਦਾ ਐਲਾਨ ਅਗਲੇ ਕੁਝ ਦਿਨਾਂ ਵਿੱਚ ਕਰ ਦਿੱਤਾ ਜਾਏਗਾ।

# ਆਂਧਰਾ ਵਿੱਚ ਤਿਰੂਪਤੀ ਮੰਦਰ ਦੀ ਚੇਅਰਮੈਨੀ ਸਿਆਸੀ ਖਿੱਚੋਤਾਣ ਦਾ ਮੁੱਦਾ ਬਣੀ

## * ਮੰਦਰ ਟਰੱਸਟ ਦਾ ਪਹਿਲਾ ਪ੍ਰਧਾਨ ਕੁਰਸੀ ਛੱਡਣ ਲਈ ਰਾਜ਼ੀ ਨਹੀਂ

ਹੈਦਰਾਬਾਦ, 13 ਜੂਨ, (ਪੋਸਟ ਬਿਊਰੋ)- ਤਿਰੂਪਤੀ ਦੇ ਭਗਵਾਨ ਵੈਂਕਟੇਸ਼ਵਰ ਮੰਦਰ ਦੇ ਬਿਹਤਰ ਕੰਮਦੇ ਬਹਾਨੇ ਸੱਤਾ ਵਿੱਚ ਨਵੀਂ ਆਈ ਵਾਈ ਐੱਸ ਆਰ ਕਾਂਗਰਸ ਦੀ ਸਰਕਾਰ ਇਸ ਦੇ ਟਰੱਸਟ ਬੋਰਡ ਦੀ ਕਾਰਜਕਾਰਨੀ ਵਿੱਚ ਬਦਲਾਅ ਕਰਨਾ ਚਾਹੁੰਦੀ ਹੈ, ਪਰ ਮੌਜੂਦਾ ਚੇਅਰਮੈਨ ਕੁਰਸੀ ਛੱਡਣ ਨੂੰ ਤਿਆਰ ਨਹੀਂ।

ਵਰਨਣ ਯੋਗ ਹੈ ਕਿ ਆਂਧਰਾ ਪ੍ਰਦੇਸ਼ ਵਿਚ ਪਿਛਲੀ ਤੇਲਗੂ ਦੇਸਮ ਪਾਰਟੀ (ਟੀ ਡੀ ਐੱਸ) ਵਾਲੀ ਸਰਕਾਰ ਵਲੋਂ ਨਿਯੁਕਤ ਕੀਤੇ ਤਿਰੂਮਲਾ ਤਿਰੂਪਤੀ ਦੇਵਾਸਥਾਨਮ ਟਰੱਸਟ (ਟੀ ਟੀ ਡੀ) ਬੋਰਡ ਦੇ ਪ੍ਰਧਾਨ ਸਮੇਤ ਕੁਝ ਮੈਂਬਰਾਂ ਨੂੰ ਜਦੋਂ ਵਾਈ ਐੱਸ ਆਰ ਕਾਂਗਰਸ ਸਰਕਾਰ ਨੇ ਅਸਤੀਫਾ ਦੇਣ ਨੂੰ ਕਿਹਾ ਤਾਂ ਬੋਰਡ ਵਿਚ ਨਵੀਂ ਸਥਿਤੀ ਪੈਦਾ ਹੋ ਗਈ। ਇਸ ਮੌਕੇ ਕਰਨਾਟਕ ਤੋਂ ਸੁਧਾ ਨਾਰਾਇਣ ਮੂਰਤੀ, ਤਾਮਿਲਨਾਡੂ ਤੋਂਆਏ ਵਿਸ਼ੇਸ਼ ਮਹਿਮਾਨ ਐੱਨ. ਸ਼੍ਰੀਕ੍ਰਿਸ਼ਨ ਅਤੇ ਈ. ਪੈਡੀ ਰੈੱਡੀ, ਤੇਲੰਗਾਨਾ ਤੋਂ ਸੈਂਡਰਾ ਵੈਂਕਟ ਵਿਰੱਈਆ ਤੇ ਮਹਾਰਾਸ਼ਟਰ ਤੋਂ ਸਪਨਾ ਮਨਰਾਂਟੀਵਾਰ ਸਮੇਤ ਬੋਰਡ ਦੇ 11 ਮੈਂਬਰਾਂ ਨੇ ਅਸਤੀਫਾ ਦੇ ਦਿੱਤਾ, ਪਰਚੇਅਰਮੈਨ ਸੁਧਾਕਰ ਯਾਦਵ, ਤੇਲਗੂ ਦੇਸਮ ਦੇ ਸਾਬਕਾ ਵਿਧਾਇਕ ਜੀ ਐੱਸ ਸ਼ਿਵਾਜੀ ਅਤੇ ਰਾਮਾ ਕ੍ਰਿਸ਼ਨ ਰੈੱਡੀ ਨੇ ਅਹੁਦਾ ਛੱਡਣ ਤੋਂ ਇਨਕਾਰ ਕਰ ਦਿੱਤਾ ਹੈ।

ਟੀ ਟੀ ਡੀ ਟਰੱਸਟ ਬੋਰਡ ਤਿਰੂਮਲਾ ਦੇ ਭਗਵਾਨ ਵੈਂਕਟੇਸ਼ਵਰ ਮੰਦਰ ਨੂੰ ਚਲਾਉਂਦਾ ਹੈ। ਆਂਧਰਾ ਪ੍ਰਦੇਸ਼ ਵਿੱਚ ਨਵੀਂ ਬਣੀ ਵਾਈ ਐੱਸ ਆਰ ਕਾਂਗਰਸ ਪਾਰਟੀ ਦੀ ਸਰਕਾਰ ਤਿਰੂਮਲਾ ਤਿਰੂਪਤੀ ਦੇਵਸਥਾਨਮ ਟਰੱਸਟ (ਟੀ ਟੀ ਡੀ) ਦੇ ਚੇਅਰਮੈਨ ਸੁਧਾਕਰ ਯਾਦਵ ਨੂੰ ਬਰਖਾਸਤ ਕਰ ਸਕਦੀ ਹੈ। ਪਿਛਲੀ ਸਰਕਾਰ ਦੇ ਨਿਯੁਕਤ ਕੀਤੇ ਗਏਹੋਰ ਮੰਦਰਾਂ ਦੇ ਬੋਰਡਾਂ ਦੇ ਨਾਲਟੀ ਟੀ ਡੀ ਟਰੱਸਟ ਬੋਰਡ ਨੂੰ ਤੋੜਨ ਲਈ ਆਂਧਰਾ ਪ੍ਰਦੇਸ਼ ਸਰਕਾਰ ਇੱਕ ਆਰਡੀਨੈਂਸ ਲਿਆ ਸਕਦੀ ਹੈ। ਸੂਤਰਾਂ ਅਨੁਸਾਰ ਆਂਧਰਾ ਸਰਕਾਰ ਨੇ ਇਸ ਬਾਰੇ ਮੰਦਰ ਪ੍ਰਸ਼ਾਸਨ ਤੋਂ ਰਿਪੋਰਟ ਵੀ ਮੰਗ ਲਈ ਹੈ।

# ਬ੍ਰਿਟੇਨ ਦੇਪ੍ਰਧਾਨ ਮੰਤਰੀ ਦੀ ਚੋਣ ਲਈ ਪਹਿਲੇ ਦੌਰ ਵਿੱਚ ਬੋਰਿਸ ਜੌਨਸਨ ਸਭ ਤੋਂ ਅੱਗੇ ਰਹੇ

## * ਅਗਲੇ ਦੌਰ ਦੀ ਚੋਣ 18 ਨੂੰ ਹੋਵੇਗੀ



ਲੰਡਨ, 13 ਜੂਨ, (ਪੋਸਟ ਬਿਊਰੋ)- ਬ੍ਰਿਟੇਨ ਦੀ ਪ੍ਰਧਾਨ ਮੰਤਰੀ ਥੈਰੇਸਾ ਮੇਅ ਦੀ ਥਾਂ ਨਵਾਂ ਪ੍ਰਧਾਨ ਮੰਤਰੀ ਬਣਨ ਦੀ ਦੌੜ ਵਿੱਚ ਬੋਰਿਸ ਜੌਨਸਨ ਬਾਕੀ ਸਭਤੋਂ ਅੱਗੇ ਨਿਕਲ ਗਏ ਹਨ। ਇਸ ਵੀਰਵਾਰ ਨੂੰ ਪਹਿਲੇ ਗੇੜ ਦੀ ਵੋਟਿੰਗ ਵਿੱਚ ਬੋਰਿਸ ਜੌਨਸਨ ਨੂੰ ਸਭ ਤੋਂ ਵੱਧ 114 ਵੋਟਾਂ ਮਿਲੀਆਂ। ਇਸ ਗੇੜ ਦੌਰਾਨ ਤਿੰਨ ਉਮੀਦਵਾਰ ਬਾਹਰ ਹੋ ਗਏ ਅਤੇਸਿਰਫ ਸੱਤ ਉਮੀਦਵਾਰ ਹੀ ਮੈਦਾਨ ਵਿੱਚਬਾਕੀ ਬਚੇ ਹਨ।

ਦੇਸ਼ ਦੀ ਸਰਕਾਰ ਚਲਾ ਰਹੀ ਕੰਜ਼ਰਵੇਟਿਵ ਪਾਰਟੀ ਦੇ ਲਈ ਅਗਲਾ ਨੇਤਾ ਚੁਣਨ ਵਾਸਤੇ ਪਾਰਟੀ ਦੇ ਕੁਲ 313 ਪਾਰਲੀਮੈਂਟ ਮੈਂਬਰਾਂ ਨੇ ਵੋਟਿੰਗ ਵਿੱਚ ਹਿੱਸਾ ਲਿਆ। ਪਾਰਟੀ ਦਾ ਪ੍ਰਧਾਨ ਬਣਨ ਦਾ ਵਾਲਾ ਆਗੂ ਪ੍ਰਧਾਨ ਮੰਤਰੀ ਦੀ ਕੁਰਸੀ ਉੱਤੇ ਬੈਠਦਾ ਹੈ। ਪਹਿਲੇ ਗੇੜ ਦੇ ਉਮੀਦਵਾਰਾਂ ਵਿੱਚੋਂ ਬੋਰਿਸ ਜੌਨਸਨ ਨੂੰ 114 ਵੋਟਾਂ ਮਿਲੀਆਂ, ਮੌਜੂਦਾ ਵਿਦੇਸ਼ ਮੰਤਰੀ ਜੇਰੇਮੀ ਹੰਟ ਨੂੰ 43, ਵਾਤਾਵਰਣ ਮੰਤਰੀ ਮਾਈਕਲ ਗੋਵ ਨੂੰ 37 ਅਤੇ ਸਾਬਕਾ ਬ੍ਰੈਗਜ਼ਿਟ ਮੰਤਰੀ ਡੋਮਿਨਿਕ ਰੌਬ ਨੂੰ 27 ਵੋਟਾਂ ਮਿਲ ਸਕੀਆਂ ਹਨ। ਹਾਊਸ ਆਫ ਕਾਮਨਸ ਦੀ ਸਾਬਕਾ ਨੇਤਾ ਐਂਡਰੀਆ ਲੀਡਕਸਮ, ਮਾਰਕ ਹਾਰਪਰ ਤੇ ਐਸਟਰ ਮੈਕਵੇ ਬਾਹਰ ਹੋ ਗਏ ਹਨ। ਪਹਿਲੇ ਦੌਰ ਦੀ ਚੋਣ ਜਿੱਤਣ ਪਿੱਛੋਂ ਬੋਰਿਸ ਜੌਨਸਨ ਨੇ ਕਿਹਾ ਕਿ ਕੰਜ਼ਰਵੇਟਿਵ ਪਾਰਟੀਦੇ ਮੇਰੇ ਸਾਥੀਓ, ਤੁਹਾਡਾ ਧੰਨਵਾਦ। ਮੈਂ ਪਹਿਲਾ ਦੌਰ ਜਿੱਤਣ ਉੱਤੇ ਖ਼ੁਸ਼ ਹਾਂ, ਪਰ ਅਜੇ ਲੰਬਾ ਸਫ਼ਰ ਤੈਅ ਕਰਨਾ ਹੈ।

ਪਿਛਲੀ ਥੈਰੇਸਾ ਮੇਅ ਸਰਕਾਰਦੇ ਵਿਦੇਸ਼ ਮੰਤਰੀ ਰਹਿ ਚੁੱਕੇ 54 ਸਾਲਾ ਬੋਰਿਸ ਜੌਨਸਨ ਨੂੰ ਕੰਜ਼ਰਵੇਟਿਵ ਪਾਰਟੀ ਦਾ ਨੇਤਾ ਚੁਣੇ ਜਾਣ ਅਤੇ ਪ੍ਰਧਾਨ ਮੰਤਰੀ ਬਣਨ ਦੀ ਦੌੜ ਵਿੱਚ ਸਭ ਤੋਂ ਅੱਗੇ ਮੰਨਿਆ ਜਾਂਦਾ ਹੈ। ਪ੍ਰਧਾਨ ਮੰਤਰੀ ਥੈਰੇਸਾ ਬ੍ਰੈਗਜ਼ਿਟ (ਯੂਰਪੀ ਯੂਨੀਅਨ ਤੋਂ ਵੱਖਰੇ ਹੋਣ) ਦੇ ਸਮਝੌਤੇ ਉੱਤੇਪਾਰਲੀਮੈਂਟ ਵਿੱਚ ਕਈ ਵਾਰ ਨਾਕਾਮ ਰਹੀਥੈਰੇਸਾ ਮੇਅ ਨੇ ਇਹ ਅਹੁਦਾ ਛੱਡਣ ਦਾ ਐਲਾਨ ਕਰ ਦਿੱਤਾ ਸੀ। ਉਨ੍ਹਾਂ ਨੇ ਬੀਤੀ ਸੱਤ ਜੂਨ ਨੂੰ ਪਾਰਟੀ ਪ੍ਰਧਾਨ ਦੇ ਅਹੁਦੇ ਤੋਂਆਪਣਾ ਅਸਤੀਫ਼ਾਦੇ ਦਿੱਤਾ ਸੀ।ਕੰਜ਼ਰਵੇਟਿਵ ਪਾਰਟੀ ਦੇ ਪ੍ਰਧਾਨ ਦੇ ਅਹੁਦੇ ਲਈ ਬੈਲੇਟ ਪੇਪਰ ਨਾਲ ਵੋਟਿੰਗ ਹੋਈ ਹੈ। ਪਹਿਲੇ ਗੇੜ ਦੀ ਚੋਣ ਵਿੱਚ 16 ਜਾਂ ਇਸ ਤੋਂ ਘੱਟ ਵੋਟਾਂ ਲੈਣ ਵਾਲੇ ਉਮੀਦਵਾਰ ਬਾਹਰ ਹੋ ਗਏ ਅਤੇ ਇਸ ਤੋਂ ਵੱਧ ਵੋਟਾਂ ਵਾਲੇ ਉਮੀਦਵਾਰ ਅਗਲੇ ਦੌਰ ਵਿੱਚ ਪਹੁੰਚੇ ਹਨ। ਅਗਲੇ ਦੌਰਲਈ ਵੋਟਾਂ 18, 19 ਤੇ 20 ਜੂਨ ਨੂੰ ਪੈਣਗੀਆਂ ਤਾਂ ਜੋ ਆਖ਼ਰੀ ਦੌਰ ਦੀਆਂ ਚੋਣਾਂ ਵਿੱਚ ਸਿਰਫ਼ ਦੋ ਉਮੀਦਵਾਰ ਬਚ ਸਕਣ ਅਤੇ ਫਿਰ ਉਨ੍ਹਾਂ ਵਿਚਾਲੇ ਮੁਕਾਬਲਾ ਹੋਵੇਗਾ।

# ਲਾਰਿਆਂ ਵਿੱਚ ਹੀ ਜਿਉਂਦੇ ਪਏ ਨੇ ਇਰਾਕ 'ਚ ਮਾਰੇ ਗਏ ਭਾਰਤੀ ਨਾਗਰਿਕਾਂ ਦੇ ਪਰਵਾਰ

ਅਜਨਾਲਾ, 13 ਜੂਨ (ਪੋਸਟ ਬਿਊਰੋ)- ਇਰਾਕ ਦੇ ਮੌਸੂਲ ਸ਼ਹਿਰ ਵਿੱਚੋਂ 39 ਭਾਰਤੀ ਨਾਗਰਿਕਾਂ ਨੂੰ ਆਈ ਐਸ ਆਈ ਦੇ ਲੜਾਕੂਆਂ ਨੇ ਅਗਵਾ ਕਰ ਲਿਆ ਅਤੇ ਮਾਰ ਦਿੱਤਾ ਸੀ, ਪਰ ਅੱਜ ਵੀ ਉਨ੍ਹਾਂ ਵਿੱਚੋਂ ਕੁਝ ਪਰਵਾਰ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਨਿਰਾਸ਼ ਹਨ ਕਿਉਂਕਿ ਵਾਅਦੇ ਮੁਤਾਬਕ ਸਰਕਾਰ ਨੇ ਉਨ੍ਹਾਂ ਨੂੰ ਨਾ ਨੌਕਰੀ ਦਿੱਤੀ ਤੇ ਨਾ ਉਨ੍ਹਾਂ ਨੂੰ ਪੈਨਸ਼ਨ ਮਿਲ ਰਹੀ ਹੈ, ਸਿਰਫ ਲਾਰੇ ਹੀ ਲਾਏ ਗਏ ਹਨ।

ਵਰਨਣ ਯੋਗ ਹੈ ਕਿ ਦੇਸ਼ ਦੇ ਚਾਰ ਰਾਜਾਂ ਪੰਜਾਬ, ਬਿਹਾਰ, ਹਿਮਾਚਲ ਪ੍ਰਦੇਸ਼, ਪੱਛਮੀ ਬੰਗਾਲ ਤੋਂ ਰੋਜ਼ੀ ਕਮਾਉਣ ਲਈ 39 ਭਾਰਤੀ ਇਰਾਕ ਦੇ ਸ਼ਹਿਰ ਮੌਸੂਲ ਗਏ ਸਨ, ਜਿਥੇ ਆਈ ਐਸ ਆਈ ਦੇ ਲੜਾਕੂਆਂ ਨੇ ਜੂਨ 2014 ਵਿੱਚ ਉਨ੍ਹਾਂ ਨੂੰ ਅਗਵਾ ਕਰ ਲਿਆ ਅਤੇ ਬਾਅਦ ਵਿੱਚ ਉਨ੍ਹਾਂ ਨੂੰ ਮਾਰ ਦਿੱਤਾ ਸੀ। ਸਾਬਕਾ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਮ੍ਰਿਤਕਾਂ ਦਾ ਡੀ ਐਨ ਏ ਕਰਵਾ ਕੇ ਦੋ ਅਪ੍ਰੈਲ 2018 ਨੂੰ ਉਨ੍ਹਾਂ ਦੀਆਂ ਲਾਸ਼ਾਂ ਪਰਵਾਰਾਂ ਨੂੰ ਸੌਂਪੀਆਂ ਸਨ। ਕੱਲ੍ਹ ਪੀੜਤ ਪਰਵਾਰਾਂ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਘਰਾਂ ਦੀ ਮਾਲੀ ਹਾਲਤ ਸੁਧਾਰਨ ਲਈ ਉਨ੍ਹਾਂ ਦੇ ਬੱਚੇ ਇਰਾਕ ਗਏ ਸਨ, ਜਿਥੇ ਉਨ੍ਹਾਂ ਦੀ ਮੌਤ ਹੋ ਗਈ ਸੀ।ਇਕ ਸਾਲ ਬੀਤਣ ਪਿੱਛੋਂ ਵੀ ਸਰਕਾਰ ਘਰ ਦੇ ਕਿਸੇ ਮੈਂਬਰ ਨੂੰ ਨਾ ਸਰਕਾਰ ਨੌਕਰੀ ਦੇ ਸਕੀ ਅਤੇ ਨਾ ਕੋਈ ਮਾਲੀ ਮਦਦ ਕੀਤੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਯਕੀਨ ਦਿਵਾਇਆ ਸੀ ਕਿ ਜਿੰਨੀ ਦੇਰ ਨੌਕਰੀ ਨਹੀਂ ਮਿਲੇਗੀ, ਸਰਕਾਰ 20 ਹਜ਼ਾਰ ਪ੍ਰਤੀ ਮਹੀਨਾ ਪੈਨਸ਼ਨ ਦੇਵੇਗੀ, ਪਰ ਸਰਕਾਰ ਉਹ ਵੀ ਨਹੀਂ ਦੇ ਰਹੀ। ਪੀੜਤ ਪਰਵਾਰਾਂ ਨੇ ਚਿਤਾਵਨੀ ਦਿੰਦਿਆਂ ਕਿਹਾ ਕਿ ਜੇ ਸਰਕਾਰ ਨੇ ਜਲਦੀ ਉਨ੍ਹਾਂ ਦੀਆਂ ਮੰਗਾਂ ਵੱਲ ਧਿਆਨ ਨਾ ਦਿੱਤਾ ਤਾਂ ਪੀੜਤ ਪਰਵਾਰ ਹੋਰ ਰਿਸ਼ਤੇਦਾਰਾਂ ਨਾਲ ਦਿੱਲੀ ਵਿੱਚ ਰੋਸ ਧਰਨਾ ਦੇਣਗੇ।

# ਮੇਰੀ ਤਕਨੀਕ ਵਰਤ ਲਈ ਹੁੰਦੀ ਤਾਂ ਦੂਸਰੇ ਦਿਨ ਫਤਿਹਵੀਰ ਮਾਂ ਦੀ ਗੋਦ ਵਿੱਚ ਹੁੰਦਾ


ਸੁਨਾਮ, 13 ਜੂਨ (ਪੋਸਟ ਬਿਊਰੋ)- ਪਿੰਡ ਮੰਗਵਾਲ ਦੇ ਗੁਰਿੰਦਰ ਸਿੰਘ ਗਿੱਧੀ ਦੀ ਫਤਿਹਵੀਰ ਨੂੰ ਕੱਢਣ ਵਿੱਚ ਅਹਿਮ ਭੂਮਿਕਾ ਰਹੀ ਹੈ। 35 ਸਾਲਾ ਗੁਰਿੰਦਰ ਦੇ ਮੁਤਾਬਕ ਉਹ 1998 ਤੋਂ ਸਬਮਰਸੀਬਲ ਮੋਟਰ ਦਾ ਕੰਮ ਕਰ ਰਿਹਾ ਹੈ। ਉਸ ਨੇ ਦਾਅਵਾ ਕੀਤਾ ਕਿ ਸੱਤ ਜੂਨ ਸਵੇਰੇ ਅਧਿਕਾਰੀਆਂ ਨੂੰ ਕਿਹਾ ਸੀ ਕਿ ਉਹ ਇਹ ਕੰਮ ਦੋ ਘੰਟੇ ਵਿੱਚ ਕਰ ਸਕਦਾ ਹੈ, ਪ੍ਰੰਤੂ ਅਣਦੇਖੀ ਕੀਤੀ ਗਈ, ਜਿਸ ਕਾਰਨ ਨੁਕਸਾਨ ਹੋਇਆ ਹੈ।

ਗਿੱਧੀ ਨੇ ਦੱਸਿਆ ਕਿ ਇਸ ਪਿੱਛੋਂ ਉਹ ਨਵੇਂ ਬੋਰ ਦੀ ਖੁਦਾਈ ਕਰਨ ਲੱਗਾ ਰਿਹਾ ਅਤੇ ਨਾਲ ਦੀ ਨਾਲ ਸੀ ਸੀ ਟੀ ਵੀ ਫੁਟੇਜ ਉਤੇ ਨਜ਼ਰ ਰੱਖੀ। ਉਸ ਨੇ ਦੇਖਿਆ ਕਿ ਤੇਜ਼ੀ ਨਾਲ ਹੇਠਾਂ ਡਿੱਗਣ ਨਾਲ ਬੱਚੇ ਦੇ ਕੱਪੜੇ ਅਤੇ ਬੋਰੀ ਘੁਮਾਓ ਦੇ ਕਾਰਨ ਗੰਢ ਬਣ ਚੁੱਕੇ ਸਨ। ਮੇਰੇ ਦਿਮਾਗ ਵਿੱਚ ਸੀ ਕਿ ਬੱਚੇ ਨੂੰ ਕੱਢਣ ਤੋਂ ਪਹਿਲਾਂ ਗੱਢ ਖੋਲ੍ਹਣਾ ਜ਼ਰੂਰੀ ਸੀ। 10 ਜੂਨ ਰਾਤ ਨੂੰ ਜਦ 2.30 ਵਜੇ ਅਧਿਕਾਰੀਆਂ ਦੀ ਮੀਟਿੰਗ ਚੱਲ ਰਹੀ ਸੀ ਤਾਂ ਡਿਪਟੀ ਕਮਿਸ਼ਨਰ ਸੰਗਰੂਰ ਦੇ ਗਨਮੈਨ ਨੇ ਉਸ ਦੇ ਬਾਰੇ ਦੱਸਿਆ ਕਿ ਇਹੀ ਪਿਛਲੇ ਹਫਤੇ ਡੀ ਸੀ ਸਾਹਿਬ ਦੀ ਕੋਠੀ ਵਿੱਚ ਫਸੀ ਮੋਟਰ ਵੀ ਕੱਢ ਕੇ ਗਿਆ ਸੀ। ਉਸ ਨੇ ਅਧਿਕਾਰੀਆਂ ਅਤੇ ਮੰਤਰੀ ਨਾਲ ਗੱਲ ਕੀਤੀ ਅਤੇ ਇਸ ਦੇ ਬਾਅਦ ਸਾਢੇ ਚਾਰ ਫੁੱਟ ਦੀ ਲੋਹੇ ਦੀ ਛੜ ਦੇ ਅੱਗੇ ਐਸ ਟਾਈਪ ਦੀ ਪੱਤੀ ਲਾਈ/ ਮੋਟਰ ਦੇ ਉਤੇ ਕੱਸਣ ਵਾਲੀ ਪਾਈਪ ਪਹਿਲਾਂ ਤੋਂ ਉਥੇ ਸੀ। ਲਗਭਗ 2.45 ਵਜੇ ਉਹੀ ਔਜ਼ਾਰ ਬਣਾਇਆ ਗਿਆ। ਲਗਭਗ ਚਾਰ ਵਜੇ ਇਸ ਦੇ ਨਾਲ ਬੋਰਵੈਲ ਵਿੱਚ ਉਸ ਨੇ ਪਹਿਲਾ ਟਰਾਇਲ ਕੀਤਾ ਤਾਂ ਬੱਚੇ ਨਾਲ ਲਿਪਟੀ ਬੋਰੀ ਦਾ ਕੁਝ ਹਿੱਸਾ ਹਾਸਲ ਹੋਇਆ। 4.15 ਵਜੇ ਫਿਰ ਟਰਾਇਲ ਕੀਤਾ ਤਾਂ ਪੂਰੀ ਬੋਰੀ ਤੇ ਰੱਸੀ ਨਿਕਲ ਆਈ। ਬੋਰੀ ਵਿੱਚੋਂ ਆ ਰਹੀ ਬਦਬੂ ਸਪੱਸ਼ਟ ਕਰ ਰਹੀ ਸੀ ਕਿ ਫਤਿਹਵੀਰ ਨਹੀਂ ਰਿਹਾ। ਉਸ ਨੇ ਦੱਸਿਆ ਕਿ ਇਸ ਮੌਕੇ ਬੱਚਾ ਤਿੰਨ ਇੰਚ ਹੋਰ ਹੇਠਾਂ ਚਲਾ ਗਿਆ। ਇਸ ਦੇ ਬਾਅਦ ਬੋਰਵੈਲ ਦੇ ਨਾਲ ਐੱਨ ਡੀ ਆਰ ਐੱਫ ਅਤੇ ਪੁਲਸ ਦੀ ਮਦਦ ਨਾਲ ਇੱਕ ਘੇਰਾ ਬਣਾਇਆ ਗਿਆ ਅਤੇ ਪੁਰਾਣੇ ਬੋਰਵੈਲ ਤੋਂ ਉਪਰ ਖਿੱਚ ਲਿਆ ਗਿਆ। ਪ੍ਰਸ਼ਾਸਨ ਦੀ ਇੱਕ ਹੋਰ ਲਾਪਰਵਾਹੀ ਸਾਹਮਣੇ ਆਈ ਕਿ ਫਤਿਹਵੀਰ ਨੂੰ ਇਲਾਜ ਲਈ ਸੜਕੀ ਐਂਬੂਲੈਂਸ ਵਰਤੀ ਗਈ, ਪਰ ਹਸਪਤਾਲ ਵਿੱਚ ਮ੍ਰਿਤਕ ਐਲਾਨ ਹੋਣ ਦੇ ਬਾਅਦ ਲਾਸ਼ ਨੂੰ ਹੈਲੀਕਾਪਟਰ ਰਾਹੀਂ ਲੈ ਕੇ ਆਏ।







# ਸਾਲਾਨਾ 8 ਲੱਖ ਤੋਂ ਘੱਟ ਆਮਦਨ ਵਾਲੇ ਲੋਕਾਂ ਨੂੰ ਮਿਲੇਗਾ ਲਾਭ

ਫਰੀਦਕੋਟ, 13 ਜੂਨ (ਗਿਆਨ ਸਿੰਘ): ਆਰਥਿਕ ਤੌਰ 'ਤੇ ਕਮਜ਼ੋਰ ਵਰਗ ਦੇ ਲੋਕਾਂ ਨੂੰ ਆਮਦਨ ਅਤੇ ਸੰਪਤੀ ਸਬੰਧੀ ਸਰਟੀਫਿਕੇਟ ਸੇਵਾ ਕੇਂਦਰਾਂ ਵੱਲੋਂ ਈ-ਸੇਵਾ ਪੋਰਟਲ ਰਾਹੀਂ ਜਾਰੀ ਕੀਤਾ ਜਾਵੇਗਾ। ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਸ਼੍ਰੀ ਕੁਮਾਰ ਸੌਰਭ ਰਾਜ ਨੇ ਦੱਸਿਆ ਕਿ ਪ੍ਰਸ਼ਾਸਨਿਕ ਸੁਧਾਰ ਵਿਭਾਗ ਵੱਲੋਂ ਆਰਥਿਕ ਤੌਰ 'ਤੇ ਕਮਜ਼ੋਰ ਲੋਕਾਂ ਨੂੰ ਆਮਦਨ ਅਤੇ ਸੰਪਤੀ ਸਬੰਧੀ ਸਰਟੀਫਿਕੇਟ ਨਾਲ ਸਬੰਧਤ ਸਹੂਲਤ ਆਨਲਾਈਨ ਈ-ਸੇਵਾ ਪੋਰਟਲ 'ਤੇ ਮੁਹੱਈਆ ਕਰਵਾ ਦਿੱਤੀ ਗਈ ਹੈ। ਇਹ ਸਹੂਲਤ ਸੇਵਾ ਕੇਂਦਰਾਂ ਰਾਹੀਂ ਸ਼ੁਰੂ ਕਰ ਦਿੱਤੀ ਗਈ ਹੈ, ਜਿਸ ਤਹਿਤ ਸਰਟੀਫਿਕੇਟ ਸਬੰਧਤ ਤਹਿਸੀਲਦਾਰ (ਤਹਿਸੀਲ ਪੱਧਰ 'ਤੇ) ਜਾਂ ਨਾਇਬ ਤਹਿਸੀਲਦਾਰ (ਸਬ-ਤਹਿਸੀਲ ਪੱਧਰ 'ਤੇ) ਰਾਹੀਂ ਜਾਰੀ ਕੀਤਾ ਜਾਵੇਗਾ।



ਉਨ੍ਹਾਂ ਦੱਸਿਆ ਕਿ ਇਸ ਸਬੰਧੀ ਸੇਵਾ ਕੇਂਦਰਾਂ ਰਾਹੀਂ ਈ-ਸੇਵਾ ਪੋਰਟਲ 'ਤੇ ਅਪਲਾਈ ਕੀਤੇ ਜਾਣ ਵਾਲੇ ਸਰਟੀਫਿਕੇਟ ਆਨਲਾਈਨ ਜਾਰੀ ਕਰਨ ਸਬੰਧੀ ਜ਼ਿਲ੍ਹੇ ਅਧੀਨ ਆਉਂਦੇ ਤਹਿਸੀਲਦਾਰਾਂ ਅਤੇ ਨਾਇਬ ਤਹਿਸੀਲਦਾਰਾਂ ਨੂੰ ਹਦਾਇਤਾਂ ਵੀ ਜਾਰੀ ਕਰ ਦਿੱਤੀਆਂ ਗਈਆਂ ਹਨ। ਇਸ ਸੇਵਾ ਲਈ ਸਿਰਫ ਸੇਵਾ ਕੇਂਦਰਾਂ 'ਤੇ ਅਪਲਾਈ ਕੀਤਾ ਜਾ ਸਕਦਾ ਹੈ ਅਤੇ ਇਹ ਸਹੂਲਤ ਸੇਵਾ ਕੇਂਦਰਾਂ ਤੋਂ ਹੀ ਮਿਲੇਗੀ ਤੇ ਕੋਈ ਵੀ ਸਰਟੀਫਿਕੇਟ ਮੈਨੂਅਲ ਤੌਰ 'ਤੇ ਜਾਰੀ ਨਹੀਂ ਕੀਤਾ ਜਾਵੇਗਾ। ਪੰਜਾਬ ਸਰਕਾਰ ਵੱਲੋਂ ਜਨਰਲ ਵਰਗਾਂ ਦੇ ਆਰਥਿਕ ਤੌਰ 'ਤੇ ਕਮਜ਼ੋਰ ਲੋਕਾਂ ਨੂੰ ਸਰਕਾਰੀ ਨੌਕਰੀਆਂ ਅਤੇ ਵਿੱਦਿਅਕ ਅਦਾਰਿਆਂ ਵਿੱਚ ਦਾਖਲੇ ਲਈ 10 ਫੀਸਦੀ ਰਾਖਵਾਂਕਰਨ ਦੇਣ ਦਾ ਫੈਸਲਾ ਕੀਤਾ ਗਿਆ ਹੈ। ਰਾਖਵਾਂਕਰਨ ਦਾ ਇਹ ਲਾਭ ਉਨ੍ਹਾਂ ਵਿਅਕਤੀਆਂ ਨੂੰ ਮੁਹੱਈਆ ਕਰਵਾਇਆ ਜਾਵੇਗਾ, ਜੋ ਅਨੁਸੂਚਿਤ ਜਾਤਾਂ/ ਅਨੁਸੂਚਿਤ ਕਬੀਲਿਆਂ ਅਤੇ ਪਛੜੀਆਂ ਸ਼੍ਰੇਣੀਆਂ ਲਈ ਰਾਖਵੇਂਕਰਨ ਦੀ ਪਹਿਲਾਂ ਚੱਲਦੀ ਸਕੀਮ ਦੇ ਘੇਰੇ ਵਿੱਚ ਨਹੀਂ ਆਉਂਦੇ ਅਤੇ ਜਿਨ੍ਹਾਂ ਦੇ ਪਰਿਵਾਰਾਂ ਦੀ ਕੁੱਲ ਸਾਲਾਨਾ ਆਮਦਨ ਅੱਠ ਲੱਖ ਤੋਂ ਘੱਟ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਬਿਨੈਕਾਰ ਨੂੰ ਇਸ ਸਕੀਮ ਦਾ ਲਾਭ ਲੈਣ ਲਈ ਅਰਜ਼ੀ ਅਤੇ ਸਵੈ ਘੋਸ਼ਣਾ ਪੱਤਰ ਦੇਣਾ ਪਵੇਗਾ। ਇਸ ਮੌਕੇ ਸੇਵਾ ਕੇਂਦਰ ਇੰਚਾਰਜ ਗੁਰਪ੍ਰੀਤ ਸਿੰਘ ਵੀ ਹਾਜ਼ਰ ਸਨ।

# ਸਿਹਤ ਮੰਤਰੀ ਦੀ ਮੀਟਿੰਗ ਤੋਂ ਗੈਰ ਹਾਜ਼ਰੀ ਲਈ ਜ਼ਿਲ੍ਹਾ ਪੰਚਾਇਤ ਅਫਸਰ ਸਸਪੈਂਡ

ਚੰਡੀਗੜ੍ਹ, 13 ਜੂਨ (ਪੋਸਟ ਬਿਊਰੋ)- ਪੰਜਾਬ ਦੇ ਸਿਹਤ ਅਤੇ ਕਿਰਤ ਵਿਭਾਗ ਦੇ ਮੰਤਰੀ ਬਲਬੀਰ ਸਿੱਧੂ ਵੱਲੋਂ ਕੱਲ ਜ਼ਿਲ੍ਹਾ ਸ਼ਿਕਾਇਤ ਨਿਵਾਰਨ ਕਮੇਟੀ ਦੀ ਮੀਟਿੰਗ ਤੋਂ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ਨੂੰ ਗੈਰ ਹਾਜ਼ਰ ਹੋਣਾ ਮਹਿੰਗਾ ਪੈ ਗਿਆ ਹੈ। ਸਿੱਧੂ ਵੱਲੋਂ ਇਸ ਬਾਰੇ ਸ਼ਿਕਾਇਤ ਰਾਜ ਦੇ ਬਾਅਦ ਪੰਚਾਇਤ ਤੇ ਵਿਕਾਸ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੇ ਸੰਬੰਧਤ ਪੰਚਾਇਤ ਅਫਸਰ ਅਰੁਣ ਜਿੰਦਲ ਨੂੰ ਸਸਪੈਂਡ ਕਰ ਦਿੱਤਾ ਹੈ।

ਵਰਨਣ ਯੋਗ ਹੈ ਕਿ ਮੰਤਰੀ ਵੱਲੋਂ ਸੱਦੀ ਮੀਟਿੰਗ ਬਾਰੇ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਵੱਲੋਂ ਸਾਰੇ ਅਧਿਕਾਰੀਆਂ ਨੂੰ ਹਾਜ਼ਰ ਹੋਣ ਲਈ ਲਿਖਤੀ ਤੌਰ 'ਤੇ ਸੂਚਿਤ ਕੀਤਾ ਗਿਆ ਸੀ, ਪਰ ਇਹ ਅਧਿਕਾਰੀ ਮੀਟਿੰਗ ਵਿੱਚ ਨਹੀਂ ਗਿਆ। ਮੀਟਿੰਗ ਦੀ ਕਾਰਵਾਈ ਦੌਰਾਨ ਜਦੋਂ ਪੰਚਾਇਤ ਵਿਭਾਗ ਨਾਲ ਸੰਬੰਧਤ ਸ਼ਿਕਾਇਤਾਂ ਸਾਹਮਣੇ ਤਾਂ ਉਸ ਦਾ ਜਵਾਬ ਦੇਣ ਵਾਲਾ ਕੋਈ ਨਹੀਂ ਸੀ, ਜਿਸ ਕਾਰਨ ਵਿਭਾਗ ਦੇ ਗੈਰ ਹਾਜ਼ਰ ਅਧਿਕਾਰੀ ਦਾ ਮੰਤਰੀ ਨੇ ਸਖਤ ਨੋਟਿਸ ਲੈ ਕੇ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੂੰ ਫੋਨ 'ਤੇ ਕਾਰਵਾਈ ਕਰਨ ਦੀ ਸਿਫਾਰਸ਼ ਕਰਦਿਆਂ ਆਪਣੇ ਵੱਲੋਂ ਲਿਖਤੀ ਨੋਟ ਭੇਜਿਆ ਅਤੇ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ਅਰੁਣ ਜਿੰਦਲ ਨੂੰ ਸਸਪੈਂਡ ਦੀ ਸਿਫਾਰਸ਼ ਕਰਦਿਆਂ ਕਿਹਾ ਕਿ ਡਿਪਟੀ ਕਮਿਸ਼ਨਰ ਵੱਲੋਂ ਸੂਚਿਤ ਕੀਤੇ ਜਾਣ ਦੇ ਬਾਵਜੂਦ ਇਸ ਅਧਿਕਾਰੀ ਦੀ ਗੈਰ ਹਾਜ਼ਰੀ ਮੁੱਖ ਮੰਤਰੀ ਦੇ ਹੁਕਮਾਂ ਦੀ ਉਲੰਘਣਾ ਹੈ। ਬਾਜਵਾ ਨੇ ਸਾਥੀ ਮੰਤਰੀ ਦੇ ਪੱਤਰ ਉੱਤੇ ਕਾਰਵਾਈ ਕਰ ਕੇ ਅਰੁਣ ਜਿੰਦਲ ਨੂੰ ਸਸਪੈਂਡ ਕਰ ਕੇ ਇਸ ਸਮੇਂ ਦੌਰਾਨ ਉਸ ਨੂੰ ਮੁੱਖ ਦਫਤਰ ਮੋਹਾਲੀ ਵਿਖੇ ਹਾਜ਼ਰੀ ਦੇਣ ਲਈ ਕਿਹਾ ਹੈ।

# 5 ਕਰੋੜ ਘੱਟ ਗਿਣਤੀ ਵਿਦਿਆਰਥੀਆਂ ਨੂੰ ਵਜ਼ੀਫਾ ਮਿਲੇਗਾ

ਨਵੀਂ ਦਿੱਲੀ, 12 ਜੂਨ (ਪੋਸਟ ਬਿਊਰੋ)- ਸਭ ਕਾ ਸਾਥ, ਸਭ ਕਾ ਵਿਕਾਸ ਅਤੇ ਸਭ ਕਾ ਵਿਸ਼ਵਾਸ ਦੇ ਨਵੇਂ ਨਾਅਰੇ ਨਾਲ ਘੱਟ ਗਿਣਤੀ ਮੰਤਰਾਲੇ ਨੇ ਦੇਸ਼ ਦੇ ਘੱਟ ਗਿਣਤੀ ਵਿਦਿਆਰਥੀਆਂ ਲਈ ਅਗਲੇ ਪੰਜ ਸਾਲ ਦਾ ਨਵਾਂ ਖਾਕਾ ਖਿੱਚ ਦਿੱਤਾ ਹੈ। ਅਗਲੇ ਪੰਜ ਸਾਲਾਂ ਵਿੱਚ ਪ੍ਰੀ-ਮੈਟ੍ਰਿਕ, ਪੋਸਟ ਮੈਟ੍ਰਿਕ ਅਤੇ ਮੈਰਿਟ-ਕਮ-ਮੀਨਸ ਆਦਿ ਯੋਜਨਾਵਾਂ ਦੇ ਜ਼ਰੀਏ ਦੇਸ਼ ਦੇ ਪੰਜ ਕਰੋੜ ਘੱਟ ਗਿਣਤੀ ਵਿਦਿਆਰਥੀਆਂ ਨੂੰ ਵਜ਼ੀਫਾ ਦਿੱਤਾ ਜਾਏਗਾ। ਇਨ੍ਹਾਂ ਵਿੱਚ ਪੰਜਾਹ ਫੀਸਦੀ ਤੋਂ ਵੱਧ ਲੜਕੀਆਂ ਨੂੰ ਸ਼ਾਮਲ ਕੀਤਾ ਜਾਏਗਾ। ਇਸ ਵਿੱਚ ਆਰਥਿਕ ਪੱਖੋਂ ਪਿਛੜੇ ਵਰਗ ਦੀਆਂ ਲੜਕੀਆਂ ਦੇ ਲਈ ਬੇਗ਼ਮ ਹਜ਼ਰਤ ਮਹਿਲ ਬਾਲਿਕਾ ਸਕਾਲਰਸ਼ਿਪ ਵੀ ਸ਼ਾਮਲ ਹੈ। ਇਹ ਸਕਾਲਰਸ਼ਿਪ ਦਸ ਲੱਖ ਤੋਂ ਜ਼ਿਆਦਾ ਹੋਵੇਗੀ।

ਘੱਟ ਗਿਣਤੀ ਮਾਮਲਿਆਂ ਦੇ ਮੰਤਰੀ ਮੁਖਤਾਰ ਅੱਬਾਸ ਨਕਵੀ ਨੇ ਦੱਸਿਆ ਕਿ ਘੱਟ ਗਿਣਤੀ ਵਰਗ ਦੀਆਂ ਸਕੂਲ ਡ੍ਰਾਪ ਆਊਟ ਲੜਕੀਆਂ ਨੂੰ ਦੇਸ਼ ਦੇ ਪ੍ਰਸਿੱਧ ਵਿਦਿਅਕ ਸੰਸਥਾਵਾਂ ਤੋਂ ਬ੍ਰਿਜ ਕੋਰਸ ਕਰਵਾ ਕੇ ਉਨ੍ਹਾਂ ਨੂੰ ਸਿਖਿਆ ਅਤੇ ਰੋਜ਼ਗਾਰ ਨਾਲ ਜੋੜਿਆ ਜਾਵੇਗਾ। ਸਰਕਾਰ ਮਦਰੱਸਿਆਂ ਦੀ ਮੁੱਖਧਾਰਾ ਦੀ ਸਿਖਿਆ ਨੂੰ ਉਤਸ਼ਾਹਤ ਕਰਨ ਦੇ ਲਈ ਇਨ੍ਹਾਂ ਦੇ ਟੀਚਰਾਂ ਨੂੰ ਵੱਖ-ਵੱਖ ਵਿਦਿਅਕ ਸੰਸਥਾਵਾਂ ਤੋਂ ਟਰੇਨਿੰਗ ਦਿਵਾਏਗੀ, ਤਾਂ ਕਿ ਮਦਰੱਸਿਆਂ ਵਿੱਚ ਹਿੰਦੀ, ਅੰਗਰੇਜ਼ੀ, ਗਣਿਤ, ਵਿਗਿਆਨ, ਕੰਪਿਊਟਰ ਆਦਿ ਗਿਆਨ ਬੱਚਿਆਂ ਨੂੰ ਮਿਲ ਸਕੇ। ਇਹ ਕੰਮ ਅਗਲੇ ਮਹੀਨੇ ਤੋਂ ਸ਼ੁਰੂ ਹੋ ਜਾਏਗਾ। ਨਕਵੀ ਨੇ ਕਿਹਾ ਕਿ ਜਿਨ੍ਹਾਂ ਖੇਤਰਾਂ ਵਿੱਚ ਵਿਦਿਅਕ ਸੰਸਥਾਵਾਂ ਦੇ ਲਈ ਲੋੜੀਂਦੀਆਂ ਢਾਂਚਾਗਤ ਸਹੂਲਤਾਂ ਨਹੀਂ ਹਨ, ਉਥੇ ਪ੍ਰਧਾਨ ਮੰਤਰੀ ਜਨ ਵਿਕਾਸ ਪ੍ਰੋਗਰਾਮ ਦੇ ਤਹਿਤ ਪਾਲੀਟੈਕਨਿਕ, ਆਈ ਟੀ ਆਈ, ਗਰਲਜ਼ ਹੋਸਟਲ, ਸਕੂਲ, ਕਾਲਜ, ਗੁਰੂਕੁਲ ਟਾਈਪ ਰਿਹਾਇਸ਼ੀ ਸਕੂਲ, ਕਾਮਨ ਸਰਵਿਸ ਸੈਂਟਰ ਆਦਿ ਦਾ ਜੰਗੀ ਪੱਧਰ 'ਤੇ ਨਿਰਮਾਣ ਸ਼ੁਰੂ ਕੀਤਾ ਜਾਏਗਾ। ਸਰਕਾਰ ਘੱਟ ਗਿਣਤੀ ਬੱਚਿਆਂ ਨੂੰ ਸਿਖਿਅਤ ਕਰਨ ਦੇ ਲਈ 'ਪੜ੍ਹੋ ਤੇ ਵਧੋ' ਜਾਗਰੂਕਤਾ ਮੁਹਿੰਮ ਚਲਾਏਗੀ। ਇਸ ਲੜੀ ਵਿੱਚ ਪਹਿਲੇ ਪੜਾਅ ਵਿੱਚ ਦੇਸ਼ ਦੇ 60 ਘੱਟਗਿਣਤੀ ਬਹੁਲਤਾ ਵਾਲੇ ਜ਼ਿਲ੍ਹਿਆਂ ਨੂੰ ਚੁਣਿਆ ਗਿਆ ਹੈ।

# ਦੋ ਸਾਲਾਂ ਵਿੱਚ 25066 ਛਾਪੇ ਵੱਜੇ, 612 ਬਾਲ ਮਜ਼ਦੂਰ ਛੁਡਾਏ

ਚੰਡੀਗੜ੍ਹ, 13 ਜੂਨ (ਪੋਸਟ ਬਿਊਰੋ)- ਪੰਜਾਬ ਦੇ ਕਿਰਤ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਬਾਲ ਮਜ਼ਦੂਰੀ ਦੇ ਖਾਤਮੇ ਦੇ ਲਈ ਵਿਭਾਗ ਦੇ ਸਹਾਇਕ ਕਿਰਤ ਕਮਿਸ਼ਨਰਾਂ, ਡਿਪਟੀ ਡਾਇਰੈਕਟਰ ਫੈਕਟਰੀਜ਼ ਨੂੰ 'ਬਾਲ ਮਜ਼ਦੂਰੀ ਵਿਰੁੱਧ ਸੰਸਾਰ ਦਿਵਸ' ਮੌਕੇ ਬੱਚਿਆਂ ਦੀ ਸੁਰੱਖਿਆ ਤੇ ਹੱਕਾਂ ਲਈ ਉਚੇਚੀ ਮੁਹਿੰਮ ਚਲਾਉਣ ਦੇ ਨਿਰਦੇਸ਼ ਦਿੱਤੇ ਹਨ।

ਇਸ ਮੌਕੇ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਦੱਸਿਆ ਕਿ ਪਿਛਲੇ ਦੋ ਸਾਲਾਂ ਵਿੱਚ 25066 ਛਾਪਿਆਂ ਦੌਰਾਨ 612 ਬੱਚੇ ਛੁਡਾਏ ਗਏ ਅਤੇ ਦੋਸ਼ੀਆਂ ਉੱਤੇ 22,11,200 ਰੁਪਏ ਜੁਰਮਾਨਾ ਕੀਤਾ ਗਿਆ ਹੈ। ਉਨ੍ਹਾ ਦੱਸਿਆ ਕਿ 'ਚਾਈਲਡ ਐਂਡ ਅਡੋਲੇਸੈਂਟ ਲੇਬਰ (ਪ੍ਰੋਹਿਬਸ਼ਨ ਐਂਡ ਰੈਗੂਲੇਸ਼ਨ) ਐਕਟ 1986' ਮੁਤਾਬਕ ਕੇਂਦਰ ਦੀ ਸਰਕਾਰ ਵੱਲੋਂ ਸਟੈਂਡਿੰਗ ਉਪਰੇਟਿੰਗ ਪ੍ਰੋਸੀਜਰ ਜਾਰੀ ਕਰਦੇ ਹੋਏ ਜ਼ਿਲਾ ਪੱਧਰ 'ਤੇ ਜ਼ਿਲਾ ਟਾਸਕ ਫੋਰਸ ਬਣਾਈ ਗਈ ਹੈ। ਇਸ ਟਾਸਕ ਫੋਰਸ ਵਿੱਚ ਕਿਰਤ ਵਿਭਾਗ, ਸਿਹਤ ਵਿਭਾਗ, ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ, ਸਿੱਖਿਆ ਵਿਭਾਗ ਤੇ ਪੁਲਸ ਵਿਭਾਗ ਬਤੌਰ ਮੈਂਬਰ ਸ਼ਾਮਲ ਕੀਤੇ ਗਏ ਹਨ, ਜਿਨ੍ਹਾਂ ਵੱਲੋਂ ਸਾਂਝੇ ਤੌਰ 'ਤੇ ਛਾਪਾਮਾਰੀ ਕੀਤੀ ਜਾਂਦੀ ਹੈ।

# ਕਬਾੜ ਵਿੱਚ ਸੁੱਟ ਦਿੱਤੇ ਗਏ ਲੋਕਾਂ ਦੇ ਡਰਾਈਵਿੰਗ ਲਾਇਸੈਂਸ

ਜਲੰਧਰ, 12 ਜੂਨ (ਪੋਸਟ ਬਿਊਰੋ)- ਰੀਜਨਲ ਟਰਾਂਸਪਰਟ ਅਥਾਰਿਟੀ (ਆਰ ਟੀ ਏ) ਦੇ ਸਟਾਫ ਨੇ ਵੱਡੀ ਲਾਪਰਵਾਹੀ ਕਰਦੇ ਹੋਏ ਰੀਨਿਊਲ ਤੇ ਰਿਪਲੇਸ ਹੋਣ ਲਈ ਆਏ ਡਰਾਈਵਿੰਗ ਲਾਇਸੈਂਸਾਂ ਨੂੰ ਕਬਾੜ ਵਿੱਚ ਸੁੱਟ ਦਿੱਤਾ ਹੈ। ਬੱਸ ਅੱਡੇ ਨੇੜੇ ਬਣੇ ਡਰਾਈਵਿੰਗ ਟੈਸਟ ਟਰੈਕ ਦੀ ਪਹਿਲੀ ਮੰਜ਼ਿਲ 'ਤੇ ਇਨ੍ਹਾਂ ਦਾ ਢੇਰ ਲੱਗਾ ਹੋਇਆ ਹੈ। ਆਰ ਟੀ ਏ ਦਫਤਰ ਨੂੰ ਇਨ੍ਹਾਂ ਨੂੰ ਨਸ਼ਟ ਕਰਨਾ ਹੁੰਦਾ ਹੈ ਤਾਂ ਕਿ ਕੋਈ ਇਨ੍ਹਾਂ ਦੀ ਦੁਰਵਰਤੋਂ ਨਾ ਕਰ ਸਕੇ। ਇਸ ਕਾਰਨ ਆਰ ਟੀ ਏ ਦਫਤਰ ਦੀ ਲਾਪਰਵਾਹੀ ਕਾਰਨ ਲੋਕਾਂ ਦੀ ਨਿੱਜੀ ਜਾਣਕਾਰੀ ਖਤਰੇ ਵਿੱਚ ਪੈ ਗਈ ਹੈ, ਕਿਉਂਕਿ ਇਥੇ ਬਿਨਾਂ ਰੋਕ ਸਭ ਦਾ ਆਉਣਾ ਜਾਣਾ ਹੈ। ਅਜਿਹੇ ਹਾਲਤ ਵਿੱਚ ਕੋਈ ਵੀ ਇਨ੍ਹਾਂ ਵਿਚਲਾ ਬਿਓਰਾ ਲੈ ਕੇ ਦੁਰਵਰਤੋਂ ਕਰ ਸਕਦਾ ਹੈ।

ਖਾਸ ਗੱਲ ਇਹ ਹੈ ਕਿ ਜਿਸ ਜਗ੍ਹਾਂ ਇਨ੍ਹਾਂ ਲਾਇਸੈਂਸਾਂ ਨੂੰ ਕੂੜੇ ਵਿੱਚ ਸੁੱਟਿਆ ਗਿਆ, ਉਸ ਦੇ ਨੇੜੇ ਆਰ ਟੀ ਏ ਸੈਕਟਰੀ ਦਾ ਕਮਰਾ ਹੈ ਅਤੇ ਉਨ੍ਹਾਂ ਨੇ ਇਸ ਲਾਪਰਵਾਹੀ ਨੂੰ ਦੇਖ ਕੇ ਨਜ਼ਰ ਅੰਦਾਜ਼ ਕਰ ਦਿੱਤਾ ਜਾਂ ਆਰ ਟੀ ਏ ਦੇ ਵੱਡੇ ਅਫਸਰ ਉਥੇ ਜਾਂਦੇ ਹੀ ਨਹੀਂ, ਜਿਸ ਕਾਰਨ ਮੁਲਾਜ਼ਮ ਮਨਮਰਜ਼ੀ ਕਰਦੇ ਹਨ। ਆਰ ਟੀ ਏ ਦੇ ਡਰਾਈਵਿੰਗ ਟਰੈਕ 'ਤੇ ਜਿਥੇ ਪਹਿਲੀ ਮੰਜ਼ਿਲ ਉੱਤੇ ਅਫਸਰਾਂ ਦੇ ਦਫਤਰ ਹਨ, ਉਥੇ ਸੈਂਕੜੇ ਡਰਾਈਵਿੰਗ ਲਾਇਸੈਂਸ ਖੁੱਲ੍ਹੇ 'ਚ ਸੁੱਟੇ ਗਏ ਹਨ। ਇਹ ਉਹ ਡਰਾਈਵਿੰਗ ਲਾਇਸੈਂਸ ਹਨ, ਜੋ ਰੀਨਿਊਲ ਜਾਂ ਰਿਪਲੇਸਮੈਂਟ ਲਈ ਆਏ ਸਨ। ਰੀਨਿਊਲ ਦੀ ਅਰਜ਼ੀ ਆਉਣ 'ਤੇ ਪੁਰਾਣਾ ਲਾਇਸੈਂਸ ਜਮ੍ਹਾ ਹੁੰਦਾ ਹੈ, ਉਸ ਨੂੰ ਸੁੱਟ ਦਿੱਤਾ ਗਿਆ। ਡਰਾਈਵਿੰਗ ਲਾਇਸੈਂਸ ਰੀਨਿਊ ਹੋਵੇ ਜਾਂ ਰਿਪਲੇਸ, ਉਸ ਦਾ ਨੰਬਰ ਉਹੀ ਰਹਿੰਦਾ ਹੈ। ਇਸ ਤੋਂ ਡੁਪਲੀਕੇਟ ਡਰਾਈਵਿੰਗ ਲਾਇਸੈਂਸ ਬਣਵਾ ਕੇ ਇਸ ਦੀ ਵਰਤੋਂ ਸਿਮ ਕਾਰਡ ਲੈਣ ਦੇ ਨਾਲ ਆਈ ਡੀ ਪਰੂਫ ਆਦਿ ਨਾਲ ਮਿਲਣ ਵਾਲੀਆਂ ਕਈ ਤਰ੍ਹਾਂ ਦੀਆਂ ਸੇਵਾਵਾਂ ਵਿੱਚ ਹੋ ਸਕਦੀ ਹੈ।

# ਦੇਖ ਰੇਖ ਵਾਲੇ ਕੇਸਾਂ ਵਿੱਚ ਬੱਚਿਆਂ ਦੀ ਇੱਛਾ ਨੂੰ ਪਹਿਲ ਮਿਲੇਗੀ

ਨਵੀਂ ਦਿੱਲੀ, 13 ਜੂਨ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਵੱਖ ਹੋਏ ਮਾਤਾ ਪਿਤਾ ਅਤੇ ਦੋਵਾਂ ਦੀ ਮੁਕੱਦਮੇਬਾਜ਼ੀ ਵਿੱਚ ਫਸੇ ਬੱਚਿਆਂ ਦਾ ਦਰਦ ਸਮਝਦੇ ਹੋਏ ਕਿਹਾ ਹੈ ਕਿ ਇਨ੍ਹਾਂ ਕੇਸਾਂ ਵਿੱਚ ਬੱਚਿਆਂ ਨੂੰ ਉਨ੍ਹਾਂ ਦੀ ਇੱਛਾ ਮੁਤਾਬਕ ਦਿਨ ਨੂੰ ਪਿਤਾ ਅਤੇ ਰਾਤ ਨੂੰ ਮਾਂ ਕੋਲ ਰੱਖਣ ਦਾ ਆਦੇਸ਼ ਦਿੱਤਾ ਹੈ। ਅਦਾਲਤ ਨੇ ਕਿਹਾ ਕਿ ਮਾਤਾ ਪਿਤਾ ਵਿਚਾਲੇ ਅਦਾਲਤ 'ਚ ਕਸਟਡੀ ਬਾਰੇ ਚੱਲ ਰਹੀ ਲੜਾਈ ਵਿੱਚ ਬੱਚੇ ਬੰਧਕ ਨਹੀਂ ਬਣਨੇ ਚਾਹੀਦੇ।

ਜਸਟਿਸ ਇੰਦਰਾ ਬੈਨਰਜੀ ਤੇ ਅਜੇ ਰਸਤੋਗੀ ਦੇ ਬੈਂਚ ਨੇ ਬੱਚਿਆਂ ਨਾਲ ਗੱਲ ਕਰਨ ਦੇ ਬਾਅਦ ਇਹ ਆਦੇਸ਼ ਦੇ ਖਿਲਾਫ ਦਾਖਲ ਮਾਂ ਦੀ ਪਟੀਸ਼ਨ 'ਤੇ ਇਹ ਅੰਤ੍ਰਿਮ ਆਦੇਸ਼ ਦਿੱਤਾ ਹੈ। ਇਸ ਕੇਸ 'ਚ ਮਾਤਾ ਪਿਤਾ ਦੇ ਵੱਖ ਹੋਣ ਦੇ ਬਾਅਦ ਬੱਚਿਆਂ ਦੀ ਕਸਟਡੀ ਲਈ ਸੁਣਵਾਈ ਚੱਲ ਰਹੀ ਹੈ। ਹਾਈ ਕੋਰਟ ਨੇ ਗਰਮੀ ਦੀਆਂ ਛੁੱਟੀਆਂ 'ਚ ਬੱਚਿਆਂ ਦੀ ਕਸਟਡੀ ਪਿਤਾ ਨੂੰ ਦੇ ਦਿੱਤੀ ਸੀ, ਜਿਸ ਦੇ ਖਿਲਾਫ ਮਾਂ ਨੇ ਸੁਪਰੀਮ ਕੋਰਟ 'ਚ ਪਟੀਸ਼ਨ ਦਿੱਤੀ ਸੀ। ਕੋਰਟ ਨੇ ਬੱਚਿਆਂ ਨਾਲ ਗੱਲ ਕਰਨ ਦੇ ਬਾਅਦ ਆਦੇਸ਼ ਵਿੱਚ ਲਿਖਿਆ ਕਿ ਬੱਚਿਆਂ ਦੇ ਦਿਨ ਨੂੰ ਪਿਤਾ ਨਾਲ ਰਹਿਣ ਦੀ ਹਾਮੀ ਭਰੀ, ਪਰ ਰਾਤ ਨੂੰ ਮਾਂ ਕੋਲ ਰਹਿਣ ਦੀ ਮੰਗ ਕੀਤੀ ਹੈ। ਛੋਟਾ ਬੇਟਾ ਵਾਰ-ਵਾਰ ਇਹੀ ਕਹਿੰਦਾ ਰਿਹਾ ਕਿ ਉਹ ਰਾਤ ਨੂੰ ਆਪਣੀ ਮਾਂ ਦਾ ਹੱਥ ਫੜ ਕੇ ਸੌਂਦਾ ਹੈ ਅਤੇ ਮਾਂ ਦੇ ਬਗੈਰ ਨਹੀਂ ਸੌਂ ਸਕਦਾ। ਵੱਡਾ ਬੇਟਾ ਵੀ ਰਾਤ ਨੂੰ ਮਾਂ ਕੋਲ ਰਹਿਣਾ ਚਾਹੁੰਦਾ ਸੀ। ਦੋਵੇਂ ਬੱਚਿਆਂ ਦਾ ਇਕ ਦੂਜੇ ਨਾਲ ਬਹੁਤ ਸਬੰਧ ਹੈ। ਕੋਰਟ ਨੇ ਕਿਹਾ ਕਿ ਛੋਟੇ ਬੱਚਿਆਂ ਦੀ ਕਸਟਡੀ ਦੇ ਕੇਸ 'ਚ ਸੰਵੇਦਨਸ਼ੀਲਤਾ ਨਾਲ ਵਿਚਾਰ ਕਰਨਾ ਚਾਹੀਦਾ ਹੈ। ਮਾਤਾ ਪਿਤਾ ਤੋਂ ਵੱਖ ਕੀਤੇ ਜਾਣ ਨਾਲ ਬੱਚਿਆਂ ਦੀ ਮਾਨਸਿਕ ਸਥਿਤੀ 'ਤੇ ਪੈ ਰਹੇ ਅਸਰ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ। ਕੋਰਟ ਨੇ ਕਿਹਾ ਕਿ ਬੱਚੇ ਕੋਲ ਮਾਤਾ ਪਿਤਾ ਦੋਵਾਂ ਕੋਲ ਰਹਿਣ ਦਾ ਅਧਿਕਾਰ ਹੈ ਤੇ ਮਾਤਾ ਪਿਤਾ ਨੂੰ ਵੀ ਬੱਚਿਆਂ ਨੂੰ ਮਿਲਣ ਦਾ ਅਧਿਕਾਰ ਹੈ, ਪਰ ਬੱਚਿਆਂ ਦੀ ਇੱਛਾ ਨੂੰ ਮਹੱਤਵ ਦੇਣਾ ਚਾਹੀਦਾ ਹੈ।

# ਬੇਕਾਬੂ ਟਰੈਕਟਰ ਤੋਂ ਡਿੱਗਣ ਨਾਲ ਨੌਜਵਾਨ ਦੀ ਮੌਤ

ਸ਼ਾਹਕੋਟ, 13 ਜੂਨ (ਪੋਸਟ ਬਿਊਰੋ)- ਇਥੇ ਨੇੜਲੇ ਪਿੰਡ ਬੰਗਾ ਤੇ ਰੌਂਤ ਵਿਚਾਲੇ ਕੱਲ੍ਹ ਦੁਪਹਿਰ ਤੇਜ਼ ਰਫਤਾਰ ਟਰੈਕਟਰ ਤੋਂ ਡਿੱਗਣ ਕਾਰਨ ਨੌਜਵਾਨ ਦੀ ਮੌਤ ਹੋ ਗਈ। ਉਸ ਦੀ ਪਛਾਣ ਸੁਖਵੀਰ ਸਿੰਘ ਉਰਫ ਕਾਲਾ (22) ਪੁੱਤਰ ਹਰਜਿੰਦਰ ਸਿੰਘ ਵਾਸੀ ਘੋਲੀਆਂ ਕਲਾਂ, ਥਾਣਾ ਬਾਘਾ ਪੁਰਾਣਾ ਜ਼ਿਲਾ ਮੋਗਾ ਵਜੋਂ ਹੋਈ ਹੈ।

ਸੁਖਵੀਰ ਆਪਣੇ ਸਾਥੀਆਂ ਸਮੇਤ ਟਰੈਕਟਰ ਟਰਾਲੀ ਤੋਂ ਕਿਸੇ ਜਗ੍ਹਾ ਇੱਟਾਂ ਲਾ ਕੇ ਵਾਪਸ ਜਾ ਰਿਹਾ ਸੀ। ਰਫਤਾਰ ਤੇਜ਼ ਹੋਣ ਕਾਰਨ ਟਰੈਕਟਰ ਬੇਕਾਬੂ ਹੋ ਗਿਆ ਤੇ ਸੁਖਵੀਰ ਸਿੰਘ ਡਿੱਗ ਕੇ ਗੰਭੀਰ ਜ਼ਖਮੀ ਹੋ ਗਿਆ। ਉਸ ਦੇ ਸਾਥੀਆਂ ਨੇ ਇਲਾਜ ਲਈ ਸਿਵਲ ਹਸਪਤਾਲ ਸ਼ਾਹਕੋਟ ਵਿੱਚ ਲਿਆਂਦਾ, ਜਿਥੇ ਐਮਰਜੈਂਸੀ ਡਿਊਟੀ 'ਤੇ ਮੌਜੂਦ ਡਾ. ਰੌਸ਼ਨ ਲਾਲ ਨੇ ਮੁੱਢਲੀ ਸਹਾਇਤਾ ਦੇਣ ਪਿੱਛੋਂ ਗੰਭੀਰ ਹਾਲਤ ਦੇਖਦਿਆਂ ਸਿਵਲ ਹਸਪਤਾਲ ਨਕੋਦਰ ਲਈ ਰੈਫਰ ਕਰ ਦਿੱਤਾ। ਨਕੋਦਰ ਵਿਖੇ ਡਿਊਟੀ 'ਤੇ ਮੌਜੂਦ ਡਾਕਟਰਾਂ ਨੇ ਸੁਖਵੀਰ ਸਿੰਘ ਨੂੰ ਮ੍ਰਿਤਕ ਐਲਾਨ ਕਰ ਦਿੱਤਾ। ਥਾਣਾ ਸ਼ਾਹਕੋਟ ਦੇ ਐਸ ਐਚ ਓ ਸੁਰਿੰਦਰ ਕੁਮਾਰ ਨੇ ਦੱਸਿਆ ਕਿ ਪੁਲਸ ਵੱਲੋਂ ਹਾਦਸੇ ਦੀ ਜਾਂਚ ਕੀਤੀ ਜਾ ਰਹੀ ਹੈ।

# ਅਮਿਤਾਬ ਬੱਚਨ ਨੇ ਬਿਹਾਰ ਦੇ 2100 ਕਿਸਾਨਾਂ ਦਾ ਕਰਜ਼ਾ ਭਰ ਦਿੱਤਾ

ਮੁੰਬਈ, 13 ਜੂਨ (ਪੋਸਟ ਬਿਊਰੋ)- ਬਾਲੀਵੁੱਡ ਦੇ ਨਾਇਕ ਅਮਿਤਾਬ ਬੱਚਨ ਨੇ ਬੀਤੇ ਦਿਨੀਂ ਦੱਸਿਆ ਕਿ ਉਨ੍ਹਾਂ ਬਿਹਾਰ ਦੇ ਦੋ ਹਜ਼ਾਰ ਤੋਂ ਵੱਧ ਕਿਸਾਨਾਂ ਦੀ ਕਰਜ਼ਾ ਚੁਕਾਉਣ 'ਚ ਮਦਦ ਕੀਤੀ ਹੈ। 76 ਸਾਲਾ ਅਦਾਕਾਰ ਨੇ ਇਹ ਜਾਣਕਾਰੀ ਆਪਣੇ ਬਲਾਗ ਰਾਹੀਂ ਜਨਤਕ ਤੌਰ ਉੱਤੇ ਦਿੱਤੀ ਹੈ।



ਇਸ ਸੰਬੰਧ ਵਿੱਚ ਅਮਿਤਾਬ ਬੱਚਨ ਨੇ ਦੱਸਿਆ ਕਿ ਉਨ੍ਹਾਂ ਕੁਝ ਕਿਸਾਨਾਂ ਨੂੰ ਆਪਣੇ ਘਰ ਬੁਲਾਇਆ ਤੇ ਆਪਣੇ ਬੱਚੇ ਅਭਿਸ਼ੇਕ ਅਤੇ ਸ਼ਵੇਤਾ ਬੱਚਨ ਦੇ ਹੱਥੋਂ ਰਾਸ਼ੀ ਦਾਨ ਕਰਵਾਈ। ਉਨ੍ਹਾਂ ਆਪਣੇ ਬਲਾਗ 'ਚ ਲਿਖਿਆ ਕਿ ਵਾਅਦਾ ਪੂਰਾ ਕਰ ਦਿੱਤਾ ਗਿਆ ਹੈ। ਬਿਹਾਰ ਦੇ 2100 ਕਿਸਾਨਾਂ ਨੇ ਬਕਾਇਆ ਕਰਜ਼ਿਆਂ ਦੇ ਇਕੱਠੇ ਭੁਗਤਾਨ (ਓ ਟੀ ਐਸ) ਰਾਹੀਂ ਬੈਂਕ ਨੂੰ ਰਕਮ ਅਦਾ ਕੀਤੀ ਹੈ। ਉਨ੍ਹਾਂ ਲਿਖਿਆ ਕਿ 2100 'ਚੋਂ ਕੁਝ ਕਿਸਾਨਾਂ ਨੂੰ ਜਨਕ (ਅਮਿਤਾਬ ਬੱਚਨ ਦਾ ਬੰਗਲਾ) ਵਿਖੇ ਬੁਲਾਇਆ ਗਿਆ ਤੇ ਉਨ੍ਹਾਂ ਨੂੰ ਨਿੱਜੀ ਤੌਰ 'ਤੇ ਸ਼ਵੇਤਾ ਤੇ ਅਭਿਸ਼ੇਕ ਦੇ ਹੱਥੋਂ ਰਾਸ਼ੀ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਉਹ ਪੁਲਵਾਮਾ ਅੱਤਵਾਦੀ ਹਮਲੇ ਦੇ ਸ਼ਹੀਦ ਪਰਵਾਰਾਂ ਨਾਲ ਕੀਤੇ ਵਾਅਦੇ ਵੀ ਨਿਭਾਉਣ ਜਾ ਰਹੇ ਹਨ। ਉਨ੍ਹਾਂ ਲਿਖਿਆ ਕਿ ਜਨਕ ਵਿਖੇ ਸ਼ਹੀਦਾਂ ਦੇ ਪਰਵਾਰਾਂ, ਜਿਨ੍ਹਾਂ ਨੇ ਪੁਲਵਾਮਾ ਹਮਲੇ 'ਚ ਜਾਨਾਂ ਵਾਰ ਦਿੱਤੀਆਂ, ਦੀ ਆਰਥਿਕ ਮਦਦ ਕਰਕੇ ਇਕ ਹੋਰ ਵਾਅਦਾ ਪੂਰਾ ਕੀਤਾ ਜਾਣਾ ਹੈ। ਇਸ ਤੋਂ ਪਹਿਲਾਂ ਅਮਿਤਾਬ ਬੱਚਨ ਨੇ ਉਤਰ ਪ੍ਰਦੇਸ਼ ਦੇ 1398 ਕਿਸਾਨਾਂ ਤੇ ਮਹਾਰਾਸ਼ਟਰ ਦੇ 350 ਕਿਸਾਨਾਂ ਦੀ ਵੀ ਮਦਦ ਕੀਤੀ ਸੀ।

# ਪੌਂਟੀ ਚੱਢਾ ਦਾ ਪੁੱਤਰ ਮੌਂਟੀ ਵਿਦੇਸ਼ ਭੱਜਣ ਲੱਗਾ ਏਅਰਪੋਰਟ ਤੋਂ ਕਾਬੂ

ਨਵੀਂ ਦਿੱਲੀ, 13 ਜੂਨ (ਪੋਸਟ ਬਿਊਰੋ)- ਦਿੱਲੀ ਪੁਲਿਸ ਦੇ ਇਕਨਾਮਿਕ ਆਫੈਂਸ ਵਿੰਗ ਨੇ ਮਨਪ੍ਰੀਤ ਸਿੰਘ ਚੱਢਾ ਉਰਫ ਮੌਂਟੀ ਚੱਢਾ ਨੂੰ ਧੋਖਾਧੜੀ ਦੇ ਦੋਸ਼ ਵਿੱਚ ਗ੍ਰਿਫਤਾਰ ਕਰ ਲਿਆ ਹੈ। ਇਹ ਗ੍ਰਿਫਤਾਰੀ ਬੁੱਧਵਾਰ ਰਾਤ ਦਿੱਲੀ ਏਅਰਪੋਰਟ ਉੱਤੇ ਹੋਈ ਹੈ। ਮਨਪ੍ਰੀਤ ਸਿੰਘ ਚੱਢਾ ਮਰਹੂਮ ਸ਼ਰਾਬ ਕਾਰੋਬਾਰੀ ਪੌਂਟੀ ਚੱਢਾ ਦਾ ਪੁੱਤਰ ਹੈ।

ਖਬਰ ਏਜੰਸੀ ਦੇ ਮੁਤਾਬਿਕ ਦਿੱਲੀ ਪੁਲਸ ਦੇ ਈ ਓ ਵਿੰਗ ਨੇ ਮਨਪ੍ਰੀਤ ਨੂੰ ਬੁੱਧਵਾਰ ਰਾਤ ਨਵੀਂ ਦਿੱਲੀ ਇੰਦਰਾ ਗਾਂਧੀ ਹਵਾਈ ਅੱਡੇ ਤੋਂ ਗ੍ਰਿਫਤਾਰ ਕੀਤਾ ਹੈ। ਧੋਖਾਧੜੀ ਦੇ ਕੇਸ ਵਿੱਚ ਦੋਸ਼ੀ ਵਿਦੇਸ਼ ਭੱਜਣ ਵਾਲਾ ਸੀ ਕਿ ਖੁਫੀਆ ਸੂਹ ਦੇ ਆਧਾਰ ਉੱਤੇ ਪਹਿਲਾਂ ਤੋਂ ਅਲਰਟ ਪੁਲਿਸ ਨੇ ਇੰਦਰਾ ਗਾਂਧੀ ਇੰਟਰਨੈਸ਼ਨਲ ਏਅਰਪੋਰਟ ਤੋਂ ਗ੍ਰਿਫਤਾਰ ਕਰ ਲਿਆ।

ਪੁਲਿਸ ਨੂੰ ਮਿਲੀ ਜਾਣਕਾਰੀ ਮੁਤਾਬਿਕ ਮਨਪ੍ਰੀਤ ਉਰਫ ਮੌਂਟੀ ਦੇ ਖਿਲਾਫ ਕਈ ਲੋਕਾਂ ਨੇ ਸ਼ਿਕਾਇਤ ਦਿੱਤੀ ਸੀ ਕਿ ਉਸ ਨੇ ਕਈ ਕੰਪਨੀਆਂ ਬਣਾ ਕੇ ਲੋਕਾਂ ਤੋਂ ਪੈਸੇ ਲਏ ਅਤੇ ਫਲੈਟ ਦੇਣ ਦਾ ਵਾਅਦਾ ਕੀਤਾ, ਪਰ ਵਾਅਦਾ ਝੂਠਾ ਸੀ। ਦੱਸਿਆ ਜਾਂਦਾ ਹੈ ਕਿ ਦਿੱਲੀ ਨੇੜੇ ਗਾਜ਼ੀਆਬਾਦ ਅਤੇ ਨੋਇਡਾ ਵਿੱਚ ਨਿਵੇਸ਼ਕਾਂ ਨੂੰ ਕੁਝ ਮਹੀਨਿਆਂ ਵਿੱਚ ਫਲੈਟ ਦੇਣ ਦਾ ਵਾਅਦਾ ਕੀਤਾ ਸੀ, ਪਰ ਕਈ ਸਾਲ ਬੀਤਣ ਪਿੱਛੋਂ ਵੀ ਨਾ ਫਲੈਟ ਦਿਤੇ ਤੇ ਨਾ ਪੈਸੇ ਦੇ ਰਿਹਾ ਸੀ। ਵੱਡੀ ਗਿਣਤੀ ਵਿੱਚ ਨਿਵੇਸ਼ਕਾਂ ਨੇ ਸ਼ਿਕਾਇਤ ਵਿੱਚ ਮੌਂਟੀ ਚੱਢਾ ਉੱਤੇ ਕਰੀਬ 100 ਕਰੋੜ ਰੁਪਏ ਤੋਂ ਵੱਧ ਦੇ ਫਰਾਡ ਦਾ ਦੋਸ਼ ਲਾਇਆ ਹੈ। ਲੋਕਾਂ ਦਾ ਕਹਿਣਾ ਹੈ ਕਿ 11 ਸਾਲ ਬਾਅਦ ਵੀ ਉਨ੍ਹਾਂ ਨੂੰ ਫਲੈਟ ਨਹੀਂ ਮਿਲੇ।

ਸਾਲ 2012 ਵਿੱਚ ਮੌਂਟੀ ਦੇ ਪਿਤਾ ਪੌਂਟੀ ਚੱਢਾ ਅਤੇ ਚਾਚਾ ਹਰਦੀਪ ਸਿੰਘ ਦੀ ਆਪਸੀ ਗੋਲੀਬਾਰੀ ਵਿੱਚ ਮੌਤ ਮਗਰੋਂ ਮਨਪ੍ਰੀਤ ਚੱਢਾ ਨੇ ਕਾਰੋਬਾਰ ਦੀ ਜ਼ਿੰਮੇਦਾਰੀ ਸੰਭਾਲੀ ਸੀ। ਓਦੋਂ ਦੱਖਣੀ ਦਿੱਲੀ ਵਿੱਚ ਛਤਰਪੁਰ ਦੇ ਫਾਰਮ ਹਾਊਸ ਵਿੱਚ ਸ਼ਰਾਬ ਕਾਰੋਬਾਰੀ ਪੌਂਟੀ ਚੱਢਾ ਅਤੇ ਉਸ ਦੇ ਭਰਾ ਹਰਦੀਪ ਚੱਢਾ ਦੀ ਆਪਸੀ ਗੋਲੀਬਾਰੀ ਵਿੱਚ ਮੌਤ ਹੋ ਗਈ ਸੀ। ਦੋਵਾਂ ਭਰਾਵਾਂ ਦਾ ਜਾਇਦਾਦ ਬਾਰੇ ਵਿਵਾਦ ਸੀ।

# ਸ਼ਾਂਤ ਗਿਣੇ ਜਾਂਦੇ ਦੇਸ਼ਾਂ ਦਾ ਸੂਚੀ ਵਿੱਚ ਭਾਰਤ ਫਾਡੀ

ਨਵੀਂ ਦਿੱਲੀ, 13 ਜੂਨ (ਪੋਸਟ ਬਿਊਰੋ)- ਭਾਰਤ 'ਚ ਸਮਾਜਿਕ ਵਿਵਸਥਾ ਵਿੱਚ ਸਹੂਲਤਾਂ ਭਲੇ ਹੀ ਵਧ ਰਹੀਆਂ ਹੋਣ, ਪਰ ਸ਼ਾਂਤੀ ਅਤੇ ਖੁਸ਼ਹਾਲੀ ਘੱਟ ਹੋ ਰਹੀ ਹੈ। ਅਜਿਹਾ ਦੁਨੀਆ ਦੇ 163 ਦੇਸ਼ਾਂ ਦੀ ਖਬਰ ਰੱਖਣ ਵਾਲੀ ਸੰਸਥਾ ਦਾ ਮੰਨਣਾ ਹੈ। ਭਾਰਤ ਸਾਲ ਭਰ ਇਸ ਸੂਚੀ ਵਿੱਚ ਪੰਜ ਰੈਂਕਿੰਗ ਡਿਗ ਕੇ 141ਵੇਂ ਸਥਾਨ ਉਤੇ ਆ ਗਿਆ ਹੈ। ਦੁਨੀਆ ਦਾ ਸਭ ਤੋਂ ਜ਼ਿਆਦਾ ਗੜਬੜ ਵਾਲਾ ਦੇਸ਼ ਅਫਗਾਨਿਸਤਾਨ ਮੰਨਿਆ ਗਿਆ ਹੈ।

ਆਸਟਰੇਲੀਆ ਦੀ ਸੰਸਥਾ ਇੰਸਟੀਚਿਊਟ ਫਾਰ ਇਕੋਨਾਮਿਕਸ ਐਂਡ ਪੀਸ, ਦੁਨੀਆ ਦੇ ਪ੍ਰਮੁੱਖ ਦੇਸ਼ਾਂ ਵਿੱਚ ਸ਼ਾਂਤੀ ਦਾ ਮੁਲਾਂਕਣ ਤਿੰਨ ਨੁਕਤਿਆਂ ਉੱਤੇ ਕਰਦੀ ਹੈ। ਇਹ ਹਨ ਸਮਾਜਿਕ ਸੁਰੱਖਿਆ ਦਾ ਪੱਧਰ, ਘਰੇਲੂ ਤੇ ਅੰਤਰਰਾਸ਼ਟਰੀ ਪੱਧਰ ਉਤੇ ਟਕਰਾਅ ਅਤੇ ਫੌਜੀ ਜਾਂ ਵਰਦੀਧਾਰੀ ਬਲਾਂ ਦੀ ਤਾਇਨਾਤੀ। ਇਨ੍ਹਾਂ ਮਾਪਦੰਡਾਂ 'ਤੇ





ਆਈਸਲੈਂਡ ਦੁਨੀਆ ਦਾ ਸਭ ਤੋਂ ਸ਼ਾਂਤ ਦੇਸ਼ ਬਣਦਾ ਹੈ। ਇਸ ਸੂਚੀ ਵਿੱਚ ਉਹ ਸਾਲ 2008 ਤੋਂ ਸਿਰਮੌਰ ਰਿਹਾ ਹੈ। ਇਸ ਪਿੱਛੋਂ ਨਿਊਜ਼ੀਲੈਂਡ, ਆਸਟਰੀਆ, ਪੁਰਤਗਾਲ ਅਤੇ ਡੈਨਮਾਰਕ ਹਨ। ਇਸ ਸੂਚੀ ਵਿੱਚ ਅਫਗਾਨਿਸਤਾਨ ਦੁਨੀਆ ਦਾ ਸਭ ਤੋਂ ਗੜਬੜ ਵਾਲਾ ਦੇਸ਼ ਹਨ। 2018 ਵਿੱਚ ਸਭ ਤੋਂ ਵੱਧ ਗੜਬੜ ਸੀਰੀਆ ਵਿੱਚ ਸੀ ਤੇ ਗੜਬੜ ਵਾਲੇ ਦੇਸ਼ਾਂ ਵਿੱਚ ਅੱਜ ਕੱਲ੍ਹ ਉਹ ਦੂਜੇ ਸਥਾਨ ਉੱਤੇ ਹੈ। ਉਸ ਤੋਂ ਬਾਅਦ ਦੱਖਣੀ ਸੁਡਾਨ, ਯਮਨ ਅਤੇ ਇਰਾਕ ਵਿੱਚ ਗੜਬੜ ਹੈ। ਦੱਖਣ ਏਸ਼ਿਆਈ ਦੇਸ਼ਾਂ ਵਿੱਚ ਭੂਟਾਨ ਸਭ ਤੋਂ ਵੱਧ ਸ਼ਾਂਤ ਹੈ। ਕੌਮਾਂਤਰੀ ਸੂਚੀ ਵਿੱਚ ਉਹ 15ਵੇਂ ਥਾਂ ਉਤੇ ਹੈ। ਉਸ ਤੋਂ ਬਾਅਦ ਸ੍ਰੀਲੰਕਾ ਵਿੱਚ ਸ਼ਾਂਤੀ ਹੈ, ਪਰ ਉਹ ਕੌਮਾਂਤਰੀ ਸੂਚੀ ਵਿੱਚ 72ਵੇਂ ਸਥਾਨ ਉੱਤੇ ਹੈ। ਅੰਤਰਰਾਸ਼ਟਰੀ ਸੂਚੀ ਵਿੱਚ ਨੇਪਾਲ 76ਵੇਂ ਸਥਾਨ ਉਤੇ ਅਤੇ ਬੰਗਲਾ ਦੇਸ਼ 101ਵੇਂ ਸਥਾਨ ਉਤੇ ਹੈ। ਪਾਕਿਸਤਾਨ 153ਵੇਂ ਸਥਾਨ 'ਤੇ ਹੈ। ਭਾਰਤ ਉਨ੍ਹਾਂ ਨੌਂ ਦੇਸ਼ਾਂ ਵਿੱਚ ਸ਼ਾਮਲ ਹੈ, ਜਿਥੇ ਮੌਸਮ ਤੇ ਕੁਦਰਤੀ ਆਫਤ ਦਾ ਸਭ ਤੋਂ ਵੱਡਾ ਖਤਰਾ ਹੈ। ਇਹੋ ਜਿਹੇ ਹੋਰ ਅੱਠ ਦੇਸ਼ ਫਿਲਪੀਨ, ਜਾਪਾਨ, ਬੰਗਲਾਦੇਸ, ਮਿਆਂਮਾਰ, ਚੀਨ, ਇੰਡੋਨੇਸ਼ੀਆ, ਵੀਅਤਨਾਮ ਅਤੇ ਪਾਕਿਸਤਾਨ ਹਨ। ਭਾਰਤ ਫੌਜ 'ਤੇ ਸਭ ਤੋਂ ਵੱਧ ਖਰਚ ਕਰਨ ਵਾਲੇ ਦੁਨੀਆ ਦੇ ਪੰਜ ਦੇਸ਼ਾਂ ਵਿੱਚ ਹੈ। ਇਸ ਸੂਚੀ ਵਿੱਚ ਹੋਰ ਦੇਸ਼ ਅਮਰੀਕਾ, ਚੀਨ, ਸਾਊਦੀ ਅਰਬ ਅਤੇ ਰੂਸ ਸ਼ਾਮਲ ਹਨ।








# ਸੰਪਾਦਕੀ

## ਬਿੱਲ 69 ਨੂੰ ਲੈ ਕੇ ਖੇਡੀ ਜਾ ਰਹੀ ਖਿੱਦੋ ਖੂੰਡੀ

ਕੈਨੇਡਾ ਵਿੱਚ ਵੱਡੇ ਬੁਨਿਆਦੀ ਢਾਂਚੇ ਦੇ ਪ੍ਰੋਜੈਕਟਾਂ ਮਿਸਾਲ ਵਜੋਂ ਅੰਤਰ-ਪ੍ਰੋਵਿੰਸ਼ੀਅਲ ਪਾਈਪਲਾਈਨ ਪ੍ਰੋਜੈਕਟ, ਨਿਊਕਲੀਅਰ ਪ੍ਰੋਜੈਕਟ ਜਾਂ ਵੱਡੇ ਪੱਧਰ ਉੱਤੇ ਖਣਿਜ ਕੱਢਣ ਦੇ ਪ੍ਰੋਜੈਕਟਾਂ ਦਾ ਰੀਵਿਊ ਕਰਨ ਦੀ ਜੁੰਮੇਵਾਰੀ ਫੈਡਰਲ ਸਰਕਾਰ ਦੀ ਹੁੰਦੀ ਹੈ। ਅਜਿਹੇ ਪ੍ਰੋਜੈਕਟਾਂ ਦਾ ਚੰਗਾ ਮੰਦਾ ਪ੍ਰਭਾਵ ਇੱਕ ਜਾਂ ਵੱਧ ਪ੍ਰੋਵਿੰਸਾਂ ਉੱਤੇ ਪੈਂਦਾ ਹੈ। ਐਨਰਜੀ ਨਾਲ ਸਬੰਧਿਤ ਨਵੇਂ ਪ੍ਰੋਜੈਕਟ ਸਥਾਪਤ ਕਰਨ ਬਾਰੇ ਰੀਵਿਊ ਦੋ ਕਾਨੂੰਨਾਂ, ਨੈਸ਼ਨਲ ਐਨਰਜੀ ਬੋਰਡ ਐਕਟ (National Enegry Board Act {NEBA}) ਅਤੇ ਕੈਨੇਡੀਅਨ ਐਨਵਾਇਰਨਮੈਂਟਲ ਅਸੈਸਮੈਂਟ ਏਜੰਸੀ ਐਕਟ (Canadian Environmental Assessment Agency {CEAA} ) ਤਹਿਤ ਕੀਤਾ ਜਾਂਦਾ ਹੈ।

ਲਿਬਰਲ ਸਰਕਾਰ ਵੱਲੋਂ 2016 ਵਿੱਚ ਇੱਕ ਬਿੱਲ ਛ-69 ਪੇਸ਼ ਕੀਤਾ ਗਿਆ ਜਿਸਦਾ ਮਕਸਦ NEBA ਅਤੇ CEAA ਦਾ ਆਧੁਨਿਕਰਣ ਕਰਨਾ ਸੀ। ਨਵੇਂ ਬਿੱਲ ਦਾ ਮੁੱਖ ਮਕਸਦ ਉਸ ਪ੍ਰਕਿਰਿਆ ਨੂੰ ਬਦਲਣਾ ਸੀ ਜਿਸ ਅਨੁਸਾਰ ਵੱਡੇ ਐਨਰਜੀ ਪ੍ਰੋਜੈਕਟਾਂ ਦਾ ਰੀਵਿਊ ਕਰਕੇ ਮਨਜ਼ੂਰੀ ਦਿੱਤੀ ਜਾਂਦੀ ਹੈ। ਕਿਉਂਕਿ ਲਿਬਰਲ ਸਰਕਾਰ ਦੇ ਏਜੰਡੇ ਉੱਤੇ ਕਲਾਈਮੇਟ ਚੇਂਜ (climate change) ਅਤੇ ਵਾਤਾਵਰਣ ਦੀ ਰਖਵਾਲੀ ਭਾਰੂ ਹਨ, ਮਾਹਰਾਂ ਵੱਲੋਂ ਕਿਹਾ ਜਾ ਰਿਹਾ ਹੈ ਕਿ ਨਵਾਂ ਬਿੱਲ ਨਵੇਂ ਪ੍ਰੋਜੈਕਟਾਂ ਦੇ ਪਾਸ ਹੋਣ ਵਿੱਚ ਦਿੱਕਤਾਂ ਖੜੀਆਂ ਕਰੇਗਾ ਜਿਸ ਨਾਲ ਜੌਬਾਂ ਦਾ ਅਤੇ ਆਰਥਕਤਾ ਦਾ ਨੁਕਸਾਨ ਹੋਵੇਗਾ।

ਉਪਰੋਕਤ ਦਾ ਅਰਥ ਹੈ ਕਿ ਪਾਈਪਲਾਈਨ ਪ੍ਰੋਜੈਕਟਾਂ ਨੂੰ ਸੌਖਿਆਂ ਸਥਾਪਤ ਕਰਨ ਦੇ ਚਾਹਵਾਨ ਕੰਜ਼ਰਵੇਟਿਵਾਂ ਅਤੇ ਗਰੀਨ ਏਜੰਡੇ ਨੂੰ ਪਹਿਲ ਦੇਣ ਵਾਲੇ ਲਿਬਰਲਾਂ ਵਿੱਚ ਬਿੱਲ ਸੀ 69 ਖਿੱਦੋਖੂੰਡੀ ਦੀ ਖੇਡ ਬਣ ਕੇ ਰਹਿ ਗਿਆ ਹੈ। ਫੈਡਰਲ ਕੰਜ਼ਰਵੇਟਿਵਾਂ, ਉਂਟੇਰੀਓ, ਅਲਬਰਟਾ, ਸਸਕੈਚਵਨ ਪ੍ਰੋਵਿੰਸਾਂ ਵੱਲੋਂ ਇਸ ਬਿੱਲ ਦਾ ਘੋਰ ਵਿਰੋਧ ਕੀਤਾ ਜਾ ਰਿਹਾ ਹੈ। ਇਹ ਆਖਣਾ ਗਲਤ ਹੋਵੇਗਾ ਕਿ ਇਸ ਬਿੱਲ ਦਾ ਵਿਰੋਧ ਮਹਿਜ਼ ਸਿਆਸੀ ਲਾਈਨਾਂ ਉੱਤੇ ਕੀਤਾ ਜਾ ਰਿਹਾ ਹੈ। ਦੋ ਦਿਨ ਪਹਿਲਾਂ Association of Canadian Port Authorities, Calgary Chamber of Commerce, Canadian Association of Petroleum Producers, Canadian Energy Pipeline Association, Canadian Gas Association, Chemistry Industry Association of Canada, The Explorers and Producers Association of Canada, Independent Contractors and Businesses Association of BC, aqy Petroleum Services Association of Canada ਦੇ ਮੁਖੀਆਂ ਵੱਲੋਂ ਇੱਕ ਸਾਂਝਾ ਐਡੀਟੋਰੀਅਲ ਲਿਖਿਆ ਗਿਆ। ਐਡੀਟੋਰੀਅਲ ਵਿੱਚ ਕਿਹਾ ਹੈ ਕਿ ਜੇ ਬਿੱਲ ਨੂੰ ਉਵੇਂ ਹੀ ਲਾਗੂ ਕਰ ਦਿੱਤਾ ਜਾਂਦਾ ਜਿਵੇਂ ਹਾਊਸ ਆਫ਼ ਕਾਮਨਜ਼ ਵੱਲੋਂ ਸੀਨੇਟ ਕੋਲ ਭੇਜਿਆ ਗਿਆ ਸੀ ਤਾਂ ਕੈਨੇਡਾ ਵਿੱਚ ਸ਼ਾਇਦ ਹੀ ਕੋਈ ਵੱਡਾ ਪ੍ਰੋਜੈਕਟ ਆਰੰਭ ਹੋ ਪਾਉਂਦਾ। ਉਪਰੋਕਤ ਮਾਹਰ ਸੰਸਥਾਵਾਂ ਦਾ ਮੰਨਣਾ ਹੈ ਕਿ ਸੀਨੇਟ ਨੇ ਇਸ ਬਿੱਲ ਬਾਰੇ ਲੰਬੇ ਚੌੜੇ ਪੱਧਰ ਉੱਤੇ ਸਲਾਹ ਮਸ਼ਵਰੇ ਅਤੇ ਵੱਖ 2 ਮਾਹਰਾਂ ਦੀ ਰਾਏ ਤੋਂ ਬਾਅਦ ਸੌ ਦੇ ਕਰੀਬ ਨਵੇਂ ਸੁਝਾਅ ਦੇ ਕੇ ਇਸਨੂੰ ਲਾਗੂ ਕਰਨ ਯੋਗ ਬਣਾਇਆ ਹੈ। ਚੇਤੇ ਰਹੇ ਕਿ ਕੰਜ਼ਰਵੇਟਿਵ ਸੀਨੇਟਰਾਂ ਵੱਲੋਂ ਦਿੱਤੇ ਗਏ ਦੋ ਦਰਜਨ ਦੇ ਕਰੀਬ ਸੁਝਾਅ ਹਨ ਜਿਹਨਾਂ ਨੂੰ ਕਬੂਲ ਕਰਨ ਤੋਂ ਲਿਬਰਲਾਂ ਨੇ ਸਾਫ ਨਾਂਹ ਕਰ ਦਿੱਤੀ ਹੈ।

ਜਿੱਥੇ ਤੱਕ ਸਿਆਸੀ ਕਸ਼ਮਕਸ਼ ਦਾ ਸੁਆਲ ਹੈ, ਜੇ ਇੱਕ ਪਾਸੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਐਥੇ ਤੱਕ ਆਖ ਚੁੱਕੇ ਹਨ ਕਿ ਵਾਤਾਵਰਣ ਨੂੰ ਖਰਾਬ ਕਰਕੇ ਪ੍ਰੋਜੈਕਟ ਲਾਉਣ ਵਾਲੇ ਲੋਕ 'ਦੇਸ਼ ਧਰੋਹੀ' ਹਨ ਤਾਂ ਦੂਜੇ ਪਾਸੇ ਕੰਜ਼ਰਵੇਟਿਵ ਲੀਡਰ ਐਂਡਰੀਊ ਸ਼ੀਅਰ ਨੇ ਚੇਤਾਵਨੀ ਦਿੱਤੀ ਹੈ ਕਿ ਲਿਬਰਲ ਪਾਰਟੀ ਦਾ ਸਟੈਂਡ 'ਦੇਸ਼ ਦੀ ਅਖੰਡਤਾ' ਨੂੰ ਖਤਰੇ ਵਿੱਚ ਪਾਉਣ ਵਾਲਾ ਹੈ। ਉਹਨਾਂ ਦਾ ਇਸ਼ਾਰਾ ਅਲਬਰਟਾ, ਸਸਕੈਚਵਨ ਅਤੇ ਉਂਟੇਰੀਓ ਵਰਗੇ ਪ੍ਰੋਵਿੰਸਾਂ ਵੱਲੋਂ ਫੈਡਰਲ ਸਰਕਾਰ ਵਿਰੁੱਧ ਬਿਗਲ ਵਜਾਏ ਜਾਣ ਦੀ ਸੰਭਾਵਨਾ ਬਾਰੇ ਹੈ। ਵਰਨਣਯੋਗ ਹੈ ਕਿ ਜ਼ਿਆਦਾਤਰ ਫਸਟ ਨੇਸ਼ਨਜ਼ ਵੀ ਬਿੱਲ 69 ਦੇ ਵਿਰੋਧ ਵਿੱਚ ਭੁਗਤ ਰਹੇ ਹਨ।

ਇਹ ਮੰਨਣ ਵਿੱਚ ਕੋਈ ਔਖਿਆਈ ਨਹੀਂ ਹੋਣੀ ਚਾਹੀਦੀ ਕਿ 2016 ਵਿੱਚ ਪੇਸ਼ ਕੀਤੇ ਜਿਸ ਬਿੱਲ ਨੂੰ ਬਹੁਮਤ ਹੋਣ ਦੇ ਬਾਵਜੂਦ ਲਿਬਰਲ ਹਾਲੇ ਤੱਕ ਪਾਸ ਨਹੀਂ ਕਰ ਪਾਏ, ਜਰੂਰ ਉਸ ਵਿੱਚ ਗੰਭੀਰ ਖਾਮੀਆਂ ਹੋਣਗੀਆਂ ਜਿਹਨਾਂ ਨੂੰ ਦਰੁਸਤ ਕਰਨ ਲਈ ਐਨਾ ਸਮਾਂ ਦਿੱਤਾ ਗਿਆ। ਦੂਜੇ ਪਾਸੇ ਵਿਰੋਧੀ ਖੇਮਿਆਂ ਲਈ ਵੀ ਸੋਚਣਾ ਬਣਦਾ ਹੈ ਕਿ ਬਹੁਮਤ ਸਰਕਾਰ ਕਦੋਂ ਤੱਕ ਉਹਨਾਂ ਦੀ ਗੱਲ ਨੂੰ ਸੁਣਦੀ ਰਹੇਗੀ? ਦੇਰ ਸਵੇਰ ਇਸ ਬਿੱਲ ਨੂੰ ਲਿਬਰਲ ਪਾਸ ਤਾਂ ਕਰਨਗੇ ਪਰ ਸਿਆਸੀ ਲਕੀਰਾਂ ਦੀ ਕੁੱੜਤਣ ਹੋਰ ਪੀਢੀ ਹੋਣ ਦੀਆਂ ਸਪੱਸ਼ਟ ਸੰਭਾਵਨਾਵਾਂ ਹਨ। ਵਾਤਾਵਰਣ ਦਾ ਮੁੱਦਾ ਹੀ ਅਜਿਹਾ ਹੈ ਜਿਸ ਬਾਰੇ ਵਿਸ਼ਵ ਭਰ ਵਿੱਚ ਕਿਸੇ ਇੱਕ 'ਪਹੁੰਚ' ਦੇ ਸਹੀ ਹੋਣ ਬਾਰੇ ਸਹਿਮਤੀ ਨਹੀਂ ਹੈ। ਜਿੱਥੇ ਨਵੇਂ ਪ੍ਰੋਜੈਕਟ ਲੱਗਣ ਦਾ ਭਾਵ ਵੱਧ ਜੌਬਾਂ ਅਤੇ ਖੁਸ਼ਹਾਲ ਆਰਥਕਤਾ ਹੈ, ਉੱਥੇ ਵਾਤਾਵਰਣ ਦੀ ਰਖਵਾਲੀ ਬਾਰੇ ਸੋਚਣਾ ਭੱਵਿਖ ਲਈ ਥੋੜਾ ਚੰਗਾ ਕੰਮ ਕਰਨਾ ਹੋਵੇਗਾ। ਇਸ ਪਰੀਪੇਖ ਤੋਂ ਵੇਖਿਆਂ ਇਸ ਮਸਲੇ ਦਾ ਹੱਲ ਸਾਰੀਆਂ ਧਿਰਾਂ ਵੱਲੋਂ ਮੱਧਵਰਗੀ ਪਹੁੰਚ ਅਪਨਾਉਣ ਵਿੱਚ ਹੈ ਨਾ ਕਿ ਸਖ਼ਤ ਸਟੈਂਡ ਲੈਣ ਵਿੱਚ।

## 30 ਸਾਲ ਦੀ ਉਮਰ ਵਿੱਚ 175 ਕੇਸ ਦਰਜ, ਜੇਲ੍ਹ ਤੋਂ ਨਿਕਲ ਕੇ ਚੋਰੀ ਕੀਤੀਆਂ 15 ਗੱਡੀਆਂ

ਪੰਚਕੂਲਾ, 13 ਜੂਨ (ਪੋਸਟ ਬਿਊਰੋ)- ਕਰਾਈਮ ਬ੍ਰਾਂਚ ਸੈਕਟਰ 19 ਦੀ ਟੀਮ ਨੇ ਹਿਸਟ੍ਰੀਸ਼ੀਟਰ ਕਾਰ ਚੋਰ ਤੀਹ ਸਾਲ ਦੇ ਕੁਲਦੀਪ ਨੂੰ ਗ੍ਰਿਫਤਾਰ ਕੀਤਾ ਹੈ। ਇਸ ਚੋਰ ਨੂੰ ਵਾਟਸਐਪ 'ਤੇ ਵਾਇਰਲ ਕੀਤੀ ਫੋਟੋ ਤੋਂ ਫੜਿਆ ਗਿਆ ਹੈ। ਇਸ ਕੋਲੋਂ 15 ਗੱਡੀਆਂ ਵੀ ਰਿਕਵਰ ਹੋਈਆਂ ਹਨ। ਕੁਲਦੀਪ ਦੇ ਖਿਲਾਫ ਗੱਡੀ ਚੋਰੀ, ਸ਼ੀਸ਼ਾ ਤੋੜ ਸਾਮਾਨ ਚੋਰੀ ਕਰਨ ਦੇ ਕਰੀਬ 175 ਮਾਮਲੇ ਦਰਜ ਹਨ। ਉਹ ਦਸੰਬਰ ਵਿੱਚ ਇੱਕ ਚੋਰੀ ਦੇ ਕੇਸ ਵਿੱਚ ਜੇਲ੍ਹ 'ਚੋਂ ਬਾਹਰ ਆਇਆ ਅਤੇ ਆਉਣ ਪਿੱਛੋਂ ਉਹ 15 ਗੱਡੀਆਂ ਚੋਰੀ ਕਰ ਚੁੱਕਾ ਹੈ। ਉਹ ਇੱਕ ਗੱਡੀ ਚੋਰੀ ਕਰਨ ਵਿੱਚ ਕੁੱਲ ਡੇਢ ਮਿੰਟ ਲਾਉਂਦਾ ਸੀ ਤੇ ਤਾਰ ਨਾਲ ਉਸ ਦਾ ਲਾਕ ਖੋਲ੍ਹਦਾ ਸੀ। ਇਸ ਦੇ ਬਾਅਦ ਗੱਡੀ ਸਟਾਰਟ ਕਰ ਕੇ ਲੈ ਜਾਂਦਾ ਸੀ।

ਅੰਬਾਲਾ ਦੇ ਮੋਹਨਨਗਰ ਦੇ ਵਸਨੀਕ ਕੁਲਦੀਪ ਦੇ ਪਰਵਾਰ ਵਿੱਚ ਕੋਈ ਨਹੀਂ ਹੈ। ਉਸ ਨੇ ਜ਼ਿਆਦਾਤਰ ਮਾਰੂਤੀ 800, ਆਲਟੋ, ਸਵਿਫਟ, ਵਰਨਾ ਗੱਡੀਆਂ ਚੋਰੀ ਕੀਤੀਆਂ ਹਨ। ਗੱਡੀ ਚੋਰੀ ਦੇ ਬਾਅਦ ਕੁਝ ਦਿਨ ਆਪਣੇ ਕੋਲ ਰੱਖਦਾ ਤੇ ਫਿਰ ਉਸ ਨੂੰ ਯੂ ਪੀ ਲੈ ਕੇ ਜਾਂਦਾ ਸੀ। ਗੱਡੀ ਨੂੰ 10 ਹਜ਼ਾਰ ਤੋਂ ਇੱਕ ਲੱਖ ਰੁਪਏ ਵਿੱਚ ਵੇਚ ਦਿੰਦਾ ਅਤੇ ਵੇਚਣ ਤੋਂ ਪਹਿਲਾਂ ਦੂਸਰੀ ਗੱਡੀ ਚੋਰੀ ਕਰਦਾ ਸੀ। ਕੁਲਦੀਪ 'ਤੇ ਜਮਨਾਨਗਰ, ਅੰਬਾਲਾ, ਕੁਰੂਕਸ਼ੇਤਰ, ਰੋਹਤਕ, ਹਿਸਾਰ, ਪੰਚਕੂਲਾ ਸਮੇਤ ਕਈ ਜ਼ਿਲ੍ਹਿਆਂ ਵਿੱਚ ਕੇਸ ਦਰਜ ਹਨ। ਸਭ ਤੋਂ ਪਹਿਲਾਂ 2003 ਵਿੱਚ ਗੱਡੀ ਚੋਰੀ ਕੀਤੀ ਸੀ।

## ਫੋਰਡ ਸਰਕਾਰ ਨੇ 141 ਮਿਲੀਅਨ ਡਾਲਰ ਟੋਰੀਜ਼ ਦੀ ਨੁਮਾਇੰਦਗੀ ਵਾਲੀਆਂ ਪੇਂਡੂ ਕਮਿਊਨਿਟੀਜ਼ ਨੂੰ ਦਿੱਤੇ

...ਪੰਨਾ 1 ਦਾ ਬਾਕੀ

ਓਨਟਾਰੀਓ ਦੀਆਂ 444 ਮਿਊਂਸਪੈਲਿਟੀਜ਼ ਨੂੰ ਮੁਹੱਈਆ ਕਰਵਾਏ ਗਏ ਫੰਡ ਬਜਟ ਤੋਂ ਦੋ ਹਫਤੇ ਪਹਿਲਾਂ ਦਿੱਤੇ ਗਏ। ਪਬਲਿਕ ਹੈਲਥ ਯੂਨਿਟਸ ਤੇ ਹੋਰਨਾਂ ਪ੍ਰੋਗਰਾਮਾਂ ਲਈ ਬਜਟ ਵਿੱਚ ਕਟੌਤੀਆਂ ਤੋਂ ਬਾਅਦ ਇਹ ਰਕਮ ਮਿਊਂਸਪੈਲਿਟੀਜ਼ ਨੂੰ ਮਿਲੀ। ਇਸ ਦੌਰਾਨ ਪ੍ਰੀਮੀਅਰ ਡੱਗ ਫੋਰਡ ਵੱਲੋਂ ਇਹ ਆਖਿਆ ਜਾ ਰਿਹਾ ਹੈ ਕਿ ਪ੍ਰੋਵਿੰਸ ਦੇ ਘਾਟੇ ਨੂੰ ਖ਼ਤਮ ਕਰਨ ਲਈ ਸਾਰੀਆਂ ਮਿਊਂਸਪੈਲਿਟੀਜ਼ ਨੂੰ 4 ਫੀ ਸਦੀ ਦੀ ਬਚਤ ਕਰਨੀ ਚਾਹੀਦੀ ਹੈ।

ਵਿੱਤੀ ਸੰਕਟ ਦੌਰਾਨ ਮਿਲਣ ਵਾਲੇ ਫੰਡ ਕਈ ਮੇਅਰਜ਼ ਲਈ ਹੈਰਾਨੀ ਵਾਲੀ ਗੱਲ ਹੈ। ਇਨ੍ਹਾਂ ਵਿੱਚੋਂ ਕੁੱਝ ਮੇਅਰਜ਼ ਦਾ ਕਹਿਣਾ ਹੈ ਕਿ ਇਹ ਫੰਡ ਹਾਸਲ ਹੋਣ ਤੋਂ ਦੋ ਮਹੀਨੇ ਬਾਅਦ ਵੀ ਉਹ ਇਹ ਫੈਸਲਾ ਨਹੀਂ ਕਰ ਪਾ ਰਹੇ ਕਿ ਇਨ੍ਹਾਂ ਨੂੰ ਖਰਚ ਕਿਸ ਤਰ੍ਹਾਂ ਕੀਤਾ ਜਾਣਾ ਚਾਹੀਦਾ ਹੈ। ਇੱਕ ਵਿਸ਼ਲੇਸ਼ਣ ਅਨੁਸਾਰ ਵੰਡੇ ਗਏ 200 ਮਿਲੀਅਨ ਡਾਲਰ ਵਿੱਚ 70.8 ਫੀ ਸਦੀ (ਭਾਵ 141 ਮਿਲੀਅਨ ਡਾਲਰ) ਉਨ੍ਹਾਂ ਹਲਕਿਆਂ ਦੀਆਂ ਮਿਊਂਸਪੈਲਿਟੀਜ਼ ਨੂੰ ਦਿੱਤੇ ਗਏ ਜਿਨ੍ਹਾਂ ਦੀ ਨੁਮਾਇੰਦਗੀ ਪ੍ਰੋਗਰੈਸਿਵ ਕੰਜ਼ਰਵੇਟਿਵਜ਼ ਕਰਦੇ ਹਨ। ਐਨਡੀਪੀ ਦੀ ਅਗਵਾਈ ਵਾਲੇ ਹਲਕਿਆਂ ਨੂੰ 36.2 ਮਿਲੀਅਨ ਡਾਲਰ (ਭਾਵ 18.2 ਫੀ ਸਦੀ) ਦਿੱਤੇ ਗਏ ਜਦਕਿ ਲਿਬਰਲਾਂ, ਜਿਨ੍ਹਾਂ ਕੋਲ ਵਿਧਾਨਸਭਾ ਵਿੱਚ ਸਿਰਫ ਸੱਤ ਸੀਟਾਂ ਹੀ ਹਨ, ਦੇ ਹਿੱਸੇ 3.1 ਮਿਲੀਅਨ ਡਾਲਰ (ਭਾਵ 1.6 ਫੀ ਸਦੀ ) ਹੀ ਆਏ।

ਇੱਥੇ ਦੱਸਣਾ ਬਣਦਾ ਹੈ ਕਿ ਕੁਈਨਜ਼ ਪਾਰਕ ਵਿੱਚ ਪੀਸੀ ਪਾਰਟੀ ਕੋਲ 124 ਸੀਟਾਂ ਵਿੱਚੋਂ 73 ਸੀਟਾਂ ਹਨ। ਸਰਕਾਰ ਇਸ ਦੀ ਸਫਾਈ ਦਿੰਦੀ ਆਖਦੀ ਹੈ ਕਿ ਇਹ ਪੈਸਾ ਆਕਾਰ ਦੇ ਆਧਾਰ ਉੱਤੇ ਹੀ ਪੇਂਡੂ ਮਿਊਂਸਪੈਲਿਟੀਜ਼ ਨੂੰ ਵੰਡਿਆ ਗਿਆ। ਮਿਊਂਸਪਲ ਮਾਮਲਿਆਂ ਬਾਰੇ ਮੰਤਰੀ ਸਟੀਵ ਕਲਾਰਕ ਦਾ ਕਹਿਣਾ ਹੈ ਕਿ ਇਸ ਫੰਡ ਲਈ ਕਿਸੇ ਤਰ੍ਹਾਂ ਦੀ ਸ਼ਰਤ ਨਹੀਂ ਸੀ ਰੱਖੀ ਗਈ। ਅਸਲ ਵਿੱਚ ਇਹ ਫੰਡ ਨਿੱਕੀਆਂ ਮਿਊਂਸਪੈਲਿਟੀਜ਼ ਦੇ ਹੱਥ ਮਜ਼ਬੂਤ ਕਰਨ ਲਈ ਦਿੱਤੇ ਗਏ ਸਨ।

## ਮਾਹਿਰਾਂ ਦੇ ਪੈਨਲ ਵੱਲੋਂ ਕੈਨੇਡਾ ਲਈ ਫਾਰਮਾਕੇਅਰ ਸਿਸਟਮ ਲਿਆਉਣ ਦੀ ਸਿਫਾਰਿਸ਼

...ਪੰਨਾ 1 ਦਾ ਬਾਕੀ

ਬੁੱਧਵਾਰ ਨੂੰ ਪੇਸ਼ ਕੀਤੀ ਗਈ ਆਪਣੀ ਫਾਈਨਲ ਰਿਪੋਰਟ ਵਿੱਚ ਪੈਨਲ ਨੇ ਆਖਿਆ ਕਿ ਇਸ ਤਰ੍ਹਾਂ ਦੀਆਂ ਨਿੱਕੀਆਂ ਤਬਦੀਲੀਆਂ ਦੀ ਥਾਂ ਪਬਲਿਕ ਹੈਲਥ ਕੇਅਰ ਸਿਸਟਮ ਵਾਂਗ ਫਾਰਮਾਕੇਅਰ ਸਿਸਟਮ ਲਿਆਂਦੇ ਜਾਣ ਦੀ ਲੋੜ ਹੈ ਜਿਸ ਦੇ ਮਾਪਦੰਡ ਫੈਡਰਲ ਸਰਕਾਰ ਵੱਲੋਂ ਤੈਅ ਕੀਤੇ ਜਾਣ ਤੇ ਜਿਸ ਨੂੰ ਫੈਡਰਲ ਫੰਡ ਹਾਸਲ ਹੋ ਸਕਣ। ਪੈਨਲ ਵੱਲੋਂ ਇਹ ਸਲਾਹ ਵੀ ਦਿੱਤੀ ਗਈ ਕਿ ਇਸ ਦਾ ਪ੍ਰਸ਼ਾਸਨ ਪ੍ਰੋਵਿੰਸ਼ੀਅਲ ਤੇ ਟੈਰੀਟੋਰੀਅਲ ਸਰਕਾਰਾਂ ਵੱਲੋਂ ਕੀਤਾ ਜਾਵੇ। ਵਿਅਕਤੀ ਵਿਸ਼ੇਸ਼ ਨੂੰ ਸਪਲੀਮੈਂਟਲ ਡਰੱਗ ਇੰਸ਼ੋਰੈਂਸ ਮਿਲਣੀ ਚਾਹੀਦੀ ਹੈ ਫਿਰ ਭਾਵੇਂ ਉਹ ਖੁਦ ਮਿਲੇ ਜਾਂ ਕੰਮ ਵਾਲੀ ਥਾਂ ਦੇ ਬੈਨੇਫਿਟਜ਼ ਪ੍ਰੋਗਰਾਮਾਂ ਰਾਹੀਂ ਮਿਲੇ।

ਪਿਛਲੀ ਪ੍ਰੋਵਿੰਸ਼ੀਅਲ ਲਿਬਰਲ ਸਰਕਾਰ ਵੇਲੇ ਓਨਟਾਰੀਓ ਦੇ ਸਿਹਤ ਮੰਤਰੀ ਰਹੇ ਡਾ. ਐਰਿਕ ਹੌਸਕਿੰਜ਼ ਵੱਲੋਂ ਆਪਣੀ ਕਾਊਂਸਲ ਦੀਆਂ ਲੱਭਤਾਂ ਓਟਵਾ ਵਿੱਚ ਪੇਸ਼ ਕੀਤੀਆਂ ਗਈਆਂ। ਗਰੁੱਪ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਦੀ ਯੋਜਨਾ ਨਾਲ ਸਾਲਾਨਾ 5 ਬਿਲੀਅਨ ਡਾਲਰ ਦੀ ਬਚਤ ਹੋਵੇਗੀ। ਹਰੇਕ ਪਰਿਵਾਰ ਨੂੰ ਸਾਲ ਦੇ ਔਸਤਨ 350 ਡਾਲਰ ਬਚਣਗੇ। ਰਿਪੋਰਟ ਵਿੱਚ ਆਖਿਆ ਗਿਆ ਕਿ 2018 ਵਿੱਚ ਕੈਨੇਡੀਅਨਾਂ ਵੱਲੋਂ ਨੁਸਖੇ ਵਾਲੀਆਂ ਦਵਾਈਆਂ ਉੱਤੇ 34 ਬਿਲੀਅਨ ਡਾਲਰ ਖਰਚ ਕੀਤੇ ਗਏ। ਹਸਪਤਾਲਾਂ ਤੋਂ ਬਾਅਦ ਹੈਲਥ ਕੇਅਰ ਵਿੱਚ ਸੱਭ ਤੋਂ ਵੱਧ ਖਰਚ ਦਵਾਈਆਂ ਉੱਤੇ ਹੀ ਹੁੰਦਾ ਹੈ।

ਹੌਸਕਿੰਜ਼ ਦੇ ਪੈਨਲ ਵੱਲੋਂ ਕੀਤੀ ਗਈ ਸਿਫਾਰਿਸ਼ ਅਨੁਸਾਰ ਨੁਸਖੇ ਵਾਲੀਆਂ ਦਵਾਈਆਂ ਦੀ ਕੌਮੀ ਪੱਧਰ ਉੱਤੇ ਲਿਸਟ ਤਿਆਰ ਕਰਨ ਦੀ ਜ਼ਿੰਮੇਵਾਰੀ ਇੱਕ ਨਵੀਂ ਡਰੱਗ ਏਜੰਸੀ ਨੂੰ ਦਿੱਤੀ ਜਾਵੇ। ਇਹ ਸੂਚੀ ਪਹਿਲੀ ਜਨਵਰੀ, 2022 ਤੱਕ ਤਿਆਰ ਕਰ ਲਈ ਜਾਵੇ। ਬੁੱਧਵਾਰ ਨੂੰ ਹਾਊਸ ਆਫ ਕਾਮਨਜ਼ ਦੇ ਬਾਹਰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਿਹਤ ਮੰਤਰੀ ਜਿਨੇਟ ਪੈਟੀਪਸ ਟੇਲਰ ਨੇ ਆਖਿਆ ਕਿ ਫੈਡਰਲ ਸਰਕਾਰ ਇਨ੍ਹਾਂ ਸਿਫਾਰਿਸ਼ਾਂ ਦਾ ਮੁਲਾਂਕਣ ਕਰੇਗੀ। ਇਸ ਦੇ ਨਾਲ ਹੀ ਉਨ੍ਹਾਂ ਇਸ ਬਾਰੇ ਅਗਲੇ ਕਦਮ ਚੁੱਕਣ ਤੋਂ ਪਹਿਲਾਂ ਪ੍ਰੋਵਿੰਸਾਂ, ਟੈਰੇਟਰੀਜ਼, ਸਟੇਕਹੋਲਡਰਜ਼ ਤੇ ਭਾਈਵਾਲਾਂ ਨਾਲ ਰਲ ਕੇ ਕੰਮ ਕਰਨ ਦਾ ਤਹੱਈਆ ਵੀ ਪ੍ਰਗਟਾਇਆ।

## ਫੇਸਬੁਕ ਉੱਤੇ ਦੋਸਤੀ ਕਰ ਕੇ ਫਸਾਇਆ, ਸੰਬੰਧ ਬਣਾ ਕੇ ਰੇਪ ਦਾ ਕੇਸ ਕੀਤਾ ਤੇ ਚਾਲੀ ਲੱਖ ਮੰਗੇ

ਫਰੀਦਾਬਾਦ, 13 ਜੂਨ (ਪੋਸਟ ਬਿਊਰੋ)- ਬਿਜ਼ਨਸਮੈਨ ਨੂੰ ਹਨੀਟ੍ਰੈਪ ਵਿੱਚ ਫਸਾ ਕੇ ਰੇਪ ਦਾ ਕੇਸ ਦਰਜ ਕਰਾਉਣ ਅਤੇ ਸਮਝੌਤੇ ਲਈ 17 ਲੱਖ ਵਿੱਚ ਸੌਦਾ ਕਰਨ ਦੇ ਦੋਸ਼ ਵਿੱਚ ਮਹਿਲਾ ਅਤੇ ਉਸ ਦੇ 14 ਸਾਥੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ, ਜਿਸ ਦੇ ਸੰਬੰਧ ਵਿੱਚ ਪੁਲਸ ਇਸ ਤੋਂ ਅੱਗੇ ਦੀ ਜਾਂਚ ਕਰ ਰਹੀ ਹੈ।




ਕਰਨਾਲ ਦਾ ਬਿਜ਼ਨਸਮੈਨ ਰਾਜ ਚਾਵਲਾ ਡਾਗਸ ਦੀ ਖਰੀਦ-ਫਰੋਖਤ ਕਰਦਾ ਹੈ। ਉਸ ਨੇ ਫੇਸਬੁਕ 'ਤੇ ਇਸ ਦਾ ਇਸ਼ਤਿਹਾਰ ਦਿੱਤਾ ਹੋਇਆ ਹੈ। ਖੁਦ ਨੂੰ ਵਰਿੰਦਾਵਨ ਦੀ ਵਾਸੀ ਦੱਸ ਕੇ ਇੱਕ ਔਰਤ ਨੇ ਉਨ੍ਹਾਂ ਨਾਲ ਫੇਸਬੁਕ 'ਤੇ ਸੰਪਰਕ ਕੀਤਾ ਤੇ ਫੀਮੇਲ ਡਾਗ ਦੀ ਮੰਗ ਕੀਤੀ। ਡਾਗ ਲੈਣ ਦੇ ਥੋੜ੍ਹੇ ਦਿਨ ਬਾਅਦ ਔਰਤ ਨੇ ਕਿਹਾ ਕਿ ਡਾਗ ਪਸੰਦ ਨਹੀਂ, ਵਾਪਸ ਲੈ ਜਾਓ। ਔਰਤ ਨੇ 18 ਮਈ ਨੂੰ ਫਰੀਦਾਬਾਦ ਮੈਟਰੋ ਸਟੇਸ਼ਨ 'ਤੇ ਮਿਲਣ ਲਈ ਕਿਹਾ। ਬਿਜ਼ਨਸਮੈਨ ਫਰੀਦਾਬਾਦ ਮੈਟਰੋ ਸਟੇਸ਼ਨ ਗਿਆ ਤਾਂ ਔਰਤ ਨੇ ਕਿਹਾ ਕਿ ਉਸ ਦਾ ਭਰਾ ਦੋ-ਤਿੰਨ ਘੰਟੇ ਵਿੱਚ ਡਾਗ ਲੈ ਕੇ ਆ ਰਿਹਾ ਹੈ। ਉਸ ਨੇ ਬੱਲਭਗੜ੍ਹ ਵਿੱਚ ਹੋਟਲ ਦਾ ਕਮਰਾ ਵੀ ਬੁੱਕ ਕਰ ਲਿਆ। ਪੁਲਸ ਮੁਤਾਬਕ ਹੋਟਲ ਵਿੱਚ ਔਰਤ ਨੇ ਬਿਜ਼ਨਸਮੈਨ ਨੂੰ ਸਰੀਰਕ ਸੰਬੰਧ ਬਣਾਉਣ ਦਾ ਦਬਾਅ ਪਾਇਆ ਅਤੇ ਏਦਾਂ ਨਾ ਕਰਨ ਉਤੇ ਰੌਲਾ ਪਾ ਕੇ ਰੇਪ ਕੇਸ ਵਿੱਚ ਫਸਾਉਣ ਦੀ ਧਮਕੀ ਦਿੱਤੀ। ਬਿਜ਼ਨਸਮੈਨ ਨੇ ਔਰਤ ਨਾਲ ਸੰਬੰਧ ਬਣਾਏ ਅਤੇ ਕਰਨਾਲ ਨੂੰ ਚਲਾ ਗਿਆ। ਔਰਤ ਨੇ ਸ਼ਾਮ ਨੂੰ ਮਹਿਲਾ ਥਾਣੇ ਵਿੱਚ ਉਸ ਦੇ ਖਿਲਾਫ ਬਲਾਤਕਾਰ ਅਤੇ ਜਾਨ ਤੋਂ ਮਾਰਨ ਦੀ ਧਮਕੀ ਦਾ ਕੇਸ ਦਰਜ ਕਰਵਾ ਦਿੱਤਾ। ਇਸ ਪਿੱਛੋਂ ਫੋਨ ਕਰ ਕੇ ਚਾਲੀ ਲੱਖ ਰੁਪਏ ਦੀ ਮੰਗ ਕੀਤੀ। ਬਾਅਦ ਵਿੱਚ ਔਰਤ ਅਤੇ ਉਸ ਦੇ ਦੋ ਸਾਥੀਆਂ ਨੇ ਬਿਜ਼ਨਸਮੈਨ ਦੇ ਹੱਕ ਵਿੱਚ ਐਫੀਡੇਵਿਟ ਦੇਣ ਲਈ 17 ਲੱਖ ਰੁਪਏ ਦਾ ਸੌਦਾ ਕੀਤਾ। ਪੁਲਸ ਨੇ ਦੋਸ਼ੀ ਔਰਤ ਤੇ ਚਾਰ ਸਾਥੀ ਫਰੀਦਾਬਾਦ ਦੇ ਕੌਰਾਲੀ ਪਿੰਡ ਵਾਸੀ ਦੀਪਕ, ਸੁਮਿਤ, ਗੌਰਵ ਅਤੇ ਸਤੀਸ਼ ਨੂੰ ਪੈਸਿਆਂ ਸਮੇਤ ਗ੍ਰਿਫਤਾਰ ਕਰ ਲਿਆ।

## ਨਵੀਂ ਦਵਾਈ ਨਾਲ ਬੱਚਿਆਂ ਦੇ ਸਿੱਖਣ ਦੀ ਸਮਰੱਥਾ ਸੁਧਰੇਗੀ

ਨਵੀਂ ਦਿੱਲੀ, 13 ਜੂਨ (ਪੋਸਟ ਬਿਊਰੋ)- ਵਿਗਿਆਨੀਆਂ ਨੇ ਪਤਾ ਲਾਇਆ ਹੈ ਕਿ ਸਟੈਟਿਨ ਨਾਮਕ ਦਵਾਈ ਫ੍ਰੇਜਾਇਲ ਐਕਸ ਸਿੰਡਰੋਮ ਦੇ ਇਲਾਜ ਵਿੱਚ ਵਰਤੀ ਜਾ ਸਕਦੀ ਹੈ। ਫ੍ਰੇਜਾਈਲ ਐਕਸ ਸਿੰਡ੍ਰੋਮ ਅਜਿਹੀ ਸਮੱਸਿਆ ਹੈ ਜੋ ਬੱਚਿਆਂ ਦੇ ਸਿੱਖਣ, ਵਿਹਾਰ ਕਰਨ, ਦੇਖਣ ਤੇ ਉਨ੍ਹਾਂ ਦੀ ਸਿਹਤ ਨੂੰ ਪ੍ਰਭਾਵਿਤ ਕਰਦੀ ਹੈ। ਇਹ ਸਮੱਸਿਆ ਲੜਕੀਆਂ ਦੀ ਬਜਾਏ ਲੜਕਿਆਂ ਵਿੱਚ ਜ਼ਿਆਦਾ ਗੰਭੀਰ ਹੁੰਦੀ ਹੈ।



ਐਡੀਨਬਰਾ ਯੂਨੀਵਰਸਿਟੀ ਦੇ ਖੋਜੀਆਂ ਨੇ ਪਤਾ ਲਗਾਇਆ ਕਿ ਦਵਾਈ ਲੋਵਾਸਟੈਟਿਨ ਚੂਹਿਆਂ ਵਿੱਚ ਫ੍ਰੇਜਾਇਲ ਐਕਸ ਸਿੰਡ੍ਰੋਮ ਦੀ ਵਜ੍ਹਾ ਨਾਲ ਹੋਈ ਸਿੱਖਣ ਤੇ ਯਾਦਦਾਸ਼ਤ ਨਾਲ ਜੁੜੀ ਸਮੱਸਿਆ ਨੂੰ ਠੀਕ ਕਰ ਸਕਦੀ ਹੈ। ਚੂਹਿਆਂ 'ਤੇ ਚਾਰ ਹਫਤਿਆਂ ਤੱਕ ਨਿਰੀਖਣ ਕੀਤਾ ਗਿਆ ਅਤੇ ਇਸ ਦਾ ਲਾਭ ਤਿੰਨ ਮਹੀਨਿਆਂ ਤੋਂ ਵੱਧ ਤੱਕ ਦੇਖਿਆ ਗਿਆ। ਇਸ ਤੋਂ ਵਿਗਿਆਨੀਆਂ ਨੂੰ ਆਸ ਹੈ ਕਿ ਇਨਸਾਨ ਦੇ ਬੱਚਿਆਂ 'ਤੇ ਇਸ ਦਵਾਈ ਦਾ ਇਹੀ ਅਸਰ ਦਿਸੇਗਾ।

ਵਰਨਣ ਯੋਗ ਹੈ ਕਿ ਇਨਸਾਨਾਂ ਵਿੱਚ ਫ੍ਰੇਜਾਇਲ ਐਕਸ ਸਿੰਡ੍ਰੋਮ ਨਾਲ ਜੁੜੀ ਸਮੱਸਿਆ ਤਿੰਨ ਸਾਲ ਦੀ ਉਮਰ ਤੱਕ ਪਤਾ ਚੱਲ ਜਾਂਦੀ ਹੈ। ਫ੍ਰੇਜਾਇਲ ਐਕਸ ਸਿੰਡ੍ਰੋਮ ਬੌਧਿਕ ਅਪਾਹਜ ਦੇ ਸਭ ਤੋਂ ਆਮ ਆਨੁਵਾਂਸ਼ਿਕ ਕਾਰਨਾਂ 'ਚੋਂ ਇਕ ਹੈ। ਫ੍ਰੇਜਾਇਲ ਐਕਸ ਸਿੰਡ੍ਰੋਮ ਵਾਲੇ ਬੱਚਿਆਂ ਦਾ ਆਮ ਤੌਰ 'ਤੇ ਤਿੰਨ ਸਾਲ ਦੀ ਉਮਰ ਦੇ ਆਸਪਾਸ ਨਿਦਾਨ ਕੀਤਾ ਜਾਂਦਾ ਹੈ ਕਿਉਂਕਿ ਪੀੜਤ ਬੱਚੇ ਦੇਰੀ ਨਾਲ ਬੋਲਣਾ ਸਿੱਖਦੇ ਹਨ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| Role | Name |
| --- | --- |
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Sodhi |
| Marketing Executives | Priya Sodhi<br>Kamaljeet Kaur |
| Graphic Designer | Satnam Singh |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਕੋਟਕਪੂਰਾ ਗੋਲੀ ਕਾਂਡ: ਓਦੋਂ ਦੇ ਡੀ ਐੱਸ ਪੀ ਬਲਜੀਤ ਸਿੰਘ ਦੀ ਅਗੇਤੀ ਜ਼ਮਾਨਤ ਅਰਜ਼ੀ ਰੱਦ

ਚੰਡੀਗੜ੍ਹ, 13 ਜੂਨ (ਪੋਸਟ ਬਿਊਰੋ)- ਕੋਟਕਪੂਰਾ ਗੋਲੀ ਕਾਂਡ ਬਾਰੇ ਜਾਂਚ ਟੀਮ (ਐੱਸ ਆਈ ਟੀ) ਵੱਲੋਂ ਨਾਮਜ਼ਦ ਕੀਤੇ ਗਏ ਓਦੋਂ ਦੇ ਡੀ ਐੱਸ ਪੀ ਬਲਜੀਤ ਸਿੰਘ ਸਿੱਧੂ ਦੀ ਅਗਾਊਂ ਜ਼ਮਾਨਤ ਅਰਜ਼ੀ ਅੱਜ ਫਰੀਦਕੋਟ ਅਦਾਲਤ ਨੇ ਸੁਣਵਾਈ ਹੋਣ ਤੋਂ ਬਾਅਦ ਰੱਦ ਕਰ ਦਿੱਤੀ ਹੈ। ਵਰਨਣ ਯੋਗ ਹੈ ਕਿ ਕੱਲ੍ਹ ਅਦਾਲਤ ਨੇ ਇਸ ਕੇਸ ਦੀ ਬਹਿਸ ਤੋਂ ਬਾਅਦ ਫ਼ੈਸਲਾ 13 ਜੂਨ ਦੇ ਲਈ ਰਾਖਵਾਂ ਰੱਖ ਲਿਆ ਸੀ, ਜਿਸ ਦੀ ਸੁਣਵਾਈ ਪਿੱਛੋਂ ਅਰਜ਼ੀ ਰੱਦ ਕਰ ਦਿੱਤੀ ਗਈ ਹੈ।

ਪੰਜਾਬ ਸਰਕਾਰ ਦੀ ਐੱਸ ਆਈ ਟੀ ਨੇ ਬੇਅਦਬੀ ਕੇਸ ਵਿਚ ਕੋਟਕਪੂਰਾ-ਬਹਿਬਲ ਕਲਾਂ ਗੋਲੀ ਕਾਂਡ ਦੀ ਜਾਂਚ ਕਰ ਕੇ ਉਸ ਵੇਲੇ ਕੋਟਕਪੂਰਾ ਦੇ ਡੀ ਐੱਸ ਪੀ ਬਲਜੀਤ ਸਿੰਘ ਸਿੱਧੂ ਵਿਰੁੱਧ ਉਸ ਗੋਲੀ ਕਾਂਡ ਬਾਰੇ ਸਥਾਨਕ ਅਦਾਲਤ ਨੂੰ ਚਲਾਨ ਪੇਸ਼ ਕੀਤਾ ਸੀ, ਜਿਸ ਪਿੱਛੋਂ ਡੀ ਐੱਸ ਪੀ ਨੇ ਸੈਸ਼ਨ ਕੋਰਟ ਵਿਚ ਅਗਾਊਂ ਜ਼ਮਾਨਤ ਲਈ ਅਰਜ਼ੀ ਲਾਈ ਸੀ। ਕੱਲ੍ਹ ਅਦਾਲਤ ਨੇ ਦੋਵਾਂ ਧਿਰਾਂ ਦੀ ਸੁਣਵਾਈ ਪਿੱਛੋਂ ਫ਼ੈਸਲਾ ਅੱਜ ਉੱਤੇ ਪਾ ਦਿੱਤਾ ਸੀ। ਸੁਣਵਾਈ ਦੌਰਾਨ ਦੋਵਾਂ ਧਿਰਾਂ ਦੇ ਵਕੀਲਾਂ ਦੀ ਬਹਿਸ ਕਰੀਬ ਘੰਟਾ ਚੱਲੀ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਦੀ ਬੇਅਦਬੀ ਤੋਂ ਬਾਅਦ ਸਿੱਖ ਸੰਗਤਾਂ ਨੇ ਕੋਟਕਪੂਰਾ ਵਿਚ ਸ਼ਾਂਤਮਈ ਧਰਨਾ ਦਿੱਤਾ ਸੀ ਤੇ 13 ਅਕਤੂਬਰ 2015 ਦੀ ਰਾਤ ਪੁਲਿਸ ਨੇ ਧਰਨੇ ਉਤੇ ਲਾਠੀਚਾਰਜ ਕਰ ਦਿੱਤਾ ਸੀ, ਜਿਸ ਵਿਚ 100 ਤੋਂ ਵੱਧ ਵਿਅਕਤੀ ਜ਼ਖ਼ਮੀ ਹੋ ਗਏ ਸਨ।

## ਕੋਆਪਰੇਟਿਵ ਦੇ ਐਡੀਸ਼ਨਲ ਰਜਿਸਟਰਾਰ ਹਰਿੰਦਰ ਸਿੰਘ ਸਿੱਧੂ ਸਸਪੈਂਡ

ਚੰਡੀਗੜ੍ਹ, 13 ਜੂਨ (ਪੋਸਟ ਬਿਊਰੋ)- ਸਹਿਕਾਰਤਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਵਿੱਤੀ ਬੇਨਿਯਮੀਆਂ ਦੇ ਦੋਸ਼ ਹੇਠ ਵਿਭਾਗ ਦੇ ਐਡੀਸ਼ਨਲ ਰਜਿਸਟਰਾਰ ਹਰਿੰਦਰ ਸਿੰਘ ਸਿੱਧੂ ਨੂੰ ਸਸਪੈਂਡ ਕਰ ਦਿੱਤਾ ਹੈ।

ਇੱਕ ਸਰਕਾਰੀ ਬੁਲਾਰੇ ਵੱਲੋਂ ਜਾਰੀ ਪ੍ਰੈਸ ਬਿਆਨ ਮੁਤਾਬਕ ਪੰਜਾਬ ਰਾਜ ਖੇਤੀ ਵਿਕਾਸ ਬੈਂਕ ਦੇ ਪਿਛਲੇ ਪ੍ਰਬੰਧਕੀ ਡਾਇਰੈਕਟਰ ਹਰਿੰਦਰ ਸਿੰਘ ਸਿੱਧੂ ਨੇ ਸਾਲ 2016-17 ਤੇ 2017-18 ਦੌਰਾਨ ਬਿਨਾਂ ਟੈਂਡਰ ਅਤੇ ਪ੍ਰਵਾਨਗੀ ਤੋਂ 45 ਲੱਖ ਰੁਪਏ ਦੇ ਕੰਮ ਕਰਵਾਉਣ ਦੀਆਂ ਗੰਭੀਰ ਊਣਤਾਈਆਂ ਕੀਤੀਆਂ ਸਨ। ਕੋਆ-ਪਰੇਟਿਵ ਮੰਤਰੀ ਦੇ ਹੁਕਮਾਂ 'ਤੇ ਵਧੀਕ ਚੀਫ ਸੈਕਟਰੀ ਨੇ ਹਰਿੰਦਰ ਸਿੰਘ ਸਿੱਧੂ ਨੂੰ ਤੁਰੰਤ ਸਸਪੈਂਡ ਕਰਨ ਦੇ ਹੁਕਮ ਜਾਰੀ ਕਰ ਦਿੱਤੇ ਹਨ। ਸਰਕਾਰੀ ਬੁਲਾਰੇ ਨੇ ਦੱਸਿਆ ਕਿ ਬਿਨਾਂ ਲੋੜੀਂਦੀ ਕਾਰਵਾਈ ਦੇ ਬੈਂਕ ਦੀ ਰੈਨੋਵੇਸ਼ਨ ਸ਼ੁਰੂ ਕਰਵਾ ਦਿੱਤੀ ਗਈ ਤੇ ਨਿਯਮਾਂ ਛਿੱਕੇ ਟੰਗ ਕੇ ਕੀਤੀ ਬਿਲਡਿੰਗ ਰਿਪੇਅਰ ਨਾਲ ਅਦਾਰੇ ਨੂੰ ਲੱਖਾਂ ਦਾ ਨੁਕਸਾਨ ਹੋਇਆ ਸੀ। ਵਰਨਣ ਯੋਗ ਹੈ ਕਿ ਬੈਂਕ ਦੇ ਜਨਰਲ ਬ੍ਰਾਂਚ ਦੇ ਓਦੋਂ ਦੇ ਮੈਨੇਜਰ ਨੂੰ ਸਸਪੈਂਡ ਕੀਤਾ ਗਿਆ ਤੇ ਰਿਪੇਅਰ ਕਮੇਟੀ ਦੇ ਦੂਜੇ ਮੈਂਬਰਾਂ ਜਨਰਲ ਮੈਨੇਜਰ ਗੁਰਪਿੰਦਰ ਸਿੰਘ, ਉਪ ਜਨਰਲ ਮੈਨੇਜਰ ਬਲਬੀਰ ਸਿੰਘ ਤੇ ਸਹਾਇਕ ਜਨਰਲ ਮੈਨੇਜਰ ਜਗਦੀਸ਼ ਸਿੰਘ ਨੇਗੀ ਵਿਰੁੱਧ ਜਾਂਚ ਜਾਰੀ ਹੈ।


















# ਕਾਂਗਰਸ ਦੀਆਂ ਸੂਬਾਈ ਸਰਕਾਰਾਂ ਵੀ ਖਤਰੇ ਵਿੱਚ

-ਕਲਿਆਣੀ ਸ਼ੰਕਰ

ਇਹ ਦੇਖਦਿਆਂ ਕਿ ਤੇਲੰਗਾਨਾ, ਪੰਜਾਬ, ਰਾਜਸਥਾਨ ਅਤੇ ਕਰਨਾਟਕ ਸਮੇਤ ਕਈ ਰਾਜਾਂ ਵਿੱਚ ਪਾਰਟੀ ਨਾਲ ਕੀ ਹੋ ਰਿਹਾ ਹੈ, ਏਦਾਂ ਲੱਗਦਾ ਹੈ ਕਿ ਕਾਂਗਰਸ ਹਾਈ ਕਮਾਨ ਦੀ ਪ੍ਰਭੂਸੱਤਾ ਨੂੰ ਹੌਲੀ-ਹੌਲੀ ਖੋਰਾ ਲੱਗ ਰਿਹਾ ਹੈ। ਜਿੱਥੇ ਕੌਮੀ ਪੱਧਰ 'ਤੇ ਕਾਂਗਰਸ ਪਾਰਟੀ ਆਪਣੀ ਲੀਡਰਸ਼ਿਪ ਦੇ ਸੰਕਟ ਨਾਲ ਜੂਝ ਰਹੀ ਹੈ, ਉਥੇ ਰਾਜਾਂ ਵਿੱਚ ਵੀ ਪਾਰਟੀ ਦਾ ਪਤਨ ਹੋ ਰਿਹਾ ਹੈ। ਸੀਨੀਅਰ ਪਾਰਟੀ ਆਗੂ ਮਹਿਸੂਸ ਕਰਦੇ ਹਨ ਕਿ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਦੇ ਪਿੱਛੇ ਹਟਣ ਤੇ ਇਸ ਬਾਰੇ ਕੋਈ ਸਪੱਸ਼ਟਤਾ ਨਾ ਹੋਣ ਨਾਲ, ਕਿ ਉਹ ਅਹੁਦੇ ਉਤੇ ਰਹਿਣਗੇ ਜਾਂ ਨਹੀਂ, ਕਾਂਗਰਸ ਟੁੱਟ ਰਹੀ ਹੈ। ਇਸ ਦੁਚਿੱਤੀ ਵਿੱਚ ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ 2019 ਦੀਆਂ ਲੋਕ ਸਭਾ ਚੋਣਾਂ ਵਿੱਚ ਅਜਿਹੀ ਹਾਰ ਤੋਂ ਬਾਅਦ ਪਾਰਟੀ ਵਿੱਚ ਅਨੁਸ਼ਾਸਨਹੀਣਤਾ ਅਤੇ ਧੜੇਬੰਦੀ ਵਧਦੀ ਜਾ ਰਹੀ ਹੈ।

ਮਿਸਾਲ ਵਜੋਂ ਤੇਲੰਗਾਨਾ ਵਿੱਚ ਕਾਂਗਰਸ ਦੀ ਤਰਸ ਯੋਗ ਸਥਿਤੀ ਨੂੰ ਵੇਖੋ। ਕਾਂਗਰਸ ਓਥੇ ਉਦੋਂ ਲਗਭਗ ਟੁੱਟ ਹੀ ਗਈ ਸੀ, ਜਦੋਂ 2018 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਚੁਣੇ ਗਏ 18 ਵਿਧਾਇਕਾਂ ਵਿੱਚੋਂ ਇਸ ਹਫਤੇ 12 ਵਿਧਾਇਕ ਸੱਤਾਧਾਰੀ ਤੇਲੰਗਾਨਾ ਰਾਸ਼ਟਰ ਸਮਿਤੀ (ਟੀ ਆਰ ਐੱਸ) ਵਿੱਚ ਸ਼ਾਮਲ ਹੋ ਗਏ। ਉਤਮ ਕੁਮਾਰ ਰੈੱਡੀ ਵਰਗੇ ਤੇਲੰਗਾਨਾ ਦੇ ਕਾਂਗਰਸੀ ਆਗੂ ਇਹ ਦਾਅਵਾ ਕਰਦੇ ਹਨ ਕਿ ਟੀ ਆਰ ਐੱਸ ਨੇ 12 ਵਿਧਾਇਕਾਂ ਨੂੰ ਖਰੀਦ ਲਿਆ ਹੈ। ਬਾਕੀ ਛੇ ਵਿਧਾਇਕਾਂ ਨੂੰ ਆਪਣੇ ਨਾਲ ਜੋੜੀ ਰੱਖਣਾ ਕਾਂਗਰਸ ਲੀਡਰਸ਼ਿਪ ਲਈ ਮੁਸ਼ਕਲ ਕੰਮ ਹੋਵੇਗਾ। 2019 ਦੀਆਂ ਲੋਕ ਸਭਾ ਚੋਣਾਂ ਵਿੱਚ ਤਿੰਨ ਸੀਟਾਂ ਹਾਸਲ ਕਰਨ ਦੇ ਬਾਵਜੂਦ ਕਾਂਗਰਸ ਦੀ ਸੂਬਾ ਇਕਾਈ ਗੰਭੀਰ ਸੰਕਟ 'ਚ ਹੈ।

ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ ਟੀ ਆਰ ਐੱਸ ਆਪਣੇ ਅੰਦਰ ਤੇਲਗੂ ਦੇਸਮ ਵਿਧਾਇਕ ਦਲ ਦਾ ਰਲੇਵਾਂ ਕਰਨ ਵਿੱਚ ਸਫਲ ਰਹੀ ਸੀ। ਇਸ ਨੇ 2014 ਦੀਆਂ ਚੋਣਾਂ ਵਿੱਚ ਜਿੱਤੇ 15 ਵਿੱਚੋਂ 12 ਵਿਧਾਇਕਾਂ ਨੂੰ ਆਪਣੇ ਵੱਲ ਖਿੱਚ ਲਿਆ ਸੀ। ਕਾਂਗਰਸ ਅਜੇ ਸਥਿਤੀ ਦੀ ਗੰਭੀਰਤਾ ਨਹੀਂ ਸਮਝ ਸਕੀ, ਕਿਉਂਕਿ ਪਾਰਟੀ ਲਗਭਗ ਖਤਮ ਹੋ ਗਈ ਹੈ।

ਰਾਜਸਥਾਨ ਅਤੇ ਮੱਧ ਪ੍ਰਦੇਸ਼, ਜਿੱਥੇ ਪਾਰਟੀ ਨੇ ਦਸੰਬਰ 2018 ਵਿੱਚ ਭਾਜਪਾ ਤੋਂ ਸੱਤਾ ਖੋਹੀ ਸੀ, ਵਿੱਚ ਇਸ ਨੂੰ ਅਨੁਸ਼ਾਸਹੀਣਤਾ ਅਤੇ ਧੜੇਬੰਦੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਾਰਟੀ ਵਿੱਚ ਪਹਿਲਾਂ ਹੀ ਤਰੇੜਾਂ ਨਜ਼ਰ ਆ ਰਹੀਆਂ ਹਨ। ਉਪ ਮੁੱਖ ਮੰਤਰੀ ਸਚਿਨ ਪਾਇਲਟ ਦਾ ਸਮਰਥਨ ਕਰਨ ਵਾਲੇ ਕੁਝ ਵਿਧਾਇਕ ਮੰਗ ਕਰ ਰਹੇ ਹਨ ਕਿ ਮੁੱਖ ਮੰਤਰੀ ਅਸ਼ੋਕ ਗਹਿਲੋਤ ਦੀ ਜਗ੍ਹਾ ਸਚਿਨ ਪਾਇਲਟ ਨੂੰ ਦਿੱਤੀ ਜਾਣੀ ਚਾਹੀਦੀ ਹੈ। ਅਸ਼ੋਕ ਗਹਿਲੋਤ ਨੇ ਜੋਧਪੁਰ ਵਿੱਚ ਆਪਣੇ ਪੁੱਤਰ ਦੀ ਲੋਕ ਸਭਾ ਚੋਣਾਂ ਵਿੱਚ ਹਾਰ ਦਾ ਦੋਸ਼ ਸਚਿਨ ਪਾਇਲਟ ਉੱਤੇ ਮੜ੍ਹਿਆ ਹੈ। ਮੱਧ ਪ੍ਰਦੇਸ਼ ਵਿੱਚ ਵੀ ਇਹੋ ਮੰਗ ਉੱਠ ਰਹੀ ਹੈ ਕਿ ਜਯੋਤਿਰਾਦਿੱਤਿਆ ਸਿੰਧੀਆ ਨੂੰ ਮੁੱਖ ਮੰਤਰੀ ਬਣਾਇਆ ਜਾਣਾ ਚਾਹੀਦਾ ਹੈ। ਇਹ ਸਭ ਉਦੋਂ ਹੋ ਰਿਹਾ ਹੈ, ਜਦੋਂ ਇਨ੍ਹਾਂ ਦੋਵਾਂ ਰਾਜਾਂ ਵਿੱਚ ਖੁਦ ਸਰਕਾਰ ਲਈ ਖਤਰਾ ਹੈ, ਕਿਉਂਕਿ ਬਹੁਮਤ ਦਾ ਫਰਕ ਬਹੁਤ ਘੱਟ ਹੈ।

ਏਦਾਂ ਦੀ ਅਸਥਿਰਤਾ ਦਾ ਸਾਹਮਣਾ ਕਰਨ ਵਾਲਾ ਤੀਜਾ ਸੂਬਾ ਕਰਨਾਟਕ ਹੈ, ਜਿੱਥੇ ਕਾਂਗਰਸ ਜਨਤਾ ਦਲ (ਐੱਸ) ਗਠਜੋੜ ਸਹੀ ਢੰਗ ਨਾਲ ਕੰਮ ਨਹੀਂ ਕਰ ਰਿਹਾ। ਇਥੇ ਸਰਕਾਰ ਦੇ ਡਿੱਗਣ ਦਾ ਖਤਰਾ ਹੈ। ਜੇ ਕਰਨ-ਾਟਕ ਵਿੱਚ ਸਰਕਾਰ ਡਿੱਗਦੀ ਹੈ ਤਾਂ ਇਸ ਨਾਲ ਕਾਂਗਰਸ ਦੇ ਅਕਸ ਨੂੰ ਹੋਰ ਧੱਕਾ ਲੱਗੇਗਾ।

ਆਜ਼ਾਦੀ ਤੋਂ ਬਾਅਦ ਦੇ 72 ਸਾਲਾਂ ਵਿੱਚੋਂ 55 ਸਾਲ ਭਾਰਤ ਉੱਤੇ ਰਾਜ ਕਰਨ ਵਾਲੀ ਕਾਂਗਰਸ ਨੂੰ ਇਸ ਵਾਰੀ ਲਗਾਤਾਰ 10 ਸਾਲ, ਭਾਵ 2025 ਤੱਕ ਵਿਰੋਧੀ ਧਿਰ ਵਿੱਚ ਬੈਠਣਾ ਪਵੇਗਾ, ਜੋ ਇਸ ਲਈ ਇਹੋ ਜਿਹਾ ਸਭ ਤੋਂ ਲੰਮਾ ਸਮਾਂ ਹੈ। ਕਾਂਗਰਸ ਨੇ ਇੰਦਰਾ ਗਾਂਧੀ, ਰਾਜੀਵ ਗਾਂਧੀ ਤੇ ਸੋਨੀਆ ਗਾਂਧੀ ਦੀ ਅਗਵਾਈ ਹੇਠ ਹਾਰਾਂ ਦੇ ਬਾਵਜੂਦ ਵਾਪਸੀ ਕੀਤੀ ਸੀ। ਅਜਿਹੀਆਂ ਸ਼ਰਮਨਾਕ ਹਾਰਾਂ ਕਾਰਨ ਗਾਂਧੀ ਪਰਵਾਰ ਨੂੰ ਚੌਕਸੀ ਪੂਰਨ ਕਦਮ ਚੁੱਕਣੇ ਪੈਣਗੇ। ਪਹਿਲੀ ਗੱਲ, ਜਿਵੇਂ ਕਾਂਗਰਸ ਦੇ ਸੀਨੀਅਰ ਆਗੂ ਵੀਰੱਪਾ ਮੋਇਲੀ ਦਾ ਕਹਿਣਾ ਹੈ ਕਿ ਇਸ ਨੂੰ ਲੀਡਰਸ਼ਿਪ ਬਾਰੇ ਸ਼ਸ਼ੋਪੰਜ ਦੂਰ ਕਰਨੀ ਪਵੇਗੀ। ਦੂਜੀ, ਮੌਜੂਦਾ ਕਾਂਗਰਸ ਦੇ ਰਾਜ ਵਾਲੇ ਰਾਜਾਂ ਨੂੰ ਅਸਥਿਰਤਾ ਤੋਂ ਬਚਾਉਣਾ। ਘੱਟੋ ਘੱਟ ਤਿੰਨ ਸੂਬੇ ਰਾਜਸਥਾਨ, ਕਰਨ-ਾਟਕ ਅਤੇ ਮੱਧ ਪ੍ਰਦੇਸ਼ ਅਸਥਿਰਤਾ ਦੇ ਸੰਕੇਤ ਦਿਖਾ ਰਹੇ ਹਨ। ਤੀਜੀ ਹੈ ਪਾਰਟੀ ਵਿੱਚ ਅਨੁਸ਼ਾਸਨਹੀਣਤਾ ਅਤੇ ਧੜੇਬੰਦੀ 'ਤੇ ਰੋਕ ਲਾਉਣਾ, ਜਿਵੇਂ ਤੇਲੰਗਾਨਾ, ਕਰਨਾਟਕ, ਰਾਜਸਥਾਨ ਅਤੇ ਮੱਧ ਪ੍ਰਦੇਸ਼ ਵਿੱਚ ਹੈ। ਕਮਜ਼ੋਰ ਲੀਡਰਸ਼ਿਪ ਕਾਰਨ ਸੂਬਾ ਇਕਾਈਆਂ ਬਗਾਵਤ ਕਰਨ ਦੀ ਹਿੰਮਤ ਦਿਖਾਉਂਦੀਆਂ ਹਨ। ਚੌਥੀ ਹੈ ਤੇਲੰਗਾਨਾ ਅਤੇ ਹੋਰਨਾਂ ਥਾਵਾਂ 'ਤੇ ਪਾਰਟੀ ਨੂੰ ਲੱਗ ਰਿਹਾ ਖੋਰਾ ਰੋਕਣਾ। ਬਿਨਾਂ ਕਪਤਾਨ ਦੇ ਡੁੱਬਦੇ ਜਹਾਜ਼ਾ ਨੂੰ ਹੋਰ ਜ਼ਿਆਦਾ ਲੋਕ ਛੱਡ ਸਕਦੇ ਹਨ। ਪੰਜਵੀਂ ਹੈ ਪਾਰਟੀ ਦਾ ਮੁੜ ਗਠਨ ਕਰਨਾ, ਕਿਉਂਕਿ ਪਾਰਟੀ ਦੀ ਚੋਟੀ ਦੀ ਨੀਤੀ ਨਿਰਮਾਣ ਇਕਾਈ ਕਾਂਗਰਸ ਕਾਰਜ ਕਮੇਟੀ ਨੇ ਰਾਹੁਲ ਗਾਂਧੀ ਨੂੰ ਅਜਿਹਾ ਕਰਨ ਲਈ ਅਧਿਕਾਰਤ ਕੀਤਾ ਹੈ।

ਬਹੁਤ ਸਾਰੇ ਸੂਬਾਈ ਪੱਧਰੀ ਮੁਖੀਆਂ ਨੇ ੀ ਹਾਰ ਦੀ ਜ਼ਿੰਮੇਵਾਰੀ ਲੈਂਦਿਆਂ ਆਪਣੇ ਅਸਤੀਫੇ ਦੇ ਦਿੱਤੇ ਹਨ। ਜੇ ਪਾਰਟੀ ਦੁਬਾਰਾ ਉਠਣਾ ਚਾਹੁੰਦੀ ਹੈ ਤਾਂ ਨਵੀਂ ਲੀਡਰਸ਼ਿਪ ਹੋਣੀ ਜ਼ਰੂਰੀ ਹੈ। ਆਖਰੀ ਗੱਲ, ਕਾਂਗਰਸ ਲੀਡਰਸ਼ਿਪ ਨੂੰ ਪਾਰਟੀ ਵਰਕਰਾਂ ਦੇ ਡਿੱਗੇ ਮਨੋਬਲ ਨੂੰ ਉਪਰ ਚੁੱਕਣਾ ਚਾਹੀਦਾ ਹੈ। ਆਖਿਰ ਅਜੇ ਸਭ ਕੁਝ ਨਹੀਂ ਗੁਆਇਆ ਹੈ ਅਤੇ ਅਗਲੇ ਪੰਜ ਸਾਲਾਂ ਦੌਰਾਨ ਕਈ ਹੋਰ ਵਿਧਾਨ ਸਭਾਵਾਂ ਦੀਆਂ ਚੋਣਾਂ ਦਾ ਇਸ ਨੇ ਸਾਹਮਣਾ ਕਰਨਾ ਹੈ। ਸਭ ਤੋਂ ਨੇੜਲੀ ਚੁਣੌਤੀ ਹਨ ਹਰਿਆਣਾ, ਮਹਾਰਾਸ਼ਟਰ ਅਤੇ ਝਾਰਖੰਡ 'ਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ। ਇਸ ਤੋਂ ਇਲਾਵਾ ਪਾਰਟੀ ਨੂੰ ਆਉਣ ਵਾਲੇ ਪਾਰਲੀਮੈਂਟ ਸੈਸ਼ਨ 'ਚ ਪ੍ਰਭਾਵਸ਼ਾਲੀ ਢੰਗ ਨਾਲ ਕਾਰਵਾਈ ਕਰਨੀ ਚਾਹੀਦੀ ਹੈ ਅਤੇ ਸਾਰੀਆਂ ਵਿਰੋਧੀ ਪਾਰਟੀਆਂ ਨਾਲ ਤਾਲਮੇਲ ਬਣਾ ਕੇ ਵਿਰੋਧੀ ਧਿਰ ਦੀ ਕਮਾਨ ਸੰਭਾਲਣੀ ਚਾਹੀਦੀ ਹੈ।

ਕਾਂਗਰਸ ਪਾਰਲੀਮੈਂਟਰੀ ਗਰੁੱਪ ਦੀ ਨੇਤਾ ਸੋਨੀਆ ਗਾਂਧੀ ਨੇ ਲੋਕ ਸਭਾ ਵਿੱਚ ਪਾਰਟੀ ਦਾ ਨੇਤਾ ਅਜੇ ਨਾਮਜ਼ਦ ਕਰਨਾ ਹੈ। ਬਹੁਤ ਸਾਰੇ ਅਜਿਹੇ ਲੋਕ ਹਨ, ਜੋ ਮਹਿਸੂਸ ਕਰਦੇ ਹਨ ਕਿ ਰਾਹੁਲ ਗਾਂਧੀ ਨੂੰ ਇਹ ਜ਼ਿੰਮੇਵਾਰੀ ਸੰਭਾਲਦੇ ਹੋਏ ਪਾਰਲੀਮੈਂਟ ਵਿੱਚ ਪਾਰਟੀ ਨੂੰ ਚਲਾਉਣਾ ਚਾਹੀਦਾ ਹੈ। ਹਾਲੇ ਤੱਕ ਉਹ ਸਦਨ ਵਿੱਚ ਲਗਾਤਾਰ ਹਾਜ਼ਰ ਨਹੀਂ ਸਨ ਹੋ ਰਹੇ ਅਤੇ ਕਦੇ-ਕਦਾਈਂ ਬੋਲਦੇ ਸਨ। ਪਿਛਲੇ ਹਫਤੇ ਸੋਨੀਆ ਗਾਂਧੀ ਨੇ ਕਾਂਗਰਸ ਪਾਰਲੀਮੈਂਟਰੀ ਗਰੁੱਪ ਦੀ ਪਹਿਲੀ ਮੀਟਿੰਗ 'ਚ ਸੱਦਾ ਦਿੱਤਾ ਸੀ ਕਿ 'ਇੱਕ ਅਣਕਿਆਸੇ ਸੰਕਟ ਵਿੱਚ ਅਣਕਿਆਸਾ ਮੌਕਾ ਹੁੰਦਾ ਹੈ। ਇਹ ਸਾਡੇ ਉਤੇ ਨਿਰਭਰ ਕਰਦਾ ਹੈ ਕਿ ਆਪਣੀ ਹਾਰ ਤੋਂ ਸਬਕ ਲੈ ਕੇ ਅਸੀਂ ਇਸ ਨੂੰ ਨਿਮਰਤਾ ਅਤੇ ਆਤਮ ਵਿਸ਼ਵਾਸ ਨਾਲ ਮੁੱਠੀ ਵਿੱਚ ਕਰ ਲਈਏ। ਆਪਣੇ ਸਾਹਮਣੇ ਖੜੀਆਂ ਬਹੁਤ ਸਾਰੀਆਂ ਚੁਣੌਤੀਆਂ ਅੱਗੇ ਡਟੇ ਰਹਿ ਕੇ ਅਸੀਂ ਮੁੜ ਉਠ ਖੜੇ ਹੋਵਾਂਗੇ।''

ਹਾਸ਼ੀਏ ਉਤੇ ਪਹੁੰਚ ਚੁੱਕੀ ਕਾਂਗਰਸ ਪਾਰਟੀ ਯਕੀਨੀ ਤੌਰ 'ਤੇ ਪੁਰਾਣੀ ਹੈ, ਪਰ ਅੱਜ ਵੱਡੀ ਪਾਰਟੀ ਨਹੀਂ ਰਹੀ। ਬਹੁਤ ਸਾਰੇ ਲੋਕਾਂ ਨੇ ਕਾਂਗਰਸ ਲਈ ਸ਼ੋਕ ਸੰਦੇਸ਼ ਲਿਖੇ ਹਨ, ਪਰ ਪਾਰਟੀ ਕੋਲ ਖੁਦ ਨੂੰ ਇੱਕ ਨਵੇਂ ਅੰਦਾਜ਼ ਵਿੱਚ ਪੇਸ਼ ਕਰਨ ਅਤੇ ਇੱਕ ਚੰਗੀ ਲੀਡਰਸ਼ਿਪ ਦੇ ਤਹਿਤ ਮੁੜ-ਸੁਰਜੀਤ ਹੋਣ ਲਈ ਅਜੇ ਵੀ ਸਮਾਂ ਹੈ।






## ਹਲਕਾ ਫੁਲਕਾ

ਪੀ ਟੀ ਅਧਿਆਪਕ ਨੇ ਹੁਕਮ ਦਿੱਤਾ, ''ਤੁਸੀਂ ਬੱਚੇ ਪਿੱਠ ਦੇ ਭਾਰ ਲੇਟ ਜਾਓ ਤੇ ਆਪਣੀਆਂ-ਆਪਣੀਆਂ ਲੱਤਾਂ ਸਾਈਕਲ ਦੀ ਤਰ੍ਹਾਂ ਚਲਾਓ।''

ਸਾਰੇ ਲੜਕੇ ਅਜਿਹਾ ਕਰਨ ਲੱਗੇ, ਪਰ ਇੱਕ ਲੜਕਾ ਕਰਦਾ ਰੁਕ ਗਿਆ, ਅਧਿਆਪਕ ਨੇ ਪੁੱਛਿਆ, ''ਸੁਰਿੰਦਰ, ਤੂੰ ਕਿਉਂ ਰੁਕ ਗਿਆਂ?''

ਸੁਰਿੰਦਰ, ''ਸਰ, ਇਸ ਸਮੇਂ ਮੇਰੀ ਸਾਈਕਲ ਢਲਾਣ 'ਤੇ ਹੈ।''

*********

ਇੱਕ ਚਾਹ ਦੀ ਦੁਕਾਨ ਦੇ ਅੱਗੇ ਤਿੰਨ ਅੰਨ੍ਹੇ ਬੈਠ ਕੇ ਰੋਜ਼ ਭੀਖ ਮੰਗਦੇ ਸਨ।

ਇੱਕ ਦਿਨ ਇੱਕ ਹੀ ਅੰਨ੍ਹਾ ਆਇਆ, ਦੋ ਅੰਨ੍ਹੇ ਨਹੀਂ ਆਏ।

ਚਾਹ ਵਾਲੇ ਨੇ ਪੁੱਛਿਆ, ''ਅੱਜ ਤੂੰ ਇਕੱਲਾ ਹੀ ਆਇਆਂ, ਕੀ ਉਨ੍ਹਾਂ ਦੋਵਾਂ ਦੀ ਤਬੀਅਤ ਠੀਕ ਨਹੀਂ ਹੈ?''

ਅੰਨ੍ਹਾ ਬੋਲਿਆ, ''ਨਹੀਂ, ਨਹੀਂ ਤਬੀਅਤ ਤਾਂ ਠੀਕ ਹੈ। ਅੱਜ ਉਹ ਦੋਵੇਂ ਫਿਲਮ ਦੇਖਣ ਗਏ ਹਨ।''

*********

ਨੂੰਹ ਸੱਸ ਨੂੰ, ''ਤੁਹਾਡੀ ਸਵਾ ਸੌ ਸਾਲ ਦੀ ਉਮਰ ਦਾ ਰਾਜ਼ ਕੀ ਹੈ?''

ਸੱਸ, ''ਕਿਉਂਕਿ ਮੈਂ ਸਵਾ ਸੌ ਸਾਲ ਪਹਿਲਾਂ ਪੈਦਾ ਹੋਈ ਸੀ।''

*********

ਵਿਨੋਦ ਡਾਕਟਰ ਕੋਲ ਗਿਆ ਅਤੇ ਬੋਲਿਆ, ''ਡਾਕਟਰ ਸਾਹਿਬ, ਮੈਨੂੰ ਕੀ ਬਿਮਾਰੀ ਹੈ?''

ਡਾਕਟਰ, ''ਕੁੜੀਆਂ ਦਾ ਪਿੱਛਾ ਕਰਨਾ ਛੱਡ ਦੇ।''

ਵਿਨੋਦ, ''ਉਸ ਨਾਲ ਕੀ ਹੋਵੇਗਾ?''

ਡਾਕਟਰ, ''ਜੇ ਕੁੜੀਆਂ ਦਾ ਪਿੱਛਾ ਕਰਨਾ ਨਹੀਂ ਛੱਡੇਂਗਾ ਤਾਂ ਜਲਦੀ ਹੀ ਮਰ ਜਾਵੇਂਗਾ।''

ਵਿਨੋਦ, ''ਕੁੜੀਆਂ ਦਾ ਪਿੱਛਾ ਕਰਨ ਨਾਲ ਕੋਈ ਕਿਵੇਂ ਮਰ ਸਕਦਾ ਹੈ?''

ਡਾਕਟਰ, ''ਕਿਉਂਕਿ ਉਨ੍ਹਾਂ ਵਿੱਚੋਂ ਇੱਕ ਕੁੜੀ ਮੇਰੀ ਵੀ ਹੈ।''

*********

ਜੱਜ, ''ਤੂੰ ਇਸ ਦੇ ਪੈਸੇ ਕਿਉਂ ਖੋਹੇ?''

ਚੋਰ, ''ਮੈਂ ਪੈਸੇ ਨਹੀਂ ਖੋਹੇ, ਇਸ ਨੇ ਖੁਦ ਹੀ ਦਿੱਤੇ ਸਨ।''

ਜੱਜ, ''ਇਸ ਨੇ ਪੈਸੇ ਕਦੋਂ ਦਿੱਤੇ?''

ਚੋਰ, ''ਜਦੋਂ ਮੈਂ ਇਸ ਨੂੰ ਬੰਦੂਕ ਦਿਖਾਈ ਸੀ।''

********

ਪਤੀ-ਪਤਨੀ ਇੱਕ ਹੀ ਪਲੇਟ 'ਚ ਗੋਲਗੱਪੇ ਖਾ ਰਹੇ ਸਨ, ਇੱਕ ਦੂਜੇ ਦੀਆਂ ਅੱਖਾਂ 'ਚ ਅੱਖਾਂ ਮਿਲਾ ਕੇ।

ਪਤਨੀ ਨੇ ਰੋਮਾਂਟਿਕ ਹੋ ਕੇ ਪੁੱਛਿਆ, ''ਅਜਿਹਾ ਕੀ ਦੇਖ ਰਹੇ ਹੋ ਜੀ?''

ਪਤੀ, ''ਥੋੜ੍ਹਾ ਆਰਾਮ ਨਾਲ ਖਾਹ, ਮੇਰੀ ਵਾਰੀ ਹੀ ਨਹੀਂ ਆ ਰਹੀ।''


## ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com | 647-739-4641
satsahibusa@gmail.com | 346-714-0224



## GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Residential | Commercial | Investment

Jagdish Grewal
Sales Representative



(416) 970-5005
Office: 905-488-2100
Ext. 348

Century 21 President Realty Inc Brokerage
www.vipcondonetwork.com
27 Armthorpe Rd Brampton #3,
ON L6T 5M4 | Fax : 905-488-2101

## ਕੀ ਕੋਈ ਦਸੇਗਾ

# ਕੌਮ ਦਾ ਬਹੁਮੁਲਾ ਖਜ਼ਾਨਾ ਵਾਪਸ ਆਉਣ ਤੋਂ ਬਾਅਦ ਕਿਥੇ ਗਿਐ?



ਜਸਵੰਤ ਸਿੰਘ 'ਅਜੀਤ'

ਬੀਤੀ 4 ਜੂਨ ਨੂੰ ਮੀਡੀਆ ਵਿੱਚ ਇੱਕ ਖਬਰ ਆਈ ਸੀ, ਜਿਸ ਵਿੱਚ ਦਸਿਆ ਗਿਆ ਸੀ ਕਿ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਕੌਮੀ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਨੇ ਕੇਂਦ੍ਰੀ ਗ੍ਰਹਿ ਮੰਤ੍ਰੀ ਸ਼੍ਰੀ ਅਮਿਤ ਸ਼ਾਹ ਦੇ ਨਾਲ ਮੁਲਾਕਾਤ ਕਰ, ਉਨ੍ਹਾਂਪਾਸੋਂ ਮੰਗ ਕੀਤੀਹੈਕਿ ਜੂਨ-1984 ਦੇ ਅਰੰਭ ਵਿੱਚ ਜਦੋਂ ਭਾਰਤੀ ਸੈਨਾ ਨੇਸ੍ਰੀ ਦਰਬਾਰ ਸਾਹਿਬ ਕੰਪਲੈਕਸ ਪੁਰ ਹਮਲਾ ਕੀਤਾ ਸੀ, ਉਸ ਦੌਰਾਨ ਉਹ (ਭਾਰਤੀ ਸੈਨਾ)ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ ਵਿੱਚ ਸਥਿਤ ਸਿੱਖ ਰੇਫਰੇਂਸ ਲਾਇਬ੍ਰੇਰੀ ਵਿੱਚ ਸੁਰਖਿਅਤਸਿੱਖ ਧਰਮ, ਇਤਿਹਾਸ ਅਤੇ ਸਭਿਆਚਾਰ ਆਦਿ ਨਾਲ ਸੰਬੰਧਤ ਬਹੁਮੁਲਾ ਦਸਤਾਵੇਜ਼ੀ ਖਜ਼ਾਨਾ ਟਰੱਕਾਂਵਿੱਚ ਭਰ ਕੇ ਲੈ ਗਈ ਸੀ। ਉਹ ਬਹੁ-ਮੁਲਾ ਖਜ਼ਾਨਾ ਹੁਣ ਸਿੱਖ ਜਗਤ ਨੂੰ ਵਾਪਸ ਕੀਤਾ ਜਾਣਾ ਚਾਹੀਦਾ ਹੈ। ਇਸਦੇ ਨਾਲ ਹੀ ਇੱਕ ਇਹ ਖਬਰ ਵੀ ਪੜ੍ਹਨ ਨੂੰ ਮਿਲੀ ਕਿ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਸੱਤਾ-ਅਧੀਨ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਇਸੇ ਦਿਨ ਪ੍ਰਦਰਸ਼ਨ ਕਰ, ਕੇਂਦ੍ਰੀ ਗ੍ਰਹਿ ਮੰਤ੍ਰੀ ਸ਼੍ਰੀ ਅਮਿਤ ਸ਼ਾਹ ਪਾਸੋਂ ਉਪਰੋਕਤ, ਅਰਥਾਤ ਸਿੱਖ ਰੇਫਰੇਂਸ ਲਾਇਬ੍ਰੇਰੀ ਦੇ ਬਹੁਮੁਲੇ ਖਜ਼ਾਨੇ ਦੀ ਵਾਪਸੀ ਦੀ, ਮੰਗ ਕੀਤੀ ਹੈ। ਇਸੇ ਦੌਰਾਨ ਆਈਆਂ ਖਬਰਾਂਦੇ ਅਨੁਸਾਰ ਹੀਸ਼੍ਰੋਮਣੀ ਗਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਵੀ ਇਸੇ ਉਦੇਸ਼ ਨੂੰ ਲੈ ਕੇਸ੍ਰੀ ਅਮਿਤ ਸ਼ਾਹ ਨੂੰ ਚਿੱਠੀ ਲਿਖੀ ਹੈ।

ਅਜੇ ਇਨ੍ਹਾਂਖਬਰਾਂ ਦੀ ਸਿਆਹੀ ਸੁੱਕੀ ਵੀ ਨਹੀਂਸੀ ਕਿ ਇਹ ਖਬਰ ਆ ਗਈ ਕਿ ਭਾਰਤੀ ਸੈਨਾ ਨੇ ਸਿੱਖਰੇਫਰੇਂਸ ਲਾਇਬ੍ਰੇਰੀ ਦਾ ਸਮੁਚਾ ਦਸਤਾਵਜ਼ੀ ਖਜ਼ਾਨਾ, ਜੋ ਉਹ ਨੀਲਾਤਾਰਾਂ ਸਾਕੇ ਦੌਰਾਨ ਲੈ ਗਈ ਸੀ, 29 ਸਤੰਬਰ 1984 ਤੋਂਲੈ ਕੇ 28 ਦਸੰਬਰ 1990, ਦੇ ਸਮੇਂ ਦੌਰਾਨ,ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੱਤ ਕਿਸ਼ਤਾਂਵਿੱਚ ਵਾਪਸਕਰ ਦਿੱਤਾ ਹੈ, ਜਿਸਦੀਆਂ ਰਸੀਦਾਂ ਉਸ ਕੋਲ ਸੁਰਖਿਅਤ ਹਨ। ਇਤਨਾ ਹੀ ਨਹੀਂ, ਇਸਦੇ ਨਾਲ ਹੀ ਇਹ ਖਬਰ ਵੀ ਪੜ੍ਹਨ ਨੂੰ ਮਿਲੀ ਕਿ ਸਿੱਖ ਰੇਫਰੇਂਸ ਲਾਇਬ੍ਰੇਰੀ ਵਿੱਚ ਸੁਰਖਿਅਤ ਰਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹੱਥ-ਲਿਖਤ ਬੀੜ, ਜਿਸਪੁਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਸਤਖਤ ਹਨ, ਵਿਦੇਸ਼ ਵਿੱਚ ਹੀ ਕਿਸੇ ਦੇ ਹੱਥ 12 ਕਰੋੜ ਰੁਪਿਆਂ ਵਿੱਚ ਵੇਚ ਦਿੱਤੀ ਗਈ ਹੈ।

ਹੈਰਾਨੀ ਤਾਂਇਸ ਗਲ ਦੀ ਹੈ ਕਿ ਸਿੱਖ ਰੇਫਰੇਂਸ ਲਾਇਬ੍ਰੇਰੀ ਵਿੱਚ ਸੁਰਖਿਅਤ ਰਹੇ, ਸਿੱਖ ਧਰਮ, ਇਤਿਹਾਸ ਅਤੇਸਭਿਆਚਾਰ ਆਦਿ ਨਾਲ ਸੰਬੰਧਤ ਖਜ਼ਾਨੇ, ਜੋ ਨੀਲਾਤਾਰਾ ਸਾਕੇ ਦੌਰਾਨ ਸੈਨਾ ਲੈ ਗਈ ਸੀ, ਦੀ ਵਾਪਸੀ ਸ਼ੁਰੂ ਹੋ ਜਾਣ ਅਤੇ ਉਸਦੇ ਸਮੁਚੇ ਰੂਪ ਵਿੱਚਵਾ-ਪਸ ਮਿਲ ਜਾਣ ਦੇ ਬਾਅਦ ਵੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਉਸਦੇ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਦੇ ਮੁੱਖੀਆਂ ਵਲੋਂ ਲਗਾਤਾਰ ਇਹ ਪ੍ਰਚਾਰ ਕੀਤਾ ਜਾਂਦਾ ਚਲਿਆ ਆ ਰਿਹਾ ਹੈ ਕਿ ਉਹਇਸ ਖਜ਼ਾਨੇ ਦੀ ਵਾਪਸੀ ਲਈ ਸਰਕਾਰ ਪੁਰ ਦਬਾਉ ਬਣਾਂਦੇ ਚਲੇ ਆ ਰਹੇ ਹਨ। ਸ਼ਾਇਦ ਅਜਿਹਾ ਪ੍ਰਚਾਰ ਕਰਦਿਆਂ ਰਹਿਣਪਿਛੇ ਉਨ੍ਹਾਂ ਦਾ ਉਦੇਸ਼ ਲੋਕਾਂ ਵਿੱਚ ਇਹ ਪ੍ਰਭਾਵ ਬਣਾਈ ਰਖਣਾ ਸੀ ਕਿ ਵਾਪਸ ਆ ਗਏ ਖਜ਼ਾਨੇ ਨੂੰ ਖੁਰਦ-ਬੁਰਦ ਕੀਤੇ ਜਾਣ ਦੀਆਂ ਜੋ ਕੋਸ਼ਿਸ਼ਾਂ ਉਨ੍ਹਾਂ ਵਲੋਂ ਕੀਤੀਆਂ ਗਈਆਂ ਹਨ, ਉਨ੍ਹਾਂ ਵਲ ਲੋਕਾਂ ਦਾ ਧਿਆਨ ਨਾ ਜਾ ਸਕੇ ਅਤੇ ਉਹ ਇਹੀ ਸਮਝਦੇ ਰਹਿਣ ਕਿ ਅੱਜੇ ਤਕ ਸੰਬੰਧਤ ਖਜ਼ਾਨਾ ਸਰਕਾਰ ਪਾਸ ਹੀ ਹੈ ਤੇ ਉਹ ਵਾਪਸ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਨਹੀਂ ਮਿਲਿਆ।ਉਹ ਉਸਦੀ ਵਾਪਸੀ ਲਈ ਬਹੁਤ ਹੀ ਗੰਭੀਰ ਅਤੇਇਮਾਨਦਾਰ ਹਨ। ਇਸੇ ਸਮੇਂ ਦੇ ਦੌਰਾਨ ਇਹ ਸਮਾਚਾਰ ਵੀ ਪ੍ਰਸਾਰਤ ਕੀਤਾ ਜਾਂਦਾ ਰਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਜ. ਗੁਰਚਰਨ ਸਿੰਘ ਟੋਹੜਾ ਅਤੇਸ. ਅਵਤਾਰ ਸਿੰਘ ਮਕੱੜ ਦੇ ਪ੍ਰਧਾਨਗੀ-ਕਾਲ ਦੌਰਾਨ ਸੁਪ੍ਰੀਮ ਕੋਰਟ ਵਿੱਚ ਇੱਕ ਮੁਕਦਮਾ ਦਾਇਰ ਕਰ ਸਰਕਾਰ ਪਾਸੋਂ ਮੰਗ ਕੀਤੀ ਗਈਹੈ ਕਿ ਨੀਲਾਤਾਰਾ ਸਾਕੇ ਦੌਰਾਨ ਸਿੱਖ ਰੇਫਰੇਂਸ ਲਾਇਬ੍ਰੇਰੀ ਵਿੱਚਲਾ ਸੁਰਖਿਅਤ, ਜੋ ਦਸਤਾਵੇਜ਼ੀ ਖਜ਼ਾਨਾ ਭਾਰਤੀ ਸੈਨਾ ਟਰਕਾਂ ਵਿੱਚ ਭਰ ਕੇ ਲੈ ਗਈ ਸੀ, ਉਸਨੂੰਸ਼੍ਰੋਮਣੀ ਕਮੇਟੀ ਨੂੰ ਵਾਪਸ ਨਾ ਕਰ, ਖੁਰਦ-ਬੁਰਦ ਕਰ ਦਿੱਤੇ ਜਾਣ ਕਾਰਣ, ਸਰਕਾਰ ਉਸਦੀ ਭਰਪਾਈ ਕਰਨ ਦੇ ਲਈ ਇੱਕ ਹਜ਼ਾਰ ਕਰੋੜ ਰੁਪਿਆ ਮੁਆਵਜ਼ੇ ਵਜੋਂ ਅਦਾ ਕਰੇ। ਇਸਦੇ ਨਾਲ ਹੀ ਇਹ ਵੀ ਦਸਿਆ ਜਾਂਦਾ ਰਿਹਾ ਕਿ ਅਦਾਲਤ ਨੇ ਕਿਹਾ ਹੈ ਕਿ ਉਹ ਇਸ ਮਾਮਲੇ ਪੁਰ ਸੁਣਵਾਈ ਤਾਂ ਹੀ ਕਰ ਸਕਦੀ ਹੈ, ਜੇ ਅਦਾਲਤੀ ਨਿਯਮਾਂ ਦੇ ਅਨੁਸਾਰ ਇਸਦੀ ਸੁਣਵਾਈ ਦੇ ਲਈਅਦਾਲਤੀ ਫੀਸ ਵਜੋਂ ਦਸ ਕਰੋੜ ਰੁਪਏ ਜਮਾ ਕਰਵਾਏ ਜਾਣ, ਸ਼੍ਰੋਮਣੀ ਗੁਰਦੁ-ਆਰਾ ਪ੍ਰਬੰਧਕ ਕਮੇਟੀ ਦੇ ਮੁਖੀਆਂ ਅਨੁਸਾਰ ਉਹ ਇਹ ਰਕਮ ਜਮ੍ਹਾ ਨਹੀਂ ਕਰਵਾ ਸਕੇ। ਇਸਦਾ ਕਾਰਣ ਉਨ੍ਹਾਂ ਇਹ ਦਸਿਆ ਕਿ ਸ਼੍ਰੋਮਣੀ ਕਮੇਟੀ ਇਤਨੀ ਵੱਡੀ ਰਕਮ ਜਮ੍ਹਾ ਕਰਵਾਏ ਜਾਣ ਦੇ ਸਮਰਥ ਨਹੀਂ। ਇਸਲਈ ਉਹ ਇਸ ਮਾਮਲੇ ਦੀ ਪੈਰਵੀ ਨਹੀਂ ਕਰ ਸਕਦੀ। ਦਸਿਆ ਗਿਆ ਹੈ ਕਿ ਜਦੋਂ ਸ਼੍ਰੋਮਣੀ ਕਮੇਟੀ ਦੇ ਮੁੱਖੀਆਂ ਨੇ ਇਤਨੀ ਵੱਡੀ ਰਕਮ ਜਮ੍ਹਾ ਕਰਵਾਏ ਜਾਣ ਦੇ ਮਾਮਲੇ ਵਿੱਚ ਆਪਣੇ ਹੱਥ ਖੜੇ ਕਰ ਦਿੱਤੇ ਸਨ, ਤਾਂ ਉਸ ਸਮੇਂ ਦਿੱਲੀ ਅਤੇ ਵਿਦੇਸ਼ਾਂ ਵਿਚਲੇ ਕਈ ਪਤਵੰਤੇ ਸਿੱਖਾਂ ਨੇ ਪੇਸ਼ਕਸ਼ ਕਰ ਦਿੱਤੀ ਕਿ ਜੇ ਅਕਾਲ ਤਖਤ ਤੋਂ ਆਦੇਸ਼ ਮਿਲੇ ਤਾਂ ਉਹ ਇਹ ਰਕਮ ਜਮ੍ਹਾ ਕਰਵਾ ਮਾਮਲੇ ਦੀ ਪੈਰਵੀ ਕਰਨ ਦੀ ਜ਼ਿਮੇਂਦਾਰੀ ਸੰਭਾਲਣਦੇ ਲਈਤਿਆਰ ਹਨ। ਪ੍ਰੰਤੂ ਨਾ ਤਾਂ ਅਕਾਲ ਤਖਤ ਦੇ ਜੱਥੇਦਾਰ ਨੇ ਅਤੇ ਨਾ ਹੀ ਸ਼੍ਰੋਮਣੀ ਕਮੇਟੀ ਦੇ ਕਿਸੇ ਮੁਖੀ ਨੇ ਉਨ੍ਹਾਂ ਸਿੱਖਾਂ ਵਲੋਂ ਕੀਤੀ ਗਈ ਪੇਸ਼ਕਸ਼ ਦਾ ਕੋਈ ਜਵਾਬ ਦਿੱਤਾ। ਸ਼ਾਇਦ ਇਸਦਾ ਕਾਰਣ ਇਹ ਹੀ ਸੀ ਕਿ ਜੇ ਪਤਵੰਤੇ ਸਿਖਾਂ ਨੇ ਇਸ ਮਾਮਲੇ ਦੀ ਪੈਰਵੀ ਕਰਨ ਦੀ ਜ਼ਿਮੇਂਦਾਰੀ ਸੰਭਾਲ ਲਈ ਤਾਂ ਸਾਰਾ ਭੇਦ ਖੁਲ੍ਹ ਜਾਇਗਾ ਤੇ ਉਹ ਕਿਸੇ ਨੂੰ ਮੂੰਹ ਵਿਖਾਣ ਜੋਗੇ ਵੀ ਨਹੀਂ ਰਹਿਣਗੇ। ਹੁਣ ਜਦਕਿ ਇਹ ਖੁਲਾਸਾ ਹੋ ਗਿਆ ਹੈ ਕਿ ਭਾਰਤੀ ਸੈਨਾ ਨੇ ਤਾਂ ਸਿੱਖ ਰੇਫਰੇਂਸ ਲਾਇਬ੍ਰੇਰੀ ਦਾ ਸਾਰਾ ਹੀ ਬਹੁਮੁਲਾ ਖਜ਼ਾਨਾ ਸ਼੍ਰੋਮਣੀ ਕਮੇਟੀ ਨੂੰ ਵਾਪ-ਸਕਰ ਦਿੱਤਾ ਸੀ, ਜਿਸਦੀਆਂ ਰਸੀਦਾਂ ਉਸ ਪਾਸ ਹਨ, ਤਾਂ ਇਹ ਸਵਾਲ ਉਠਣਾ ਸੁਭਾਵਕ ਹੈ ਕਿ ਆਖਿਰ ਉਹ ਖਜ਼ਾਨਾ ਗਿਆ ਕਿਥੇ? ਕਿਧਰੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਸਤਖਤਾਂ ਵਾਲੀ ਹੱਥ-ਲਿਖਤ ਬੀੜ ਵਾਂਗ ਬਾਕੀ ਦਾ ਖਜ਼ਾਨਾ ਵੀ ਤਾਂ ਵੇਚ ਨਹੀਂ ਦਿੱਤਾ ਗਿਆ? ਜੇ ਨਹੀਂ ਵੇਚਿਆ ਗਿਆ ਤਾਂਕਿਥੇ ਹੈ ਉਹ ਖਜ਼ਾਨਾ?ਇਸ ਸਵਾਲ ਦਾ ਜਵਾਬ ਸ਼੍ਰੋਮਣੀ ਕਮੇਟੀ ਤੇ ਬਾਦਲ ਅਕਾਲੀ ਦਲ ਦੇ ਮੁੱਖੀਆਂ ਨੂੰ ਜਨਤਾ ਦੀ ਅਦਾਲਤ ਵਿੱਚ ਦੇਣਾ ਹੀ ਹੋਵੇਗਾ! ਅੱਜ ਦੇਣ ਜਾਂ ਕਲ੍ਹ? ਇਧਰ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾਪ੍ਰਧਾਨ ਸ. ਮਨਜੀਤ ਸਿੰਘ ਜੀਕੇ ਨੇ ਐਲਾਨ ਕੀਤਾ ਹੈ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹੱਥ-ਲਿਖਤ ਬੀੜ ਵੇਚੇ ਜਾਣ ਅਤੇ ਬਾਕੀ ਦਾ ਬਹੁਮੁਲਾ ਖਜ਼ਾਨਾ ਕਿਥੇ ਹੈ? ਇਸਦਾ ਪਤਾ ਲਾਏ ਜਾਣ ਦੀ ਮੰਗ ਨੂੰ ਲੈ ਕੇ ਅਦਾਲਤ ਦਾ ਦਰਵਾਜ਼ਾ ਖਟਖਟਾਣ ਜਾ ਰਹੇ ਹਨ।ਇਧਰ ਜਦੋਂ ਤੋਂ ਬਹੁਮੁਲੇ ਦਸਤਾਵੇਜ਼ੀ ਖਜ਼ਾਨਾ ਵਾਪਸ ਕਰ ਦਿੱਤੇ ਜਾਣ ਦਾ ਖੁਲਾਸਾ ਹੋਇਆ ਹੈ, ਸਿੱਖ ਜਗਤ ਵਿੱਚ ਇਹ ਚਰਚਾਜ਼ੋਰ ਪਕੜਦੀ ਚਲੀ ਜਾ ਰਹੀ ਹੈ ਕਿ ਆਖਰ ਉਹ ਕੌਣਲੋਕ ਹਨ, ਜਿਨ੍ਹਾਂ ਨੇ ਸਿੱਖ ਪੰਥ ਦੇ ਨਾਲਇਤਨਾ ਵੱਡਾ ਵਿਸ਼ਵਾਸਘਾਤ ਕਰਨ ਦੀਦਲੇਰੀ ਕੀਤੀ ਹੈ?

...ਅਤੇ ਅੰਤ ਵਿੱਚ : ਬੀਤੇ ਦਿਨੀਂ ਇੱਕ ਪੁਰਾਣੇ ਪਤ੍ਰਕਾਰ ਮਿਤੱਰ ਨਾਲ ਅਚਾਨਕ ਮੁਲਾਕਾਤ ਹੋ ਗਈ ਤਾਂ ਉਸਨੇ ਅੱਗੇ-ਪਿੱਛੇ ਦੀਆਂ ਗਲਾਂ ਕਰਦਿਆਂ ਦਸਿਆ ਕਿ ਕਾਫੀ ਸਮਾਂ ਹੋਇਆ ਹੈ ਕਿ ਉਸਦੀ ਮੁਲਾਕਾਤ ਨਵੇਂ-ਨਵੇਂ ਬਣੇ ਇੱਕ ਅਕਾਲੀ ਮੁਖੀ ਨਾਲ ਪੰਜ-ਤਾਰਾ ਹੋਟਲ ਵਿੱਚ ਹੋ ਗਈ। ਇਧਰ-ਉਧਰ ਦੀਆਂਗਲਾਂ ਕਰਦਿਆਂਅਚਾਨਕ ਹੀ ਉਸਨੇ ਪੁਛ ਲਿਆ ਕਿ ਅਕਾਲੀ ਦਲ ਵਿੱਚ ਆਪਣੇ ਪੈਰ ਮਜ਼ਬੂਤੀ ਨਾਲਕਿਵੇਂ ਟਿਕਾਈ ਰਖੇ ਜਾ ਸਕਦੇ ਹਨ? ਇਹ ਪੁਛੇ ਜਾਣ 'ਤੇ ਉਹ ਉਸਨੂੰ ਇਹ ਕਹੇ ਬਿਨਾ ਨਾ ਰਹਿ ਸਕਿਆ ਕਿ ਜਦੋਂ ਤਕ 'ਉਪਰ' ਲਿਫਾਫਾ ਪਹੁੰਚਾਂਦੇ ਰਹੋਗੇ, 'ਉਪਰ' ਵਾਲਿਆਂ ਦੀਆਂ ਨਜ਼ਰਾਂ ਦਾ ਤਾਰਾ ਬਣੇ ਰਹੋਗੇ, ਜਦੋਂ ਲਿਫਾਫਾ ਪਹੁੰਚਾਣਾ ਬੰਦ ਕੀਤਾ, ਉਸੇ ਦਿਨ ਨਜ਼ਰਾਂ ਵਿਚੋਂ ਡਿਗ ਪੈਰਾਂ ਵਿੱਚ ਆ ਜਾਉਗੇ। ਇਹ ਗਲ ਤਾਂ ਉਸਨੇ ਗੰਢ ਬੰਨ੍ਹ ਲਈ, ਪਰ ਉਸਨੇ ਇਹ ਜਾਨਣ ਦੀ ਕੋਸ਼ਸ਼ ਨਹੀਂ ਕੀਤੀ ਕਿ 'ਉਪਰ' ਤਾਂਇਸਤਰ੍ਹਾਂਗਲ ਬਣੀ ਰਹੇਗੀ, ਪਰ ਆਮ ਲੋਕਾਂਵਿੱਚ ਕਿਵੇਂ ਪੈਰ ਟਿੱਕੇ ਰਹਿ ਸਕਣਗੇ? ਇਸਲਈ ਉਹ 'ਉਪਰਲਿਆਂ' ਦੀ ਨਜ਼ਰ ਵਿੱਚ ਤਾਂ ਟਿਕਿਆ ਚਲਿਆ ਆ ਰਿਹਾ ਹੈ। ਪਰ ਇਹ ਵੇਖਣਾ ਹੋਵੇਗਾ ਕਿ ਜਦੋਂ ਉਸਦਾ ਸਾਹਮਣਾ ਆਮ ਲੋਕਾਂ ਨਾਲ ਹੋਵੇਗਾ ਤਾਂ ਉਥੇ ਉਹ ਕਿਵੇਂ ਟਿਕਿਆ ਰਹਿ ਸਕੇਗਾ?

ਮੋਬਾ: +91 95 82 71 98 90
E-Mail :jaswantsinghajit@gmail.com

# ਚਵਾਨੀ ਦੀਆਂ ਲਾਲ ਮਿਰਚਾਂ ਵਾਲੀ ਮਾਂ

-ਪ੍ਰੋ.ਹਮਦਰਦਵੀਰ ਨੌਸ਼ਹਿਰਵੀ

ਮੈਂ ਹਨੇਰੇ ਹੋਏ ਉਨ੍ਹਾਂ ਦੇ ਘਰ ਜਾਂਦਾ ਸਾਂ। ਮਾਂ ਦੇ ਚਿਹਰੇ ਉਤੇ ਹਨੇਰ ਭਰੀ ਕੋਈ ਤਿਊੜੀ ਨਹੀਂ ਸੀ ਦਿਸਦੀ। ਮੈਨੂੰ ਲੱਗਦਾ ਸੀ, ਜਿਵੇਂ ਮਾਂ ਮੈਨੂੰ ਉਡੀਕ ਰਹੀ ਹੋਵੇ। ਮਹਿੰਦਰ ਸਿੰਘ ਸਕੂਲ ਵੇਲੇ ਦਾ ਮੇਰਾ ਜਮਾਤੀ ਸੀ। ਉਸ ਦਾ ਪਿਤਾ ਸਰੂਪ ਸਿੰਘ ਪਿੰਡ ਦਾ ਨਹੀਂ, ਇਲਾਕੇ ਦਾ ਸਿਰਕੱਢ ਨੇਤਾ ਸੀ। ਰੱਜਿਆ ਪੁੱਜਿਆ ਪਰਵਾਰ ਸੀ। ਅੱਠਵੀਂ ਜਮਾਤ ਦਾ ਡਿਸਟ੍ਰਿਕਟ ਬੋਰਡ ਦਾ ਇਮਤਿਹਾਨ ਨੇੜੇ ਹੀ ਸੀ। ਸਾਡੇ ਘਰ ਦਾਸਕੀ ਪੱਤੀ ਹਾਲੇ ਬਿਜਲੀ ਨਹੀਂ ਸੀ ਆਈ, ਪਰ ਸਰੂਪ ਸਿੰਘ ਦੇ ਘਰ ਚਾਨਣ ਹੋ ਗਿਆ ਸੀ। ਮਹਿੰਦਰ ਸਿੰਘ ਦੇ ਕਹਿਣ 'ਤੇ ਮੈਂ ਰਾਤ ਨੂੰ ਮੈਣੀਆਂ ਕੀ ਪੱਤੀ ਉਨ੍ਹਾਂ ਦੇ ਘਰ ਪੜ੍ਹਾਈ ਕਰਨ ਜਾਣ ਲੱਗਾ। ਮੈਂ ਤੇ ਮੇਰਾ ਜਮਾਤੀ ਮਹਿੰਦਰ, ਚੁਬਾਰੇ 'ਚ ਪੜ੍ਹਦੇ। ਮਹਿੰਦਰ ਦੀ ਮਾਂ ਗਰਮ-ਗਰਮ ਦੁੱਧ ਲੈ ਕੇ ਆਉਂਦੀ। ਪਹਿਲਾਂ ਮੈਨੂੰ ਗਲਾਸ ਫੜਾਉਂਦੀ ਤੇ ਫਿਰ ਮਹਿੰਦਰ ਨੂੰ! 'ਪੁੱਤ ਓਪਰਾ ਨਹੀਂ ਸੋਚਣਾ। ਤੂੰ ਤਾਂ ਮੇਰੇ ਲਈ ਮਹਿੰਦਰ ਤੋਂ ਵੀ ਵੱਧ ਐਂ।' ਇਕ ਸ਼ਾਮ ਮਾਂ ਨੇ ਕਿਹਾ, 'ਪੁੱਤ ਜਦੋਂ ਤੂੰ ਬਹੁਤ ਸਾਰਾ ਪੜ੍ਹ ਲਿਖ ਗਿਆ, ਅਫਸਰ ਬਣ ਗਿਆ, ਮੈਨੂੰ ਜ਼ਰੂਰ ਯਾਦ ਰੱਖੀਂ। ਆਪਣੇ ਦਿਲ ਦੇ ਕਿਸੇ ਕੋਨੇ ਵਿੱਚ ਮੈਨੂੰ ਥੋੜ੍ਹੀ ਕੁ ਥਾਂ ਦੇਈਂ ਰੱਖੀ।' ਮਾਂ ਵੇਖ, ਮੈਨੂੰ ਤੂੰ ਹੁਣ ਵੀ ਯਾਦ ਏਂ। ਦਿਲ ਦੀ ਕਿਸੇ ਦੂਰ ਦੀ ਨੁੱਕਰ 'ਚ ਤੇਰਾ ਵਾਸਾ ਨਹੀ, ਤੂੰ ਤਾਂ ਮੇਰਾ ਅੱਧਾ ਦਿਲ ਮੱਲਿਆ ਹੋਇਆ ਏ। ਤੂੰ ਸੁਣ ਰਹੀ ਏਂ ਨਾ, ਮਾਂ। ਤੂੰ ਜਿਥੇ ਵੀ ਕਿਤੇ ਹੈਂ, ਆਸਮਾਨ ਦੇ ਜਿਸ ਵੀ ਖੂੰਜੇ 'ਚ ਤੇਰਾ ਵਾਸਾ ਹੈ, ਤੂੰ ਜ਼ਰੂਰ ਮੇਰੀ ਆਵਾਜ਼ ਸੁਣ ਰਹੀ ਹੋਵੇਗੀ। ਮੇਰੀ ਜਨਣੀ, ਮਾਂ ਦੀ ਮੈਨੂੰ ਉਕੀ ਕੋਈ ਪਛਾਣ ਨਹੀਂ। ਮੈਨੂੰ ਉਸ ਦਾ ਸਿਰਫ ਨਾਂ ਯਾਦ ਹੈ-ਸ਼ਾਮ ਕੌਰ। ਸ਼ਾਮ ਕੌਰ ਆਪਣੀ ਸ਼ਾਮ ਹੋਣ ਤੋਂ ਪਹਿਲਾਂ ਕਾਲੀ ਬੋਲੀ ਰਾਤ ਦੇ ਰਾਹੇ ਤੁਰ ਗਈ ਸੀ। ਮੈਂ ਉਦੋਂ ਦੂਜੀ ਜਮਾਤ ਵਿੱਚ ਪੜ੍ਹਦਾ ਸਾਂ। ਮੈਨੂੰ ਹਾਲੇ ਨਾਲਾ ਬੰਨ੍ਹਣਾ ਨਹੀਂ ਸੀ ਆਉਂਦਾ। ਮੂੰਹ ਹਨੇਰਾ ਸੀ। ਹਾਲੇ ਮੇਰੀ ਸਵੇਰ ਵੀ ਉਦੋਂ ਨਹੀਂ ਸੀ ਹੋਈ ਕਿ ਮੇਰੀ ਮਾਂ ਸ਼ਾਮ ਕੌਰ ਦੀ ਸ਼ਾਮ ਹੋ ਗਈ। ਤੂੰ ਹੀ ਮੇਰੀ ਮਾਂ ਸੈਂ। ਮਹਿੰਦਰ ਸਿੰਘ ਦੀ ਮਾਂ, ਮੇਰੀ ਮਾਂ। ਮੈਨੂੰ ਤੇਰਾ ਨਾਂ ਯਾਦ ਨਹੀਂ। ਨਾਂ ਪੁੱਛਿਆ ਹੀ ਨਹੀਂ ਸੀ। ਭਲਾ ਆਪਣੀ ਮਾਂ ਦਾ ਵੀ ਕੋਈ ਨਾਂ ਪੁੱਛਦਾ ਹੈ, ਪਰ ਮੈਨੂੰ ਤੇਰਾ ਮੁਸਕਰਾਉਂਦਾ ਚਿਹਰਾ ਅੱਜ ਵੀ ਯਾਦ ਹੈ। ਤੇਰਾ ਆਕਾਰ, ਤੇਰੀ ਨੁਹਾਰ ਦੀ ਮੈਨੂੰ ਹਾਲੇ ਵੀ ਪਛਾਣ ਹੈ।

ਮਹਿੰਦਰ ਅਕਸਰ ਦਸ ਵਜੇ ਤੋਂ ਪਹਿਲਾਂ ਸੌਂ ਜਾਂਦਾ ਸੀ, ਪਰ ਮੈਂ ਆਪਣੇ ਬਿਸਤਰੇ 'ਤੇ ਬੈਠਾ ਕੰਧ ਨਾਲ ਸਿਰਹਾਣਾ ਲਾ ਕੇ ਪੜ੍ਹਦਾ ਰਹਿੰਦਾ। ਰਾਤ ਦੇ ਬਾਰਾਂ ਵਜੇ ਤੋਂ ਬਾਅਦ ਪਹਿਰੇਦਾਰ ਭਾਰਾ ਸੋਟਾ ਖੜਕਾਉਂਦਾ ਹੋਇਆ ਹੇਠਾਂ ਗਲੀ ਵਿੱਚੋਂ ਦੀ ਲੰਘਦਾ 'ਜਾਗਦੇ ਰਹੋ ਭਾਈ ਓਏ।' ਮੈਂ ਆਪਣੇ ਆਪ ਨੂੰ ਕਹਿੰਦਾ, ਮੈਂ ਜਾਗਦਾ ਹਾਂ। ਸਵੇਰੇ ਮਾਂ ਚਾਹ ਲੈ ਕੇ ਆਉਂਦੀ। ਕਦੀ-ਕਦੀ ਕੋਈ ਗੱਲ ਕਰਦੀ, 'ਪੁੱਤ, ਤੂੰ ਅੱਧੀ-ਅੱਧੀ ਰਾਤ ਤੱਕ ਪੜ੍ਹਦਾ ਰਹਿੰਦਾ ਹੈਂ। ਤੈਨੂੰ ਨੀਂਦ ਨਹੀਂ ਆਉਂਦੀ? ਛੇਤੀ ਸੌਂ ਜਾਇਆ ਕਰ।' ਚੰਗਾ ਮਾਂ, ਛੇਤੀ ਸੌਂ ਜਾਇਆ ਕਰਾਂਗਾ। ਮਾਂ ਨੂੰ ਕਿਵੇਂ ਕਹਿੰਦਾ, ਮਾਂ ਮੇਰਾ ਪੰਧ ਬੜਾ ਲੰਮਾ ਏ। ਮੈਂ ਦੂਰ, ਬਹੁਤ ਦੂਰ ਜਾਣਾ ਹੈ। ਪਤਾ ਨਹੀਂ ਕਿਹੜੇ ਭੀੜੇ ਰਾਹਾਂ ਵਿੱਚੋਂ ਮੈਨੂੰ ਗੁਜ਼ਰਨਾ ਪਵੇਗਾ। ਹਨੇਰੇ ਵੀ ਹੋਣਗੇ ਤੇ ਕੰਡੇ ਵੀ, ਮੇਰੇ ਪੈਰੀਂ ਚੱਜ ਦੀ ਜੁੱਤੀ ਵੀ ਨਹੀਂ। ਜੇ ਮੇਰੇ ਪਾਸ ਚਾਨਣ ਦਾ ਭਰਿਆ ਜਹਾਜ਼ ਨਾ ਹੋਇਆ ਤਾਂ ਹਨੇਰੇ ਦਾ ਸਾਗਰ ਕਿਵੇਂ ਪਾਰ ਕਰਾਂਗਾ। ਅੱਧੀ ਸਦੀ ਬੀਤ ਗਈ ਹੈ। ਮੈਂ ਤੁਰਦਾ ਜਾ ਰਿਹਾ ਹਾਂ। ਹਨੇਰਾ ਹੈ ਕਿ ਮੁੱਕਦਾ ਹੀ ਨਹੀਂ। ਮੈਂ ਵੀ ਠਾਣ ਲਈ ਹੈ ਕਿ ਇਕ ਦਿਨ ਹਨੇਰੇ ਦੀ ਸੁਰੰਗ ਮੁੱਕੇਗੀ।

ਚੰਨੇ ਦੀ ਮਾਂ, ਮੇਰੀ ਮਾਂ। ਚੰਨਾ ਮੇਰਾ ਬਚਪਨ ਦਾ ਮਿੱਤਰ ਸੀ। ਸਾਡੇ ਘਰ ਦੇ ਨਾਲ ਉਨ੍ਹਾਂ ਦਾ ਘਰ ਸੀ। ਦੋਵਾਂ ਘਰਾਂ ਵਿਚਾਲੇ ਕੰਧ ਸੀ। ਕੰਧ ਬਹੁਤ ਉਚੀ ਨਹੀਂ ਸੀ। ਦੋਵਾਂ ਘਰਾਂ ਦੇ ਉਚੇ ਕੱਦ ਵਾਲੇ ਸਿਰ ਇਕ ਦੂਜੇ ਨੂੰ ਵੇਖ ਲੈਂਦੇ ਸਨ। ਕੰਧ ਉਤੋਂ ਆਵਾਜ਼ ਵੀ ਇਧਰ ਉਧਰ ਬਿਨਾਂ ਕਿਸੇ ਰੋਕ ਟੋਕ ਤੋਂ ਜਾਂਦੀ ਸੀ ਤੇ ਹੁੰਗਾਰੇ ਵੀ। ਕੰਧ ਦੇ ਦੋਵਾਂ ਪਾਸਿਆਂ ਦੇ ਉਚੇ-ਉਚੇ ਤੇ ਖਰਵੇਂ ਬੋਲ ਇਧਰਲੇ ਏਧਰ ਤੇ ਉਧਰਲੇ ਉਧਰ ਰੁਕ ਜਾਂਦੇ ਸਨ। ਸ਼ਾਇਦ ਕੱਚੀ ਕੰਧ ਹੀ ਉਚੇ ਤੇ ਨਿਰਮੋਹੇ ਬੋਲ ਆਪਣੇ ਆਪ 'ਚ ਸਮਾ ਲੈਂਦੀ ਸੀ। ਸ਼ਾਇਦ ਉਦੋਂ ਲੋਕਾਂ ਦੇ ਬੋਲਾਂ 'ਚ ਸਹਿਜ ਸੀ ਜਾਂ ਕੰਧਾਂ ਹੀ ਮਾਵਾਂ ਵਰਗੀਆਂ ਸਨ ਕਿ ਮੰਦੇ ਕੌੜੇ ਬੋਲ ਆਪਣੇ 'ਚ ਹੀ ਸਮਾ ਲੈਂਦੀਆਂ ਸਨ।

ਚੰਨੇ ਦੀ ਮਾਂ ਦੇ ਬੋਲ ਕੰਧ ਪਾਰ ਕਰਕੇ ਮੇਰੇ ਕੰਨਾਂ 'ਚ ਮਿਸ਼ਰੀ ਘੋਲ ਦਿੰਦੇ ਸਨ, 'ਵੇ ਚੰਨੇ ਪੁੱਤ, ਖੋਜੇ ਦੀ ਦੁਕਾਨ ਤੋਂ ਮੈਨੂੰ ਚਵਾਨੀ ਦੀਆਂ ਲਾਲ ਮਿਰਚਾਂ ਲਿਆ ਦੇ, ਦਾਲ 'ਚ ਪਾਉਣ ਲਈ ਘਰ 'ਚ ਇਕ ਵੀ ਮਿਰਚ ਨਹੀਂ।' ਚੰਨੇ ਦੀ ਮਾਂ ਗੱਲ ਮਿਰਚਾਂ ਦੀ ਕਰਦੀ ਸੀ, ਪਰ ਲੱਗਦਾ ਸੀ ਗੁੜ ਦੀ ਗੱਲ ਹੋ ਰਹੀ ਹੋਵੇ। ਮਿੱਠੀ-ਮਿੱਠੀ, ਮਹਿਕੀ-ਮਹਿਕੀ। ਚੰਨੇ ਹੋਰਾਂ ਦਾ ਵੱਡਾ ਪਰਵਾਰ ਸੀ। ਭਰਾ ਸਨ। ਭੈਣਾਂ ਸਨ। ਵੱਡੇ ਜੀਅ ਵੀ ਸਨ ਤੇ ਛੋਟੇ ਵੀ। ਕੁਦਰਤੀ ਹੈ ਕਿ ਸਾਰੇ ਬੋਲਦੇ ਸਨ। ਚੰਨੇ ਦੀ ਮਾਂ ਵੀ ਬੋਲਦੀ ਸੀ ਪਰ ਮੈਨੂੰ ਲੱਗਦਾ, ਚੰਨੇ ਦੀ ਮਾਂ ਦੀ ਆਵਾਜ਼ ਹੀ ਕੰਧ ਪਾਰ ਕਰਕੇ ਸਾਡੇ ਘਰ ਆਉਂਦੀ ਸੀ। ਮੈਨੂੰ ਸਿਰਫ ਚੰਨੇ ਦੀ ਮਾਂ ਦੀ ਆਵਾਜ਼ ਹੀ ਸੁਣਦੀ-ਪਿਆਰੀ-ਪਿਆਰੀ, ਧੀਮੀ, ਮੋਹ ਭਰੀ। ਚੰਨੇ ਦੀ ਮਾਂ ਮੇਰੀ ਮਾਂ। ਮੈਨੂੰ ਸਿਰਫ ਚੰਨੇ ਦੀ ਮਾਂ ਦੀ ਆਵਾਜ਼ ਦੀ ਪਛਾਣ ਸੀ। ਆਪਣੀ ਜਨਣੀ ਮਾਂ ਨੂੰ ਬੋਲਦਿਆਂ ਤਾਂ ਮੈਂ ਕਦੇ ਸੁਣਿਆ ਨਹੀਂ ਸੀ। ਮੇਰੀ ਜਨਣੀ ਮਾਂ ਆਪਣੀ ਆਵਾਜ਼ ਸਮੇਟ ਕੇ ਧਰਤੀ ਮਾਂ ਦੀ ਡੂੰਘੀ ਗੁਫਾ 'ਚ ਸਮਾ ਗਈ ਸੀ।

ਚੰਨੇ ਦੀ ਮਾਂ ਕੁਝ ਬੋਲਦੀ, ਮੈਨੂੰ ਸਿਰਫ ਮਧੁਰ ਸੰਗੀਤ ਸੁਣਦਾ ਸੀ। ਕੰਧ ਦੇ ਸਾਡੇ ਵਾਲੇ ਪਾਸਿਓਂ ਕੋਈ ਆਵਾਜ਼ ਕੰਧ ਦੇ ਦੂਜੇ ਪਾਸੇ ਨਹੀਂ ਸੀ ਸੁਣਦੀ ਕਿਉਂਕਿ ਇਧਰ ਕੋਈ ਬੋਲਦਾ ਹੀ ਨਹੀਂ ਸੀ। ਮਾਂ ਹੈ ਨਹੀਂ ਸੀ। ਭੈਣ ਸਹੁਰੇ ਚਲੀ ਗਈ। ਪਿਓ ਖੇਤਾਂ 'ਚ ਮਿੱਟੀ ਨਾਲ ਮਿੱਟੀ ਹੋ ਰਿਹਾ ਸੀ। ਬਹੁਤਾ ਸਮਾਂ ਮੈਂ ਇਕੱਲਾ ਘਰ ਹੁੰਦਾ। ਤੜਕੇ ਪਿਓ ਦੀ ਪਕਾਈ ਹੋਈ ਰੋਟੀ, ਦਿਨੇ ਗਰਮ ਕਰਕੇ ਖਾਂਦਾ। ਡੰਗਰਾਂ ਦਾ ਖਿਆਲ ਰੱਖਦਾ ਤੇ ਪੜ੍ਹਦਾ।

ਚੰਨੇ ਦੀ ਮਾਂ ਦੀਆਂ ਆਵਾਜ਼ਾਂ ਸੁਣਦਾ। ਨਿਰਾ ਪਿਆਰ। ਅੱਧੀ ਸਦੀ ਬੀਤ ਗਈ ਹੈ। ਅੱਜ ਜਦੋਂ ਮੇਰੇ ਹੋਠਾਂ ਤੋਂ ਕੋਈ ਪਿਆਰਾ ਬਹੁਤ ਮਿਠਾ ਸ਼ਬਦ ਕਿਰਦਾ ਹੈ ਤਾਂ ਮੈਨੂੰ ਲੱਗਦਾ ਹੈ, ਇਹ ਚੰਨੇ ਦੀ ਮਾਂ ਦੇ ਬੋਲ ਸਨ। ਚੰਨੇ ਦੀ ਮਾਂ ਦੇ ਅਨੇਕਾਂ ਬੋਲ ਮੈਂ ਆਪਣੇ 'ਚ ਸਮੋ ਲਏ ਸਨ। ਉਹੋ ਮਧੁਰ ਬੋਲ ਕਦੀ-ਕਦੀ ਫੁੱਟ ਕੇ ਨਿਕਲਦੇ ਹਨ, ਬੋਲਦੇ ਹਨ। ਵਿਹੜੇ 'ਚ ਰੁੱਖਾਂ ਉਤੇ ਬੈਠੀਆਂ ਗਟਾਰਾਂ ਚੁੱਪ ਕਰ ਜਾਂਦੀਆਂ। ਹਵਾ 'ਚ ਸੁਗੰਧੀ ਘੁਲ ਜਾਂਦੀ ਹੈ। ਇਹੋ ਜਿਹੀ ਸੀ, ਚੰਨੇ ਦੀ ਮਾਂ, ਮੇਰੀ ਮਾਂ।

# ਤੇਰਾ ਜੱਸ ਲਿਖਿਆ ਨਾ ਜਾਵੇ, ਲੱਖਾਂ ਮਣ ਕਾਗ਼ਜ਼ਾਂ ਤੇ



ਕਰਨੈਲ ਸਿੰਘ ਟੋਰੋਂਟੋ
416-746-7642

ਧਨਾਸਰੀ ਮਹਲਾ 5॥
ਗੁਰ ਕਾ ਬਚਨੁ ਬਸੈ ਜੀਅ ਨਾਲੇ ਜਲਿ ਨਹੀ ਡਬੈ ਤਸਕਰੁ ਨਹੀ ਲੇਵੈ

ਭਹਿ ਨ ਸਾਕੈ ਜਾਲੇ ॥੧॥ਰਹਾਉ ॥( ਪੰਨਾ 679)

ਅਰਥ :- ਗੁਰੂ ਜੀ ਦਾ ਦਿਤਾ ਬਚਨ= ਉਪਦੇਸ਼= ਜੀਵ ਆਤਮਾਂ ਦੇ ਸਦਾ ਨਾਲ ਰਹਿੰਦਾ ਹੈ। ਉਹ ਬਚਨ = ਸ਼ਬਦ ਪਾਣੀ ਵਿਚ ਡੁਬਦਾ ਨਹੀਂ ਹੈ, ਸ਼ਬਦ = ਨਾਮ ਨੂੰ ਚੋਰ ਚੁਰਾ ਨਹੀਂ ਸਕਦਾ, ਨਾਮ ਨੂੰ ਅਗਨੀ ਸਾੜ੍ਹ ਨਹੀਂ ਸਕਦੀ।

ਜਿਵੇਂ ਸਿੱਖ ਧਰਮ ਦੇ ਸੰਵਿਧਾਨ ਦੇ ਮੁਤਾਬਕ ਖੰਡੇ ਬਾਟੇ ਦਾ ਅੰਮ੍ਰਿਤ ਛਕਾਕੇ, ਪੰਜ ਪਿਆਰੇ ਨਾਮ ਦਿੰਦੇ ਹਨ। ਮੁਖਹੁੰ ਬੋਲਕੇ ਅੰਮ੍ਰਿਤ ਛਕਣ ਵਾਲਿਆਂ ਨੂੰ ਸੁਣਾਂਦੇ ਹਨ, ਬੋਲੋ ਜੀ ਵਾਹਿਗੁਰੂ ॥

ਅੰਮ੍ਰਿਤ ਛਕਣ ਵਾਲੇ ਮਾਈ, ਭਾਈ, ਬੋਲਦੇ ਹਨ, ਵਾਹਿਗੁਰੂ ॥

ਇਹ ਨਾਮ ਪੰਜਾਂ ਪਿਆਰਿਆਂ ਨੇ ਬੋਲਕੇ ਸੁਣਾਇਆ ਹੈ, ਇਹ ਇਕ ਆਵਾਜ਼ ਹੈ ਇਸ ਨੂੰ ਪਾਣੀ ਡੋਬ ਜਾਂ ਗਾਲ ਨਹੀਂ ਸਕਦਾ। ਚੋਰ ਕੈਸੇ ਚਰਾਏਗਾ, ਅਤੇ ਅੱਗ ਕਿਵੇਂ ਸਾੜ੍ਹਗੀ।

ਕੋਈ ਵੀ ਦੁਨੀਆਂ ਦਾ ਬਣਾਇਆ ਗ੍ਰੰਥ, ਪਾਣੀ ਵਿਚ ਆਪਣੀਂ ਹਸਤੀ ਗਵਾ ਜਾਂਦਾ ਹੈ, ਅਗਨੀ ਵਿਚ ਸੜ੍ਹਕੇ ਸੁਆ ਹੋ ਜਾਂਦਾ ਹੈ। ਅਤੇ ਗ੍ਰੰਥਾਂ ਨੂੰ ਪੜ੍ਹਨ ਵਾਲੇ ਚੋਰੀ ਵੀ ਲੈ ਜਾਂਦੇ ਹਨ। ਨਾਮ ਸਾਡੇ ਭਾਰਤ ਦੇਸ਼ ਅੰਦਰ ਕਈਆਂ ਧਰਮਾਂ ਵਿਚ ਸਾਧੂਆਂ, ਸੰਤਾਂ, ਮਹਾਂ ਪੁਰਸ਼ਾਂ, ਪੰਡਿਤਾਂ ਦੁਆਰਾ ਮੂੰਹ ਤੋਂ ਬੋਲ ਕੇ ਚੇਲੇ ਨੂੰ ਸੁਣਾਇਆ ਜਾਂਦਾ ਹੈ।

ਗੁਰੂ ਜੀ ਕਹਿੰਦੇ ਹਨ :-

ਬਲਿਹਾਰੀ ਜਾਉ ਜੇਤੇ ਤੇਰੇ ਨਾਵ ਹੈ ॥ ( ਪੰਨਾ 1162)

ਅਰਥ :- ਗੁਰੂ ਜੀ = ਹੇ ਪਰਮੇਸ਼ਰ ਅਸੀਂ ਆਪ ਜੀ ਦੇ ਸਾਰਿਆਂ ਨਾਮਾਂ ਤੋਂ ਬਲਿਹਰੇ ਸਦਕੇ ਜਾਂਦੇ ਹਾਂ, ਤੇਰੇ ਨਾਮ ਸਾਰੇ ਹੀ, ਜੀਵਾਂ ਨੂੰ ਪਰਮਗਤੀ ਬਖਸ਼ਦੇ ਹਨ। ਕਿਸੇ ਵੀ ਧਰਮ ਨਾਲ ਸਬੰਧ ਰਖਦਾ ਹੋਵੇ, ਪਰ ਗੁਰੂ ਵਾਲਾ ਹੋਵੇ।

ਮਾਰੂ ਮਹਲਾ 5 ॥ (ਪੰਨਾ 1001)

ਖਤ੍ਰੀ ਬ੍ਰਹਮਣ ਸੂਦ ਵੈਸ ਸਭ ਏਕੈ ਨਾਮਿ ਤਰਾਨਥ ॥

ਗੁਰੁ ਨਾਨਕ ਉਪਦੇਸ਼ ਕਹਤੁ ਹੈ ਜੋ ਸੁਨੈ ਸੋ ਪਾਰਿ ਪਰਾਨਥ ॥4॥

ਅਰਥ :- ਖਤਰੀ, ਬ੍ਰਹਮਣ, ਸੂਦਰ, ਵੈਸ਼, ਸਾਰੇ ਪ੍ਰਮਾਤਮਾਂ ਦਾ ਇਕੋ ਨਾਮ ਜਪਕੇ ਤਰਾਨਥ = ਭਵਜਲ ਸੰਸਾਰ ਤੋਂ ਤਰ ਜਾਂਦੇ ਹਨ। ਗੁਰੂ ਨਾਨਕ ਦੇਵ ਜੀ ਇਕ ਉਪਦੇਸ਼ ਦਿੰਦੇ ਹਨ, ਜੋ ਸੁਨੈ = ਜਿਹੜਾ ਵੀ ਗੁਰੂ ਧਾਰਨ ਕਰਕੇ ਨਾਮ ਨੂੰ ਸੁਣੇਂਗਾ ਉਹ ਪਾਰ ਉਤਰ ਜਾਏਗਾ।

ਸੂਹੀ ਮਹਲਾ 5॥ (ਪੰਨਾ 747)

ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ ਇਨ੍ਹ ਪੜਿਆ ਮੁਕਤਿ ਨ ਹੋਈ ॥

ਏਕੁ ਅਖਰੁ ਜੋ ਗੁਰਮੁਖਿ ਜਾਪੈ ਤਿਸ ਕੀ ਨਿਰਮਲ ਸੋਈ ॥3॥

ਅਰਥ:- ਚਾਰੇ ਬੇਦ, ਚਾਰ ਕਤੇਬਾਂ, ਸਤਾਈ ਸਿਮ੍ਰਿਤੀਆਂ, ਛੇ ਸ਼ਾਸਤ੍ਰ, ਅਠਾਰਾਂ ਪੁਰਾਨ ਹਨ। ਅਤੇ ਸਭਿ ਸਾਸਤ= ਤੋਂ ਭਾਵ ਹੈ ਸਾਰੀ ਦੁਨੀਆਂ ਦਾ ਸਾਸਤ ਧਾਰਮਕ ਗ੍ਰੰਥ ਪੜ੍ਹ ਲਵੋ, ਪਰ ਸੱਚੇ ਨਾਮ ਤੋਂ ਬਿਨ੍ਹਾਂ ਮੁਕਤੀ ਨਹੀਂ ਹੈ। ਇਕ ਅਖਰੁ= ਸ਼ਬਦ ਪਰਮਾਤਮਾਂ ਦਾ ਨਾਮੁ, ਗੁਰੂ ਦੁਆਰਾ ਜਿਸ ਨੇਂ ਸੁਣਿਆ ਹੋਇਆ ਹੈ, ਉਸ ਦਾ ਆਉਣਾ ਸਫਲਾ ਹੋਵੇਗਾ। ਨੋਟ = ਏਕ ਅਖਰੁ= ਇਹ ਖਰਦਾ ਨਹੀਂ ਇਸ ਦਾ ਨਾਸ਼ ਨਹੀਂ ਹੁੰਦਾ।

ਤਥਾ : ਮ: 3॥ ਹੋਰੁ ਕੂੜੁ ਪੜਣਾ ਕੂੜੁ ਬੋਲਣਾ ਮਾਇਆ ਨਾਲਿ ਪਿਆਰੁ ॥

ਨਾਨਕ ਵਿਣੁ ਨਾਵੈ ਕੋ ਥਿਰੁ ਨਹੀ ਪੜਿ ਪੜਿ ਹੋਇ ਖੁਆਰੁ ॥2॥

(ਪੰਨਾ 84)

ਅਰਥ :- ਨਾਮ ਤੋਂ ਬਿਨਾਂ ਜਿਨਾਂ ਵੀ ਗ੍ਰੰਥਾਂ ਦਾ ਪੜ੍ਹਨਾ ਹੈ,ਅਤੇ ਬੋਲਣਾ ਹੈ। ਸਭ ਮਾਇਆ ਦਾ ਹੀ ਪਿਆਰ ਹੈ। ਨਾਮ ਤੋਂ ਵਗੈਰ ਇਸ ਦੁਨੀਆਂ ਵਿਚ ਕੁਛ ਵੀ ਥਿਰ ਨਹੀਂ ਹੈ, ਦਵੈਤ ਭਾਵਨਾਂ ਦੀ ਪੜ੍ਹਾਈ ਕਰਕੇ ਗ੍ਰੰਥਾਂ ਨੂੰ ਪੜ੍ਹ ਪੜ੍ਹ ਕੇ ਨਸ਼ਿੱਧ ਜੂਨੀਆਂ ਵਿਚ ਖੁਆਰ ਹੁੰਦਾ ਹੈ। ਸਾਰੇ ਗ੍ਰੰਥ ਨਾਮ ਜਪਣ ਲਈ ਪੁਕਾਰ ਰਹੇ ਹਨ। ਗ੍ਰੰਥ ਵੀ ਆਖੂਰ ਨਾਮ ਦੇ ਸਹਾਰੇ ਹੀ ਖੜ੍ਹੇ ਹਨ। ਧਰਤੀ ਨਾਮ ਤੇ ਖੜ੍ਹੀ ਹੈ।

ਤਥਾ: ਕਬੀਰ ਸਾਤ ਸਮੁੰਦਹਿ ਮਸੁ ਕਰਉ ਕਲਮ ਕਰਉ ਬਨਰਾਇ ॥

ਬਸੁਧਾ ਕਾਗਦੁ ਜਉ ਹਰਿ ਕਰਹੁ ਜਸੁ ਲਿਖਨੁ ਨ ਜਾਇ ॥81॥(ਪੰਨਾ 1368)

ਅਰਥ:- ਕਬੀਰ ਜੀ ਕਹਿੰਦੇ ਹਨ:- ਸਤਾਂ ਸਮੁੰਦਰਾਂ ਦੇ ਪਾਣੀ ਦੀ ਮਸੁ= ਸਿਆਹੀ ਬਣਾ ਲਵੇ ਕੋਈ ਪੁਰਖੁ , ਬਨਰਾਇ = ਅਠਾਰਾਂ ਭਾਰ ਬਨਾਸਪਤੀ ਦਰਖਤਾਂ ਆਦ ਦੀਆਂ ਕਲਮਾਂ ਬਣਾ ਲਵੇ।

ਬਸੁਧਾ = ਸਾਰੀ ਧਰਤੀ ਜੋ 49 ਕ੍ਰੋੜ ਜੋਜਨ ਵਿਚ ਹੈ, ਸਾਰੀ ਧਰਤੀ ਦੀ ਮਿਟੀ ਗੁੰਧ ਕੇ ਕਾਗਜ਼ ਬਣਾ ਲਵੇ, ਅਤੇ ਹਜ਼ਾਰਾਂ, ਲੱਖਾਂ ਸਾਲ ਲਿਖੀ ਜਾਵੇ ਤਾਂ ਵੀ ਹਰੀ ਜਸ = ਲਿਖਣ ਵਿਚ ਨਹੀਂ ਆਉਂਦਾ। ਜਿਤਨਾ ਲਿਖੇਗਾ ਉਤਨਾਂ ਹੀ ਹੋਰ ਵੱਧਦਾ ਜਾਏਗਾ। ਆਖੁਰ ਨੂੰ ਬੇਅੰਤ ਕਹੇਗਾ।

ਤਥਾ :- ਨਾਨਕ ਕਾਗਦ ਲਖ ਮਣਾ ਪੜਿ ਪੜਿ ਕੀਚੈ ਭਾਉ ॥

ਮਸੂ ਤੋਟਿ ਨ ਆਵਈ ਲੇਖਣਿ ਪਉਣੁ ਚਲਾਉ ॥

ਭੀ ਤੇਰੀ ਕੀਮਤਿ ਨ ਪਵੈ ਹਉ ਕੇ ਵਡ ਆਖਾ ਨਾਉ ॥4॥

ਸ੍ਰੀ ਰਾਗ ਮਹਲਾ 1 ( ਪੰਨਾ 14)

ਸ੍ਰੀ ਗੁਰੂ ਨਾਨਕ ਦੇਵ ਜੀ ਭੀ ਕਬੀਰ ਜੀ ਵਾਂਗ ਕਹਿੰਦੇ ਹਨ :-

ਲਖਾਂ ਮਣ ਕਾਗਜ਼ ਤਿਆਰ ਕਰ ਲਈਏ, ਸ਼ਾਹੀ ਵੀ ਬੇਅੰਤ ਹੋਵੇ ਲਿਖਾਰੀ ਦੀ ਕਲਮ ਭੀ ਹਵਾ ਦੀ ਤੇਜ਼ ਰਫਤਾਰ ਵਾਂਗ ਚਲਦੀ ਹੋਵੇ। ਬੇਅੰਤ ਗ੍ਰੰਥ ਤਿਆਰ ਕਰਕੇ ਪੜ੍ਹੀਏ ਪ੍ਰੇਮ ਦੇ ਨਾਲ, ਪਰ ਆਪ ਜੀ ਦੀ ਕੀਮਤ ਨਹੀਂ ਪਾ ਸਕਦੇ। ਹਉ = ਮੈਂ ਆਪ ਜੀ ਦੇ ਨਾਮ ਨੂੰ ਕਿਤਨਾਕ ਵੱਡਾ ਆਖਾਂ ॥4॥ ਆਪ ਬੇਅੰਤ ਹੋ। ਸੰਤ ਮਹਾਰਾਜ ਕਾਰਕੁ ਪੁਰਸ਼ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ ਹਰਮੋਨੀਅਮ ਦੀਆਂ ਮਿਠੀਆਂ ਧੁਨਾਂ ਦੁਆਰਾ ਇਹਨਾਂ ਸ਼ਬਦਾਂ ਦੀ ਵਿਆਖਿਆ ਕਰਦੇ ਸਨ, ਤਾਂ ਸਾਰੀ ਸੰਗਤ ਸਮਾਧਿਸ਼ਟ ਹੋ ਕੇ ਸ੍ਰਵਣ ਕਰਦੀ ਸੀ, ਚਿੜੀ ਵੀ ਨਹੀਂ ਚੂੰਕਦੀ ਸੀ, ਇਤਨੀਂ ਆਨੰਦ ਦਾਇਕ ਸੰਗਤ ਸੀ। ਇਸ ਤਰਾਂ ਸੁਰੀਲੀਆਂ ਧੁਨਾਂ ਵਿਚ ਧਾਰਨਾਂ ਪੜ੍ਹਦੇ ਸੀ।

ਧਾਰਨਾਂ = ਤੇਰਾ ਜੱਸ ਲਿਖਿਆ ਨਾ ਜਾਵੇ ਲੱਖਾਂ ਮਣ ਕਾਗਜ਼ਾਂ ਤੇ ।2।

ਅੰਤਰਾ = ਮੇਰੇ ਪਿਆਰੇ ਜੀ ਲਖਾਂ ਮਣ ਕਾਗਜ਼ਾਂ ਤੇ ।2।

ਤਥਾ : ਕਾਗਦ ਦੀਪ ਸਭੈ ਕਰਿ ਕੈ ਅਰੁ ਸਾਤ ਸਮੁੰਦ੍ਰਨ ਕੀ ਮਸੁ ਕੈਹੋ ॥

ਕਾਟ ਬਨਾਸਪਤੀ ਸਮਗਰੀ ਲਿਖਬੇ ਹੂੰ ਕੇ ਲੇਖਨ ਕਾਜ ਬਨੈ ਹੋ ॥

ਸਾਰਸੁਤੀ ਬਕਤਾ ਕਰਕੈ ਜੁਗ ਕੋਟ ਗਨੇਸ ਕੈ ਹਾਥ ਲਿਖੈ ਹੋ ॥

ਕਾਲ ਕ੍ਰਿਪਾਨ ਬਿਨਾ ਬਿਨਤੀ ਨ ਤੋਊ ਤੁਮ ਕੋ ਪ੍ਰਭ ਨੈਕ ਰਿਝੈ ਹੋ ॥101॥

( ਬਚਿੱਤ੍ਰ ,ਨਾਟਕ ਦਸਮ ਗ੍ਰੰਥ)

ਸੰਖੇਪ ਵਿਚ : ਸ੍ਰੀ ਗੁਰੂ ਗੋਬਿੰਦ ਸਿੰਘ ਵੀ ਆਪਣੀਂ ਰਚਨਾਂ ਵਿਚ ਉਪਰ ਲਿਖੇ ਸ਼ਬਦਾਂ ਵਾਂਗ ਹੀ ਕਹਿੰਦੇ ਹਨ,ਕੇ ਕਰੋੜਾਂ ਜੁਗ ਸਾਰਸੁਤੀ ਜੀ ਬੋਲਕੇ ਲਿਖਾਂਦੇ ਹੋਣ, ਅਤੇ ਗਣੇਸ਼ ਜੀ ਕਰੋੜਾ ਜੁਗ ਬੈਠਾ ਲਿਖੀ ਜਾਵੇ। ਫੇਰ ਵੀ ਆਪ ਜੀ ਬੇਨਤੀ ਅਰਦਾਸ ਤੋਂ ਬਿਨਾਂ ਭਿਜਦੇ ਨਹੀਂ, ਜ਼ਿਆਦਾ ਲਿਖਣ ਪੜ੍ਹਨ ਨਾਲ ਨਹੀਂ ਭਿਜਦੇ।

ਤਥਾ :- ਕਬੀਰ ਪਰਭਾਤੇ ਤਾਰੇ ਖਿਸਹਿ ਤਿਉ ਇਹੁ ਖਿਸੈ ਸਰੀਰੁ ॥

ਏ ਦੁਇ ਅਖਰ ਨ ਖਿਸਹਿ ਸੋ ਗਹਿ ਰਹਿਓ ਕਬੀਰੁ

॥171॥( ਪੰਨਾ 1373)

ਅਰਥ:- ਕਬੀਰ ਜੀ ਕਹਿੰਦੇ ਹਨ :- ਜਿਵੇਂ ਸੂਰਜ ਦੇ ਚੜ੍ਹਨ ਨਾਲ ਪਰਭਾਤੇ ਸਵੇਰੇ = ਤਾਰੇ ਖਸਹਿ= ਅਲੋਪ ਹੋ ਜਾਂਦੇ ਹਨ, ਇਸੇ ਤਰ੍ਹਾਂ ਇਕ ਦਿਨ ਇਸ ਸਰੀਰ ਨੇ ਵੀ ਖਿਸਕ ਜਾਣਾ ਹੈ।

ਇਹ ਦੋਇ ਅਖਰ= ਰਾਮ = ਸ਼ਬਦ ਨਹੀਂ ਖਿਸਕਦੇ, ਇਹਨਾਂ ਦਾ ਨਾਸ ਨਹੀਂ ਹੁੰਦਾ, ਇਸ ਕਰਕੇ ਮੈਂ ਇਹ ਦੋ ਅਖਰ ਗਹਿ- ਫੱੜਕੇ ਰਖੇ ਹਨ ਆਪਣੇ ਹਿਰਦੇ ਵਿਚ।

ਤਥਾ:- ਕਹੁ ਕਬੀਰ ਅਖਰ ਦੁਇ ਭਾਖਿ ॥

ਹੋਇਗਾ ਖਸਮੁ ਤ ਲਇਗਾ ਰਾਖਿ ॥(3 ਪੰਨਾ 329)

(ਸਾਖੀ ਨਾਮ ਤੇ ਵਿਸ਼ਵਾਸ ਦੀ)

ਇਕ ਗੁੱਜਰੀ ਹਰ ਰੋਜ਼ ਆਪਣੇ ਪਿੰਡ ਤੋਂ ਚਲਕੇ ਸ਼ਹਿਰ ਵਿਚ ਦੁਧ ਵੇਚਣ ਆਉਂਦੀ ਸੀ। ਇਕ ਦਿਨ ਇਕ ਪੰਡਤ ਕਥਾ ਕਰਦਾ ਸੀ, ਗੁਜਰੀ ਦੁੱਧ ਵੇਚ ਕੇ ਘਰ ਨੂੰ ਜਾ ਰਹੀ ਸੀ। ਗੁਜਰੀ ਨੇ ਸੋਚਿਆ ਕੇ ਦੁੱਧ ਤਾਂ ਵਿਕ ਗਿਆ ਹੈ, ਆਪਾਂ ਵੀ ਕਥਾ ਸ੍ਰਵਣ ਕਰ ਲਈਏ। ਪੰਡਤ ਵੀ ਚੰਗਾ ਵਿਦਵਾਨ ਹੈ। ਗੁੱਜਰੀ ਕਥਾ ਸੁਣ ਕੇ ਅਤੀ ਪ੍ਰਸੰਨ ਹੋਈ। ਉਸ ਦਿਨ ਤੋਂ ਗੁੱਜਰੀ ਹੋਰ ਵੀ ਜਲਦੀ ਆਉਣ ਲੱਗ ਪਈ , ਬਿਨਾਂ ਨਾਗਾ ਕਥਾ ਦਾ ਅਨੰਦ ਪ੍ਰਾਪਤ ਕਰਨ ਲੱਗੀ। ਇਕ ਦਿਨ ਕਥਾ ਵਿਚ ਪ੍ਰਸੰਗ ਚਲਦਾ ਸੀ , ਕਿ ਹਰੀ ਵਾਹਿਗੁਰੂ ਦਾ ਜਿਹੜਾ ਨਾਮ ਹੈ। ਉਹ ਲੋਕ ਪ੍ਰਲੋਕ ਸਹਾਇਤਾ ਕਰਦਾ ਹੈ। ਪੰਡਤ ਨੇ ਆਪਣੇ ਵਿਚਾਰਾਂ ਦੁਆਰਾ ਕਿਹਾ ਕੇ ਜਿਹੜਾ ਪ੍ਰਾਣੀ ਰਾਮ ਰਾਮ ਦਾ ਸਿਮਰਨ ਕਰਦਾ ਹੈ,ਰਾਮ ਨਾਮ ਉਸ ਨੂੰ ਅੱਗ ਵਿਚ ਸੜਨ ਨਹੀਂ ਦਿੰਦਾ। ਪਾਣੀ ਵਿਚ ਡੁਬਣ ਨਹੀਂ ਦਿੰਦਾ ਅਤੇ ਤਿਖੇ ਸ਼ਾਂਸਤ੍ਰ ਪਾਸੋਂ ਬਚਾ ਕਰਦਾ ਹੈ। ਗੁਜਰੀ ਨੂੰ ਸੁਣ ਕੇ ਹੋਰ ਵੀ ਅਨੰਦ ਦੀ ਪ੍ਰਾਪਤੀ ਹੋਈ। ਕਿਉਕਿ ਮਨ ਦੇ ਉਪਰੋਂ ਭਰਮ ਦੀ ਕਾਈ = ਮੈਲ ਲੱਥ ਗਈ, ਪੂਰਨ ਨਿਸ਼ਚਾ ਹੋ ਗਿਆ, ਭਰੋਸਾ ਹੋ ਗਿਆ ਹਰੀ ਦੇ ਨਾਮ ਉਤੇ, ਘਰ ਨੂੰ ਜਾਣ ਸਮੇਂ ਗੁਜ਼ਰੀ ਨੇ ਸੋਚਿਆ ਕਿ ਹਰ ਰੋਜ਼ ਨਦੀ ਪਾਰ ਕਰਨ ਲਈ ਪੁੱਲ ਦੇ ਉਪਰ ਦੀ ਜਾਈਦਾ ਹੈ, ਢਾਈ ਕੋਹ ਵਾਟ ਪੈਂਦੀ ਹੈ ਤੁਰਨ ਲਈ। ਅੱਜ ਰਾਮ ਰਾਮ ਕਰਦੀ ਸਿੱਧੀ ਨਦੀ ਪਾਰ ਕਰਾਂਗੀ, ਪ੍ਰਮਾਤਮਾਂ ਦੇ ਨਾਮ ਤੇ ਭਰੋਸਾ ਕਰਕੇ ਗੁੱਜਰੀ ਸਿੱਧੀ ਨਦੀ ਵਿਚ ਠਿਲ ਗਈ ਅਤੇ ਰਾਮ ਰਾਮ ਦੀ ਰੱਟ ਲਾ ਦਿੱਤੀ। ਉਸ ਨਾਮ ਨੇ ਗੁਜਰੀ ਨੂੰ ਪਾਰ ਲਾ ਦਿੱਤਾ। ਗੁੱਜਰੀ ਦੀ ਪ੍ਰਮਾਤਮਾਂ ਦੇ ਨਾਮ ਤੇ ਅਥਾਹ ਸ਼ਰਧਾ ਹੋ ਗਈ। ਹਰ ਰੋਜ ਢਾਈ ਕੋਹ ਦੀ ਬਜਾਏ ਇਕ ਕੋਹ ਵਾਟ ਤੁਰਨੀਂ ਪੈਂਦੀ ਸੀ, ਡੇਢ ਕੋਹ ਦੀ ਬੱਚਤ ਹੋ ਗਈ। ਅਤੇ ਨਾਮ ਜਪਦੀ ਜਪਦੀ ਪੂਰਨ ਭਗਤਨੀ ਬਣ ਗਈ। ਹਰ ਰੋਜ ਕਥਾ ਵੀ ਸੁਣਦੀ ਹੈ ਅਤੇ ਆਪਣੀ ਉਪਜੀਵਕਾ ਲਈ ਦੁਧ ਵੀ ਵੇਚਦੀ ਹੈ। ਪੰਡਿਤ ਤੇ ਸ਼ਰਧਾ ਹੋ ਗਈ , ਜਿਸ ਤੋਂ ਕਥਾ ਸੁਣ ਕੇ ਉਸ ਨੂੰ ਪਰਮ ਅਨੰਦ ਦੀ ਪ੍ਰਾਪਤੀ ਹੋ ਗਈ। ਇਕ ਦਿਨ ਗੁੱਜਰੀ ਨੇ ਪੰਡਿਤ ਨੂੰ ਨਿਉਂਤਾ ਦਿੱਤਾ ਕਿ ਪੰਡਤ ਜੀ ਮਹਰਾਜ ਦਾਸੀ ਆਪ ਜੀ ਦੇ ਚਰਨਾਂ ਵਿਚ ਬੇਨਤੀ ਕਰਦੀ ਹੈ, ਆਪ ਦਾਸੀ ਦੇ ਗ੍ਰਹਿ ਵਿਖੇ ਪ੍ਰਸ਼ਾਦਿ ਛਕੋ, ਪਵਿਤ੍ਰ ਚਰਨ ਪਾ ਕੇ ਦਾਸੀ ਦੀ ਕੁਟੀਆਂ ਨੂੰ ਭਾਗ ਲਾਓ। , ਕਿਉਕਿ ਗੁੱਜਰੀ ਸਮਝਦੀ ਸੀ ਕਿ ਮੈਨੂੰ ਜੋ ਪਰਮ ਅਨੰਦ ਦੀ ਪ੍ਰਾਪਤੀ ਹੋਈ ਹੈ, ਪੰਡਿਤ ਦੀ ਕਥਾ ਸੁਣ ਕੇ ਇਹ ਪ੍ਰਾਪਤੀ ਪੰਡਿਤ ਦੇ ਪਾਸ ਤਾਂ ਹੋਵੇਗੀ। ਜੋ ਆਪਣੀ ਕਥਾ ਦੁਆਰਾ ਭੁਲਿਆਂ ਭਟਕਿਆਂ ਨੂੰ ਗਿਆਨ ਕਰਾਉਂਦਾ ਹੈ, ਪੰਡਿਤ ਨੇ ਗੁਜ਼ਰੀ ਦੀ ਬੇਨਤੀ ਪ੍ਰਵਾਨ ਕਰ ਲਈ ਅਤੇ ਦਿਨ ਨੀਅਤ ਕੀਤਾ ਗਿਆ ਕੇ ਫਲਾਣੇ ਦਿਨ ਆਪ ਜੀ ਨੂੰ ਆਪਣੇ ਘਰ ਲੈ ਕੇ ਜਾਵਾਂਗੀ। ਮਿਥੇ ਹੋਏ ਟਾਈਮ ਮੁਤਾਬਿਕ ਗੁੱਜਰੀ ਪੰਡਿਤ ਨੂੰ ਬੁਲਾ ਕੇ ਲੈ ਜਾਂਦੀ ਹੈ। ਜਿਸ ਵੇਲੇ ਨਦੀ ਦੇ ਕਿਨਾਰੇ ਪਹੁੰਚੇ ਤਾਂ ਗੁੱਜਰੀ ਨੇ ਰਾਮ ਰਾਮ ਗੁਰਮੰਤਰ ਦਾ ਜਾਪ ਕੀਤਾ ਪਾਰ ਹੋ ਗਈ ਅਤੇ ਪੰਡਿਤ ਨੂੰ ਬੇਨਤੀ ਕਰਦੀ ਹੈ, ਪੰਡਿਤ ਜੀ ਆਓ ਖੜ੍ਹੇ ਕਿਉਂ ਹੋ। ਪੰਡਿਤ ਕਹਿੰਦਾ ਮੈਨੂੰ ਤੈਂ ਨਦੀ ਵਿਚ ਡੋਬਣਾ ਹੈ। ਮੈਂ ਨਦੀ ਦੇ ਪੁਲ ਦੁਆਰਾ ਜਾਊਂਗਾ। ਗੁੱਜਰੀ ਕਹਿੰਦੀ ਹੈ :-

ਪੰਡਤਾ ਪੜ੍ਹਦਾ ਪੜ੍ਹਦਾ ਪੜ੍ਹ ਗਿਆ ਪੜ੍ਹ ਗਿਆ ਚਾਰੇ ਬੇਦ।

ਨਿਸ਼ਚਾ ਰਿਦੇ ਨਾ ਆਇਓ ਰਹਿਆ ਢੇਡ ਕਾ ਢੇਡ।

ਵਾਹ ਗੁੱਜਰੀ ਵਾਹ, ਧੰਨ ਹੈਂ, ਜਿਸ ਨੇਂ ਨਾਮ ਦੁਆਰਾ ਨਾਮੀਂ ਨੂੰ ਪਾਲਿਆ ਹੈ।

ਅਰਜੋਈ :- ਗੁਰਬਾਣੀ ਪੜ੍ਹਕੇ ਵਿਚਾਰਨੀ ਹੈ, ਅਮਲ ਕਰਨਾ ਜਰੂਰੀ ਹੈ। ਪੰਡਤ ਰਹਿ ਜਾਂਦਾ ਹੈ, ਪੰਡਤ ਤੋ ਸੁਣ ਕੇ ਅਮਲ ਕਰਨ ਵਾਲੀ ਗੁੱਜਰੀ ਤਰ ਗਈ, ਉਸ ਦਾ ਜਨਮ ਸਫਲਾ ਹੋ ਗਿਆ ਕਥਾਂ ਸੁਣਕੇ ।ਪੰਡਤ ਗ੍ਰੰਥਾਂ ਨੂੰ ਪੜ੍ਹਦਾ ਹੀ ਰਹਿ ਗਿਆ। ਨੋਟ:- ਪੰਡਤ ਵਿਦਵਾਨ ਨੂੰ ਕਹਿੰਦੇ ਹਨ, ਇਹ ਇਕ ਖਿਤਾਬ ਹੈ। ਨੋਟ :- ਇਹ ਸਾਖੀ ਦਾਸ ਦੀ ਲਿਖੀ ਪੁਸਤਕ ਨਾਮ ਕੀ ਮਹਿਮਾ = ਦੇ 19 ਪੇਜ ਤੇ ਹੈ।

ਹੋਈਆਂ ਭੁਲਾਂ ਦੀ ਮੁਆਫੀ ਚਹੁੰਦਾ ਹਾਂ। ਤੁਹਾਡੀਆਂ ਕਾਲਾਂ ਆਉਣ ਤੇ ਧੰਨਵਾਦ।


ਦਾਸ ਦੀ ਲਿਖੀ ਪੁਸਤਕ =ਨਾਮ ਕੀ ਮਹਿਮਾ = ਸੱਚਾ ਸਾਉਦਾ , ਗੁ: ਰੈਕਸਡੇਲ ਅਤੇ ਉਪਲ ਟ੍ਰੇਵਲ ਤੋਂ ਪ੍ਰਾਪਤ ਕਰੋ ਜੀ । ਸਿੰਘ ਬ੍ਰਦਰਜ ਬਾਜ਼ਰ ਮਾਈ ਸੇਵਾ ਅੰਮ੍ਰਿਤਸਰ ਤੋਂ ਪ੍ਰਾਪਤ ਕਰੋ ਜੀ।



# ਜਸਪਾਲ ਲਾਡੀ ਕੇਸ ਵਿੱਚ ਕਈ ਦੋਸ਼ੀ ਨਾਜਾਇਜ਼ ਅਸਲੇ ਸਣੇ ਕਾਬੂ

ਫਰੀਦਕੋਟ, 13 ਜੂਨ (ਪੋਸਟ ਬਿਊਰੋ)- ਇਸ ਜ਼ਿਲ੍ਹੇ ਦੇ ਪੁਲਸ ਮੁਖੀ ਰਾਜ ਬਚਨ ਸਿੰਘ ਸੰਧੂ ਨੇ ਕੱਲ੍ਹ ਪ੍ਰੈੱਸ ਕਾਨਫਰੰਸ ਦੌਰਾਨ ਦੱਸਿਆ ਕਿ ਜਸਪਾਲ ਸਿੰਘ ਲਾਡੀ ਦੇ ਕੇਸ ਵਿੱਚ ਗ੍ਰਿਫਤਾਰ ਕੀਤੇ ਰਣਬੀਰ ਸਿੰਘ ਨਿਹੰਗ ਉਰਫ ਸੁਮਿਤ ਮੁਜਾਲ ਉਰਫ ਪਾਲੀ ਅੱਜ ਕੱਲ੍ਹ ਵਾਸੀ ਜੀਂਦ (ਹਰਿਆਣਾ) ਅਤੇ ਪਰਵਿੰਦਰ ਕੌਰ ਉਰਫ ਪਤਨੀ ਸਵਰਗੀ ਪਰਮਜੀਤ ਸਿੰਘ ਚੰਦੀ (ਅੱਜ ਕੱਲ੍ਹ ਪਤਨੀ ਰਣਬੀਰ ਸਿੰਘ) ਵਾਸੀ ਕਪੂਰਥਲਾ ਤੋਂ ਪੁੱਛਗਿੱਛ ਵਿੱਚ ਸਾਹਮਣੇ ਆਇਆ ਹੈ ਕਿ ਇਨ੍ਹਾਂ ਨਾਲ ਸਾਜ਼ਿਸ਼ ਕਰ ਕੇ ਰਣਬੀਰ ਸਿੰਘ ਨੇ ਆਪਣਾ ਨਾਂਅ ਪਰਮਜੀਤ ਸਿੰਘ ਦੱਸ ਕੇ ਬੀਤੀ 18 ਮਈ ਨੂੰ ਪੁਲਸ ਕੰਟਰੋਲ ਰੂਮ ਫਰੀਦਕੋਟ 'ਤੇ ਆਪਣੇ ਮੋਬਾਈਲ ਤੋਂ ਰਾਤ ਕਰੀਬ ਸਾਢੇ ਨੌਂ ਵਜੇ ਫੋਨ ਕੀਤਾ ਸੀ। ਉਨ੍ਹਾਂ ਦੱਸਿਆ ਕਿ ਇਸ ਨੇ ਇਹ ਸੂਚਨਾ ਦਿੱਤੀ ਕਿ ਜਸਪਾਲ ਸਿੰਘ ਉਰਫ ਜੱਸ ਵਾਸੀ ਲੰਬੀ, ਰੋਸ਼ਨ ਸਿੰਘ ਅਤੇ ਇੱਕ ਹੋਰ ਵਿਅਕਤੀ ਰੱਤੀਰੋੜੀ ਦੇ ਗੁਰਦੁਆਰਾ ਸਾਹਿਬ ਵਿਖੇ ਚੋਣਾਂ ਦੌਰਾਨ ਵਾਰਦਾਤ ਕਰਨ ਲਈ ਠਹਿਰੇ ਹੋਏ ਹਨ, ਜਿਨ੍ਹਾਂ ਕੋਲ ਅਸਲਾ ਅਤੇ ਚੋਰੀ ਦੇ ਵਾਹਨ ਹਨ। ਇਸ ਸੂਚਨਾ ਨਰਿੰਦਰ ਸਿੰਘ ਮੁਖੀ ਸੀ ਆਈ ਏ ਸਟਾਫ ਨੇ ਰੇਡ ਕਰ ਕੇ ਜਸਪਾਲ ਸਿੰਘ ਉਰਫ ਜੱਸ ਨੂੰ ਗ੍ਰਿਫਤਾਰ ਕਰ ਕੇ ਲਿਆਂਦਾ ਸੀ, ਜਿੱਥੇ ਲਾਕਅਪ ਵਿੱਚ 19 ਮਈ ਦੀ ਰਾਤ ਨੂੰ ਜਸਪਾਲ ਸਿੰਘ ਨੇ ਆਤਮ ਹੱਤਿਆ ਕਰ ਲਈ ਸੀ।

ਐੱਸ ਐੱਸ ਪੀ ਨੇ ਦੱਸਿਆ ਕਿ ਇਸ ਪਿੱਛੋਂ ਇੰਸਪੈਕਟਰ ਨਰਿੰਦਰ ਸਿੰਘ ਨੇ ਹੌਲਦਾਰ ਦਰਸ਼ਨ ਸਿੰਘ ਤੇ ਹੌਲਦਾਰ ਸੁਖਮੰਦਰ ਸਿੰਘ ਦੀ ਮਦਦ ਨਾਲ



ਜਸਪਾਲ ਸਿੰਘ ਦੀ ਲਾਸ਼ ਨੂੰ ਰਾਜਸਥਾਨ ਫੀਡਰ ਨਹਿਰ ਵਿੱਚ ਸੁੱਟ ਦਿੱਤਾ ਸੀ। ਇਸ ਦੀ ਜਾਂਚ ਲਈ ਡਾਇਰੈਕਟਰ ਬਿਊਰੋ ਆਫ ਇਨਵੈਸਟੀਗੇਸ਼ਨ ਮੁਖਵਿੰਦਰ ਸਿੰਘ ਛੀਨਾ ਵੱਲੋਂ ਜਾਂਚ ਟੀਮ ਬਣਾਈ ਗਈ, ਜਿਸ ਨੇ ਇਸ ਕੇਸ ਵਿੱਚ ਗ੍ਰਿਫਤਾਰ ਦੋਸ਼ੀ ਜਸਵੰਤ ਸਿੰਘ ਉਰਫ ਬਿੱਟਾ ਵਾਸੀ ਲੰਗੇਆਣਾ ਤੋਂ ਇਲਾਵਾ ਮੁਲਜ਼ਮ ਰੋਸ਼ਨ ਸਿੰਘ ਵਾਸੀ ਵਾੜਾ ਭਾਈਕਾ ਨੂੰ ਪ੍ਰੋਡਕਸ਼ਨ ਵਾਰੰਟ 'ਤੇ ਲਿਆ ਕੇ ਪੁੱਛਗਿੱਛ ਕੀਤੀ ਸੀ। ਰੋਸ਼ਨ ਸਿੰਘ ਤੋਂ ਪੁੱਛਗਿੱਛ ਉਪਰੰਤ ਰਾਜਵਿੰਦਰ ਸਿੰਘ ਵਾਸੀ ਗਰੀਨ ਸਿਟੀ ਜ਼ਿਲ੍ਹਾ ਲੁਧਿਆਣਾ ਨੂੰ ਨਾਮਜ਼ਦ ਕੀਤਾ ਗਿਆ ਤਾਂ ਉ ਤੋਂ ਇੱਕ ਦੇਸੀ ਰਿਵਾਲਵਰ 32 ਬੋਰ ਅਤੇ ਚਾਰ ਰੌਂਦ ਮਿਲੇ ਸਨ। ਏਦਾਂ ਹੀ ਰੋਸ਼ਨ ਸਿੰਘ ਤੋਂ ਇੱਕ 12 ਬੋਰ ਦੇਸੀ ਕੱਟਾ ਅਤੇ ਤਿੰਨ ਰੌਂਦ ਮਿਲੇ ਹਨ। ਉਨ੍ਹਾਂ ਦੱਸਿਆ ਕਿ ਰਣਬੀਰ ਸਿੰਘ ਕੋਲੋਂ ਦੇਸੀ ਪਿਸਟਲ 32 ਬੋਰ ਅਤੇ ਚਾਰ ਰੌਂਦ ਜ਼ਿੰਦਾ ਮਿਲੇ ਹਨ। ਉਨ੍ਹਾਂ ਦੱਸਿਆ ਕਿ ਰਣਬੀਰ ਸਿੰਘ ਉਰਫ ਨਿਹੰਗ 'ਤੇ ਵੱਖ-ਵੱਖ ਪੁਲਸ ਥਾਣਿਆਂ 'ਚ ਛੇ ਮੁਕੱਦਮੇ, ਰੋਸ਼ਨ ਸਿੰਘ 'ਤੇ ਪੰਜ ਅਤੇ ਰਾਜਵਿੰ-ਦਰ ਸਿੰਘ 'ਤੇ ਦੋ ਮੁਕੱਦਮੇ ਦਰਜ ਹਨ। ਇਨ੍ਹਾਂ ਦੋਸ਼ੀਆਂ ਤੋਂ ਹੋਰ ਵੀ ਪੁੱਛਗਿੱਛ ਜਾਰੀ ਹੈ।

# ਪੰਜਾਬ ਸਰਕਾਰ ਕੁੰਵਰ ਵਿਜੇ ਪ੍ਰਤਾਪ ਦੇ ਹੱਕ ਵਿੱਚ ਨਿਤਰੀ

## * ਚੋਣ ਕਮਿਸ਼ਨ ਦੇ ਨੋਟਿਸ ਦਾ ਜਵਾਬ ਭੇਜਿਆ

ਚੰਡੀਗੜ੍ਹ, 13 ਜੂਨ (ਪੋਸਟ ਬਿਊਰੋ)- ਪਿਛਲੇ ਮਹੀਨੇ ਹੋਈਆਂ ਲੋਕ ਸਭਾ ਚੋਣਾਂ ਦੌਰਾਨ ਤਬਾਦਲੇ ਦੇ ਬਾਵਜੂਦ ਕੁੰਵਰ ਵਿਜੇ ਪ੍ਰਤਾਪ ਸਿੰਘ ਵੱਲੋਂ ਬਹਿਬਲ ਕਲਾਂ ਗੋਲੀ ਕਾਂਡ ਦੀ ਜਾਂਚ ਵਾਲੀ ਵਿਸ਼ੇਸ਼ ਟੀਮ (ਐੱਸ ਆਈ ਟੀ) ਵਿਚ ਸ਼ਾਮਲ ਰਹੇ ਹੋਣ ਬਾਰੇ ਅਕਾਲੀ ਦਲ ਦੀ ਸ਼ਿਕਾਇਤ ਉੱਤੇ ਚੋਣ ਕਮਿਸ਼ਨ ਨੇ ਪੰਜਾਬ ਸਰਕਾਰ ਨੂੰ ਨੋਟਿਸ ਭੇਜ ਕੇ ਜਵਾਬ ਮੰਗਿਆ ਸੀ। ਇਸ ਵਿਚ ਪੁੱਛਿਆ ਗਿਆ ਸੀ ਕਿ ਤਬਾਦਲੇ ਦੇ ਬਾਵਜੂਦ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਐੱਸ ਆਈ ਟੀ ਦਾ ਹਿੱਸਾ ਬਣ ਕੇ ਕੰਮ ਕਿਵੇਂ ਕੀਤਾ। ਇਸ ਦੇ ਜਵਾਬ ਵਿੱਚ ਰਾਜ ਸਰਕਾਰ ਕੁੰਵਰ ਵਿਜੇ ਪ੍ਰਤਾਪ ਦੇ ਨਾਲ ਖੜੀ ਹੋ ਗਈ ਹੈ।

ਅਸਲ ਵਿੱਚ ਅਕਾਲੀ ਦਲ ਨੇ ਬੀਤੇ ਦਿਨੀਂ ਚੋਣ ਕਮਿਸ਼ਨ ਨੂੰ ਸ਼ਿਕਾਇਤ ਕੀਤੀ ਸੀ ਕਿ ਚੋਣ ਕਮਿਸ਼ਨ ਦੇ ਹੁਕਮਾਂ ਦੇ ਬਾਵਜੂਦ ਕੁੰਵਰ ਵਿਜੇ ਪ੍ਰਤਾਪ ਸਿੰਘ ਨਾ ਸਿਰਫ਼ ਐੱਸ ਆਈ ਟੀ ਦੀਆਂ ਮੀਟਿੰਗ ਵਿਚ ਸ਼ਾਮਲ ਹੁੰਦੇ ਰਹੇ, ਉਹ ਜਾਂਚ ਦਾ ਹਿੱਸਾ ਵੀ ਬਣੇ ਰਹੇ ਹਨ। ਇਸ ਉੱਤੇ ਚੋਣ ਕਮਿਸ਼ਨ ਨੇ ਪੰਜਾਬ ਸਰਕਾਰ ਨੂੰ ਨੋਟਿਸ ਭੇਜ ਕੇ ਜਵਾਬ ਦੇਣ ਲਈ ਕਿਹਾ ਸੀ। ਪੰਜਾਬ ਸਰਕਾਰ ਇੱਕ ਵਾਰ ਫਿਰ ਬਰਗਾੜੀ ਦੇ ਬੇਅਦਬੀ ਕਾਂਡ ਅਤੇ ਬਹਿਬਲ ਕਲਾਂ ਗੋਲੀ ਕਾਂਡ ਦੀ ਜਾਂਚ ਕਰ ਰਹੇ ਆਈ ਜੀ ਕੁੰਵਰ ਵਿਜੈ ਪ੍ਰਤਾਪ ਸਿੰਘ ਦੇ ਹੱਕ ਵਿੱਚ ਆ ਗਈ ਅਤੇ ਵਿਸ਼ੇਸ਼ ਜਾਂਚ ਟੀਮ ਦੇ ਮੈਂਬਰ ਕੁੰਵਰ ਵਿਜੈ ਪ੍ਰਤਾਪ ਸਿੰਘ ਦੇ ਤਬਾਦਲਾ ਕੇਸ ਵਿੱਚ ਚੋਣ ਕਮਿਸ਼ਨ ਦੇ ਨਿਰਦੇਸ਼ਾਂ ਦੀ ਪਾਲਣਾ ਕਰਨ ਦਾ ਦਾਅਵਾ ਕੀਤਾ ਹੈ। ਗ੍ਰਹਿ ਵਿਭਾਗ ਵੱਲੋਂ ਬਣਾਈ ਗਈ ਇਹ ਰਿਪੋਰਟ ਚੀਫ ਸੈਕਟਰੀ ਕਰਨ ਅਵਤਾਰ ਸਿੰਘ ਨੇ ਚੋਣ ਕਮਿਸ਼ਨ ਨੂੰ ਭੇਜੀ ਹੈ।

ਜਾਣਕਾਰ ਸੂਤਰਾਂ ਮੁਤਾਬਕ ਇਸ



ਕੁੰਵਰ ਵਿਜੇ ਪ੍ਰਤਾਪ ਸਿੰਘ

ਰਿਪੋਰਟ ਵਿੱਚ ਪੰਜਾਬ ਸਰਕਾਰ ਨੇ ਦਾਅਵਾ ਕੀਤਾ ਹੈ ਕਿ ਕਮਿਸ਼ਨ ਨੇ ਅਕਾਲੀ ਦਲ ਦੀ ਸ਼ਿਕਾਇਤ ਉੱਤੇ ਆਈ ਜੀ ਕੁੰਵਰ ਵਿਜੈ ਪ੍ਰਤਾਪ ਸਿੰਘ ਦਾ ਤਬਾਦਲਾ ਕਰਨ ਦੇ ਨਿਰਦੇਸ਼ ਦਿੱਤੇ ਸਨ ਤਾਂ ਇਸ ਦੀ ਪਾਲਣਾ ਹੇਠ ਕੁੰਵਰ ਵਿਜੇ ਪ੍ਰਤਾਪ ਸਿੰਘ ਨੂੰ ਕਾਊਂਟਰ ਇੰਟੈਲੀਜੈਂਸ ਅੰਮ੍ਰਿਤਸਰ ਵਿੱਚ ਭੇਜ ਦਿੱਤਾ ਗਿਆ ਸੀ। ਸਰਕਾਰ ਦਾ ਕਹਿਣਾ ਹੈ ਕਿ ਕਮਿਸ਼ਨ ਨੇ ਇਸ ਅਧਿਕਾਰੀ ਨੂੰ ਐੱਸ ਆਈ ਟੀ ਦੇ ਮੈਂਬਰ ਵਜੋਂ ਹਟਾਉਣ ਨੂੰ ਨਹੀਂ ਸੀ ਕਿਹਾ, ਉਸ ਨੂੰ ਸਿਰਫ ਮੀਡੀਆ ਨਾਲ ਕੋਈ ਵੀ ਗੱਲ ਕਰਨ ਤੋਂ ਰੋਕਿਆ ਸੀ। ਪੰਜਾਬ ਸਰਕਾਰ ਦੀ ਰਿਪੋਰਟ ਮੁਤਾਬਕ ਚੋਣ ਕਮਿਸ਼ਨ ਦੇ ਨਿਰਦੇਸ਼ਾਂ ਪਿੱਛੋਂ ਪਾਰਲੀਮੈਂਟਰੀ ਚੋਣਾਂ ਦੇ ਸਾਰੇ ਅਮਲ ਦੌਰਾਨ ਕਮਿਸ਼ਨ ਦੇ ਨਿਰਦੇਸ਼ਾਂ ਦੀ ਪਾਲਣਾ ਹੋਈ ਅਤੇ ਮੀਡੀਆ ਨਾਲ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਕੋਈ ਗੱਲ ਨਹੀਂ ਕੀਤੀ। ਅਕਾਲੀ ਦਲ ਵੱਲੋਂ ਚੋਣ ਜ਼ਾਬਤੇ ਦੌਰਾਨ ਗੋਲੀ ਕਾਂਡ ਦੇ ਕੇਸ ਵਿੱਚ ਦੋਸ਼ ਪੱਤਰ ਦਾਖ਼ਲ ਕਰਨ ਦੇ ਦੋਸ਼ਾਂ ਦੇ ਜਵਾਬ ਵਿਚ ਰਾਜ ਸਰਕਾਰ ਨੇ ਕਿਹਾ ਕਿ 23 ਮਈ ਨੂੰ ਐੱਸ ਆਈ ਟੀ ਦੇ ਮੈਂਬਰ ਵਜੋਂ ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਦੋਸ਼ ਪੱਤਰ ਉੱਤੇ ਸਿਰਫ਼ ਦਸਖ਼ਤ ਕੀਤੇ ਸਨ, ਦੋਸ਼ ਪੱਤਰ ਚੋਣ ਜ਼ਾਬਤਾ ਖ਼ਤਮ ਹੋਣ ਪਿੱਛੋਂ 27 ਮਈ ਨੂੰ ਅਦਾਲਤ ਵਿੱਚ ਦਾਖ਼ਲ ਕੀਤਾ ਗਿਆ ਸੀ।

ਵਰਨਣ ਯੋਗ ਹੈ ਕਿ ਪੰਜਾਬ ਸਰਕਾਰ ਨੇ ਚੋਣ ਕਮਿਸ਼ਨ ਦੀਆਂ ਹਦਾਇਤਾਂ ਉੱਤੇ ਆਈ ਜੀ ਕੁੰਵਰ ਵਿਜੈ ਪ੍ਰਤਾਪ ਨੂੰ ਆਈ ਜੀ ਕ੍ਰਾਈਮ ਅਤੇ ਸੰਗਠਿਤ ਅਪਰਾਧ ਰੋਕੂ ਯੂਨਿਟ ਦੇ ਮੁਖੀ ਵਜੋਂ ਹਟਾ ਕੇ ਕਾਊਂਟਰ ਇੰਟੈਲੀਜੈਂਸ ਦੇ ਆਈ ਜੀ ਲਾਉਣ ਦੇ ਹੁਕਮ 8 ਅਪਰੈਲ ਨੂੰ ਜਾਰੀ ਕੀਤੇ ਸਨ। ਚੋਣ ਜ਼ਾਬਤਾ ਖ਼ਤਮ ਹੋਣ ਪਿੱਛੋਂ ਪੰਜਾਬ ਸਰਕਾਰ ਨੇ ਇਸ ਅਧਿਕਾਰੀ ਨੂੰ ਪੁਰਾਣੇ ਅਹੁਦਿਆਂ ਉੱਤੇ ਤਾਇਨਾਤ ਕਰਨ ਦੇ ਹੁਕਮ 27 ਮਈ ਨੂੰ ਜਾਰੀ ਕੀਤੇ ਸਨ।

# ਰੂਸ ਵਿੱਚ ਨੌਕਰੀ ਦਿਵਾਉਣ ਦਾ ਝਾਂਸਾ ਦੇ ਕੇ 6.44 ਲੱਖ ਠੱਗੇ

ਮੋਗਾ, 13 ਜੂਨ (ਪੋਸਟ ਬਿਊਰੋ)- ਰੂਸ ਵਿੱਚ ਡਰਾਈਵਰ ਦੀ ਨੌਕਰੀ ਦਿਵਾਉਣ ਦਾ ਝਾਂਸਾ ਦੇ ਕੇ ਫਰਜ਼ੀ ਟ੍ਰੈਵਲ ਏਜੰਟਾਂ ਨੇ ਛੇ ਨੌਜਵਾਨਾਂ ਤੋਂ ਛੇ ਲੱਖ 44 ਹਜ਼ਾਰ ਰੁਪਏ ਠੱਗ ਲਏ, ਪਰ ਬਾਅਦ ਵਿੱਚ ਨਾ ਵਿਦੇਸ਼ ਭੇਜਿਆ, ਨਾ ਪੈਸੇ ਮੋੜੇ। ਛੇ ਨੌਜਵਾਨਾਂ ਦੀ ਸ਼ਿਕਾਇਤ 'ਤੇ ਪੁਲਸ ਨੇ ਦੋ ਜਣਿਆਂ ਵਿਰੁੱਧ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕੀਤੀ ਹੈ। ਦੋਸ਼ੀਆਂ ਦੀ ਅਜੇ ਗ੍ਰਿਫਤਾਰੀ ਨਹੀਂ ਹੋਈ। ਦੋਸ਼ੀ ਟ੍ਰੈਵਲ ਏਜੰਟਾਂ ਵਿੱਚ ਇੱਕ ਮੋਗਾ ਅਤੇ ਦੂਸਰਾ ਜਲੰਧਰ ਦਾ ਵਸਨੀਕ ਹੈ।

ਇਸ ਕੇਸ ਬਾਰੇ ਡੀ ਐੱਸ ਪੀ ਪਰਮਜੀਤ ਸਿੰਘ ਨੇ ਦੱਸਿਆ ਕਿ ਲਖਬੀਰ ਸਿੰਘ ਤੇ ਉਸ ਦੇ ਪੰਜ ਦੋਸਤਾਂ ਸੁਖਦੀਪ ਸਿੰਘ, ਅਮਨਦੀਪ ਸਿੰਘ, ਪਰਮਜੀਤ ਸਿੰਘ, ਸਿਮਰਨਜੀਤ ਸਿੰਘ ਤੇ ਅੰਗਰੇਜ਼ ਸਿੰਘ ਨੇ ਇਕੱਠੇ ਰੂਸ ਜਾ ਕੇ ਕੰਮ ਕਰਨ ਦਾ ਫੈਸਲਾ ਕੀਤਾ ਸੀ। ਜੁਲਾਈ 2017 ਵਿੱਚ ਏਜੰਟ ਚਰਨਜੀਤ ਸਿੰਘ ਵਾਸੀ ਮੋਗਾ ਤੇ ਰਮਨ ਕੁਮਾਰ ਸ਼ਰਮਾ ਵਾਸੀ ਰਾਮਾ ਮੰਡੀ, ਜਲੰਧਰ ਨਾਲ ਮੁਲਾਕਾਤ ਹੋਈ। ਦੋਵਾਂ ਏਜੰਟਾਂ ਨੇ ਝਾਂਸਾ ਦਿੱਤਾ ਕਿ ਇੱਕ-ਇੱਕ ਲੱਖ ਰੁਪਏ ਦੇਣ ਤਾਂ ਰੂਸ ਵਿੱਚ ਵਰਕ ਪਰਮਿਟ ਨਾਲ ਥ੍ਰੀ ਸੀ ਸੀ ਕੰਪਨੀ ਵਿੱਚ ਡਰਾਈਵਰ ਦੀ ਨੌਕਰੀ ਦਿਵਾ ਦੇਣਗੇ। ਦੋਸ਼ੀਆਂ ਦੇ ਝਾਂਸੇ ਵਿੱਚ ਆ ਕੇ ਸਾਰੇ ਦੋਸਤਾਂ ਨੇ ਏਜੰਟਾਂ ਨੂੰ ਪੈਸੇ ਦੇ ਦਿੱਤੇ। ਇਸ ਦੇ ਕੁਝ ਦਿਨ ਬਾਅਦ ਦੋਸ਼ੀਆਂ ਨੇ ਕਿਹਾ ਕਿ ਰੂਸ ਦਾ ਵੀਜ਼ਾ ਲੱਗਣ ਵਿੱਚ ਦਿੱਕਤ ਆ ਰਹੀ ਹੈ, 50-50 ਹਜ਼ਾਰ ਰੁਪਏ ਹੋਰ ਦੇ ਦਿਓ, ਸਾਰਿਆਂ ਨੂੰ ਆਜ਼ਰਬਾਈਜਾਨ ਭੇਜ ਦੇਣਗੇ। ਸਾਰੇ ਦੋਸਤਾਂ ਨੇ ਥੋੜ੍ਹੇ ਪੈਸੇ ਹੋਰ ਦੇ ਦਿੱਤੇ, ਪਰ ਕਿਸੇ ਨੂੰ ਵੀ ਵਿਦੇਸ਼ ਨਹੀਂ ਭੇਜਿਆ ਗਿਆ। ਪੁੱਛਗਿੱਛ ਕਰਨ 'ਤੇ ਦੋਸ਼ੀ ਟਾਲਮ-ਟੋਲ ਕਰਨ ਲੱਗੇ। ਅਕਤੂਬਰ 2018 ਵਿੱਚ ਮੋਗਾ ਵਿੱਚ ਕਾਂਗਰਸ ਨੇਤਾ ਦੇ ਘਰ ਕੈਬਨਿਟ ਮੰਤਰੀ ਅਰੁਣਾ ਚੌਧਰੀ ਦੇ ਆਉਣ ਉੱਤੇ ਫਰਜ਼ੀ ਟ੍ਰੈਵਲ ਏਜੰਟਾਂ ਦੇ ਖਿਲਾਫ ਸ਼ਿਕਾਇਤ ਦਿੱਤੀ ਗਈ ਤਾਂ ਮੰਤਰੀ ਦੇ ਕਹੇ ਉੱਤੇ ਪੁਲਸ ਦੀ ਜਾਂਚ ਵਿੱਚ ਪਤਾ ਲੱਗਾ ਕਿ ਚਰਨਜੀਤ ਤੇ ਰਮਨ ਨੇ ਝਾਂਸਾ ਦੇ ਕੇ ਠੱਗੀ ਕੀਤੀ ਹੈ।

# ਫਤਹਿਵੀਰ ਦੁਖਾਂਤ ਬਾਰੇ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ

## * ਜ਼ਿੰਮੇਵਾਰੀ ਤੈਅ ਕਰਨ ਬਾਰੇ 17 ਜੂਨ ਨੂੰ ਸੁਣਵਾਈ

ਸੰਗਰੂਰ, 13 ਜੂਨ (ਪੋਸਟ ਬਿਊਰੋ)- ਇਸ ਜ਼ਿਲੇ ਦੇ ਪਿੰਡ ਭਗਵਾਨਪੁਰਾ ਵਿੱਚ ਬੋਰਵੈਲ ਵਿੱਚ ਡਿੱਗੇ ਦੋ ਸਾਲਾ ਬੱਚੇ ਫਤਹਿਵੀਰ ਸਿੰਘ ਦੀ ਮੌਤ ਦਾ ਮਾਮਲਾ ਪੰਜਾਬ ਹਰਿਆਣਾ ਹਾਈ ਕੋਰਟ 'ਚ ਪਹੁੰਚ ਗਿਆ ਹੈ। ਇਕ ਵਕੀਲ ਵੱਲੋਂ ਪੰਜਾਬ ਸਰਕਾਰ ਖਿਲਾਫ ਲੋਕ ਹਿੱਤ ਪਟੀਸ਼ਨ ਦਾਇਰ ਕੀਤੀ ਗਈ ਹੈ। ਇਸ ਉੱਤੇ ਹਾਈ ਕੋਰਟ ਦਾ ਵਕੇਸ਼ਨ ਬੈਂਚ 17 ਜੂਨ ਨੂੰ ਸੁਣਵਾਈ ਕਰੇਗਾ। ਪਟੀਸ਼ਨ ਸੰਗਰੂਰ ਨਾਲ ਸਬੰਧਤ ਤੇ ਹਾਈ ਕੋਰਟ 'ਚ ਪ੍ਰੈਕਟਿਸ ਕਰ ਰਹੇ ਐਡਵੋਕੇਟ ਪਰਮਿੰਦਰ ਸਿੰਘ ਸੇਖੋਂ ਨੇ ਦਾਖਲ ਕੀਤੀ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਫਤਹਿਵੀਰ ਨੂੰ ਬਚਾਉਣ ਵਿੱਚ ਜ਼ਿਲਾ ਪ੍ਰਸ਼ਾਸਨ



ਨਾਕਾਮ ਰਿਹਾ ਹੈ ਅਤੇ ਬਚਾਅ ਕਾਰਜ ਸਹੀ ਢੰਗ ਨਾਲ ਨਹੀਂ ਕੀਤੇ ਗਏ।

ਇਸ ਪਟੀਸ਼ਨ ਵਿੱਚ ਮੰਗ ਕੀਤੀ ਗਈ ਹੈ ਕਿ ਬੱਚੇ ਨੂੰ ਬੋਰਵੈਲ ਵਿੱਚੋਂ ਕੱਢਣ ਲਈ ਛੇ ਦਿਨ ਚੱਲੇ ਬਚਾਅ ਕਾਰਜ ਬਾਰੇ ਸਮੁੱਚੀ ਰਿਪੋਰਟ ਪੰਜਾਬ ਸਰਕਾਰ ਤੋਂ ਮੰਗੀ ਜਾਵੇ ਤੇ ਇਹ ਜਾਣਕਾਰੀ ਵੀ ਮੰਗੀ ਜਾਵੇ ਕਿ ਇਸ ਸਭ ਦਾ ਇੰਚਾਰਜ ਕੌਣ ਸੀ, ਐਨ ਡੀ ਆਰ ਐਫ ਟੀਮ ਦੀ ਜ਼ਿੰਮੇਵਾਰੀ ਬਾਰੇ ਵੀ ਰਿਪੋਰਟ ਲਈ ਜਾਵੇ ਤੇ ਅਜਿਹੀਆਂ ਘਟਨਾਵਾਂ ਰੋਕਣ ਲਈ ਜ਼ਿੰਮੇਵਾਰੀ ਤੈਅ ਕੀਤੀ ਜਾਵੇ, ਕੋਈ ਵਿਸ਼ੇਸ਼ ਪਾਲਿਸੀ ਬਣਾਈ ਜਾਵੇ, ਜੋ ਕਾਰਗਰ ਹੋਵੇ। ਇਸ ਕੇਸ ਦੀ ਜਾਂਚ ਕਰਵਾਉਣ ਦਾ ਹੁਕਮ ਦੇਣ ਦੇ ਨਾਲ ਜ਼ਿੰਮੇਵਾਰ ਅਧਿਕਾਰੀਆਂ ਖਿਲਾਫ ਕਾਰਵਾਈ ਤੇ ਪੀੜਤ ਪਰਵਾਰ ਲਈ ਮੁਆਵਜ਼ੇ ਦੀ ਮੰਗ ਵੀ ਕੀਤੀ ਗਈ ਹੈ। ਪਟੀਸ਼ਨ ਵਿੱਚ ਸੁਪਰੀਮ ਕੋਰਟ ਦੀਆਂ ਹਦਾਇਤਾਂ ਦਾ ਵੀ ਹਵਾਲਾ ਦਿੱਤਾ ਗਿਆ ਹੈ। ਇਸ ਵਿੱਚ ਕੇਂਦਰੀ ਗ੍ਰਹਿ ਵਿਭਾਗ, ਮੁੱਖ ਮੰਤਰੀ ਪੰਜਾਬ, ਡਿਪਟੀ ਕਮਿਸ਼ਨਰ ਸੰਗਰੂਰ, ਜ਼ਿਲਾ ਪੁਲਸ ਮੁਖੀ ਸੰਗਰੂਰ ਅਤੇ ਐਸ ਡੀ ਐਮ ਸੁਨਾਮ ਨੂੰ ਵੀ ਧਿਰ ਬਣਾਇਆ ਗਿਆ ਹੈ।

# ਅਨਾਜ ਖਾਤੇ ਦੇ 31000 ਕਰੋੜ ਰੁਪਏ ਦੀ ਮੁਆਫੀ ਦਾ ਮਾਮਲਾ ਵੀ ਲਟਕਿਆ

ਚੰਡੀਗੜ੍ਹ, 13 ਜੂਨ (ਪੋਸਟ ਬਿਊਰੋ)- ਪੰਜਾਬ ਲਈ ਅਨਾਜ ਖਾਤਿਆਂ ਦੇ 31000 ਕਰੋੜ ਰੁਪਏ ਮੁਆਫ ਕਰਵਾਉਣ ਦਾ ਮਾਮਲਾ ਕੁਝ ਸਮੇਂ ਲਈ ਲਟਕ ਗਿਆ ਹੈ। ਵਿੱਤ ਕਮਿਸ਼ਨ ਦੇ ਚੇਅਰਮੈਨ ਐੱਨ ਕੇ ਸਿੰਘ ਨੇ ਇਸ ਦੇ ਨਿਪਟਾਰੇ ਦਾ ਰਾਹ ਲੱਭਣ ਲਈ ਕਮੇਟੀ ਬਣਾਈ ਸੀ, ਜਿਸ ਨੇ ਮਾਰਚ 2019 ਦੇ ਅਖੀਰ ਤੱਕ ਰਿਪੋਰਟ ਦੇਣੀ ਸੀ, ਪਰ ਅਜੇ ਤੱਕ ਰਿਪੋਰਟ ਸਰਕਾਰ ਨੂੰ ਨਹੀਂ ਮਿਲੀ। ਪਤਾ ਲੱਗਾ ਹੈ ਕਿ ਲੋਕ ਸਭਾ ਚੋਣਾਂ ਕਾਰਨ ਕਮੇਟੀ ਇਹ ਰਿਪੋਰਟ ਨਹੀਂ ਦੇ ਸਕੀ।

ਜਾਣਕਾਰ ਸੂਤਰਾਂ ਦਾ ਕਹਿਣਾ ਹੈ ਕਿ ਲੋਕ ਸਭਾ ਚੋਣਾਂ ਕਾਰਨ ਇਹ ਕੰਮ ਕਮੇਟੀ ਨੇ ਟਾਲ ਦਿੱਤਾ ਸੀ। ਇਸ ਕਮੇਟੀ ਨੇ ਛੇ ਹਫਤੇ ਵਿੱਚ ਰਿਪੋਰਟ ਦੇਣੀ ਸੀ। ਸੂਤਰਾਂ ਦਾ ਕਹਿਣਾ ਹੈ ਕਿ 15 ਜੂਨ ਨੂੰ ਨੀਤੀ ਆਯੋਗ ਦੀ ਬੈਠਕ ਵਿੱਚ ਪੰਜਾਬ ਦੇ ਮੁੱਖ ਮੰਤਰੀ ਇਹ ਮਾਮਲਾ ਨਹੀਂ ਉਠਾਉਣਗੇ। ਸਰਕਾਰ ਕਮੇਟੀ ਦੀ ਰਿਪੋਰਟ ਦੀ ਉਡੀਕ ਕਰ ਰਹੀ ਹੈ। ਰਿਪੋਰਟ ਆਉਣ ਦੇ ਬਾਅਦ ਹੀ ਪੰਜਾਬ ਸਰਕਾਰ ਇਹ ਮਾਮਲਾ ਕੇਂਦਰ ਸਰਕਾਰ ਦੇ ਸਾਹਮਣੇ ਉਠਾਏਗੀ। ਕਮਿਸ਼ਨ ਦੇ ਮੁਖੀ ਐਨ ਕੇ ਸਿੰਘ ਨੇ 15 ਫਰਵਰੀ ਨੂੰ ਕਮੇਟੀ ਬਣਾਉਣ ਦੇ ਨੋਟੀਫਿਕੇਸ਼ਨ ਨੂੰ ਮਨਜ਼ੂਰੀ ਦਿੱਤੀ ਸੀ। 15ਵੇਂ ਵਿੱਤ ਕਮਿਸ਼ਨ ਦੇ ਮੈਂਬਰ ਰਮੇਸ਼ ਚੰਦ ਦੀ ਅਗਵਾਈ ਵਾਲੀ ਕਮੇਟੀ ਨੂੰ ਛੇ ਹਫਤੇ ਵਿੱਚ ਆਪਣੀ ਰਿਪੋਰਟ ਦੇਣ ਲਈ ਕਿਹਾ ਗਿਆ ਸੀ। ਕਮੇਟੀ ਦੇ ਹੋਰਨਾਂ ਮੈਂਬਰਾਂ ਵਿੱਚ ਕੇਂਦਰੀ ਸਕੱਤਰ ਖੁਰਾਕ ਅਤੇ ਜਨਤਕ ਵੰਡ ਰਵੀਕਾਂਤ, ਕੇਂਦਰੀ ਐਡੀਸ਼ਨਲ ਸਕੱਤਰ ਖਰਚ ਵਿਭਾਗ ਵਿੱਤ ਮੰਤਰਾਲਾ ਰਾਜੀਵ ਰੰਜਨ, ਐਡੀਸ਼ਨਲ ਸੈਕਟਰੀ ਡਿਪਾਰਟਮੈਂਟ ਆਫ ਫਾਈਨੈਂਸ ਸਰਵਿਸਿਜ਼ ਮਨਿ-ਸਟਰ ਆਫ ਫਾਈਨਾਂਸ ਰਵੀ ਮਿੱਤਲ ਅਤੇ ਚੀਫ ਸੈਕਟਰੀ ਪੰਜਾਬ ਕਰਣ ਅਵਤਾਰ ਸਿੰਘ, ਜੁਆਇੰਟ ਸੈਕਟਰੀ ਆਫ ਵਿੱਤ ਕਮਿਸ਼ਨ ਰਵੀ ਕੋਟਾ ਨੂੰ ਮੈਂਬਰ ਵਜੋਂ ਸ਼ਾਮਲ ਕੀਤਾ ਗਿਆ ਸੀ। ਇਸ ਕਮੇਟੀ ਨੇ ਸਾਰੇ ਪੱਖਾਂ 'ਤੇ ਚਰਚਾ ਕਰਨੀ ਸੀ।

ਪੰਜਾਬ ਸਰਕਾਰ ਦੇ ਨਾਲ ਵਿਚਾਰ-ਵਟਾਂਦਰਾ ਵੇਲੇ ਐੱਨ ਕੇ ਸਿੰਘ ਨੇ ਮੁੱਖ ਮੰਤਰੀ ਨੂੰ ਭਰੋਸਾ ਦਿੱਤਾ ਸੀ ਕਿ ਇਸ ਸਮੱਸਿਆ ਨੂੰ ਹੱਲ ਕਰਨ ਲਈ ਕਮਿਸ਼ਨ ਹਰ ਕੋਸ਼ਿਸ਼ ਕਰੇਗਾ। ਐੱਨ ਕੇ ਸਿੰਘ ਨੇ ਕਿਹਾ ਸੀ ਕਿ ਵਿੱਤ ਕਮਿਸ਼ਨ ਦੇ ਹੇਠ ਕੇਂਦਰ, ਸੂਬਾ ਅਤੇ ਐੱਫ ਸੀ ਆਈ ਦੀ ਕਮੇਟੀ ਇਸ ਸੰਬੰਧੀ ਇਨ੍ਹਾਂ ਸੰਭਾਵਨਾਵਾਂ ਦਾ ਪਤਾ ਲਗਾਏਗੀ।

# ਹਲਵਾਰਾ ਵਿਖੇ ਏਅਰ ਟਰਮੀਨਲ ਲਈ ਪੰਜਾਬ ਤੇ ਏਅਰਪੋਰਟ ਅਥਾਰਟੀ ਦਾ ਸਮਝੌਤਾ



ਚੰਡੀਗੜ੍ਹ, 13 ਜੂਨ (ਪੋਸਟ ਬਿਊਰੋ)- ਏਅਰ ਫੋਰਸ ਸਟੇਸ਼ਨ ਹਲਵਾਰਾ (ਲੁਧਿਆਣਾ) ਵਿਖੇ ਪੰਜਾਬ ਅਤੇ ਏਅਰਪੋਰਟ ਅਥਾਰਟੀ ਆਫ ਇੰਡੀਆ (ਏ ਏ ਆਈ) ਨੇ ਮਿਲ ਕੇ ਨਿਊ ਇੰਟਰਨੈਸ਼ਨਲ ਸਿਵਲ ਏਅਰ ਟਰਮੀਨਲ ਬਣਾਉਣ ਵਾਸਤੇ ਸਮਝੌਤਾ ਸਹੀਬੱਧ ਕੀਤਾ ਹੈ। ਇਸ ਕੰਮ ਲਈ ਪੰਜਾਬ ਸਰਕਾਰ ਨੇ ਪਹਿਲਾਂ ਐੱਮ ਓ ਸੀ ਏ ਅਤੇ ਏਅਰਪੋਰਟ ਅਥਾਰਟੀ ਆਫ ਇੰਡੀਆ (ਏ ਏ ਆਈ) ਨਾਲ ਸਮਝੌਤਾ ਕੀਤਾ ਸੀ।

ਇੱਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਪੰਜਾਬ ਦੇ ਮੁੱਖ ਸਕੱਤਰ ਕਰਣ ਅਵਤਾਰ ਸਿੰਘ ਅਤੇ ਏ ਏ ਆਈ ਦੇ ਚੇਅਰਮੈਨ ਗੁਰਪ੍ਰਸਾਦ ਮਹਾਪਾਤਰਾ ਦੀ ਹਾਜ਼ਰੀ 'ਚ ਇਸ ਸਮਝੌਤੇ ਉਤੇ ਪੰਜਾਬ ਸਰਕਾਰ ਦੇ ਸ਼ਹਿਰੀ ਹਵਾਬਾਜ਼ੀ ਵਿਭਾਗ ਦੇ ਪ੍ਰਿੰਸੀਪਲ ਸੈਕਟਰੀ ਤੇਜਵੀਰ ਸਿੰਘ ਅਤੇ ਏਅਰਪੋਰਟ ਅਥਾਰਟੀ ਆਫ ਇੰਡੀਆ ਦੇ ਏ ਡੀ ਜੀ, ਡੀ ਗੁਪਤਾ ਵੱਲੋਂ ਹਸਤਾਖਰ ਕੀਤੇ ਗਏ। ਇਹ ਪ੍ਰੋਜੈਕਟ ਏਅਰਪੋਰਟ ਅਥਾਰਟੀ ਆਫ ਇੰਡੀਆ ਤੇ ਪੰਜਾਬ ਦੀ ਸਾਂਝੇਦਾਰੀ ਨਾਲ ਸ਼ੁਰੂ ਕੀਤਾ ਜਾਵੇਗਾ ਜਿਸ ਵਿੱਚ ਏਅਰਪੋਰਟ ਅਥਾਰਟੀ ਦਾ ਹਿੱਸਾ 51 ਫੀਸਦੀ ਅਤੇ ਪੰਜਾਬ ਸਰਕਾਰ ਗਲਾਡਾ ਰਾਹੀਂ 49 ਫੀਸਦੀ ਹਿੱਸੇ ਪਾਵੇਗੀ। ਇਸ ਸਮਝੌਤੇ ਹੇਠ ਏਅਰਪੋਰਟ ਅਥਾਰਟੀ ਆਫ ਇੰਡੀਆ ਨਵੇਂ ਏਅਰਪੋਰਟ ਦੇ ਵਿਕਾਸ ਸੰਬੰਧੀ ਸਾਰੇ ਪੂੰਜੀ ਖਰਚ ਕਰੇਗੀ, ਜਦ ਕਿ ਪੰਜਾਬ ਸਰਕਾਰ ਇਸ ਵਿੱਚ 135.54 ਏਕੜ ਜ਼ਮੀਨ ਮੁਫਤ 'ਚ ਹਾਸਲ ਕਰਵਾਏਗੀ।

# ਸੜਕ ਹਾਦਸੇ ਵਿੱਚ ਮਾਂ-ਪੁੱਤ ਸਣੇ ਤਿੰਨ ਜਣਿਆਂ ਦੀ ਮੌਤ

ਮਜੀਠਾ, 13 ਜੂਨ (ਪੋਸਟ ਬਿਊਰੋ)- ਅੰਮ੍ਰਿਤਸਰ-ਬਟਾਲਾ ਰੋਡ 'ਤੇ ਗੁਰੂ ਨਾਨਕ ਨਗਰ ਕਲੋਨੀ ਨੇੜੇ ਬੀਤੀ ਰਾਤ ਵਾਪਰੇ ਸੜਕ ਹਾਦਸੇ ਵਿੱਚ ਇਕ ਔਰਤ ਸਣੇ ਦੋ ਜਣਿਆਂ ਦੀ ਮੌਤ ਹੋ ਗਈ ਹੈ ਅਤੇ ਤਿੰਨ ਜ਼ਖਮੀ ਹੋ ਗਏ ਹਨ।

ਮਿਲੀ ਜਾਣਕਾਰੀ ਅਨੁਸਾਰ ਗੁਰੂ ਨਾਨਕ ਨਗਰ ਕਲੋਨੀ ਪਿੰਡ ਸੋਹੀਆਂ ਖੁਰਦ ਵਿਖੇ ਅੰਮ੍ਰਿਤਸਰ-ਬਟਾਲਾ ਰੋਡ 'ਤੇ ਬੀਤੀ ਰਾਤ ਕਿਸੇ ਅਣਪਛਾਤੇ ਵਾਹਨ ਨੇ ਇਕੋ ਪਰਵਾਰ ਦੇ ਛੇ ਮੈਂਬਰਾਂ ਨੂੰ ਆਪਣੀ ਲਪੇਟ ਵਿੱਚ ਲੈ ਲਿਆ, ਜਿਸ ਵਿੱਚ ਪਿੰਡ ਬਾਬੋਵਾਲ ਦੀ ਬਿਰਧ ਔਰਤ ਸਵਿੰਦਰ ਕੌਰ ਪਤਨੀ ਕੁਲਵਿੰਦਰ ਸਿੰਘ, ਉਸ ਦਾ ਪੁੱਤਰ ਆਕਾਸ਼ਦੀਪ ਸਿੰਘ ਤੇ ਭਤੀਜਾ ਯੁਵਰਾਜ ਸਿੰਘ ਪੁੱਤਰ ਕੁਲਵੰਤ ਸਿੰਘ ਵਾਸੀ ਨਵਾਂ ਕੋਟ ਅੰਮ੍ਰਿਤਸਰ ਦੀ ਮੌਕੇ ਉਤੇ ਮੌਤ ਹੋ ਗਈ ਤੇ ਸਵਿੰਦਰ ਕੌਰ ਦੀ ਪੋਤਰੀ ਨਵਨੀਤ ਕੌਰ (6 ਸਾਲ) ਜ਼ਖਮੀ ਹੋ ਗਈ। ਇਨ੍ਹਾਂ ਤੋਂ ਇਲਾਵਾ ਸਵਿੰਦਰ ਕੌਰ ਦਾ ਜਵਾਈ ਮਹਿਤਾਬ ਸਿੰਘ ਪੁੱਤਰ ਕਸ਼ਮੀਰ ਸਿੰਘ ਤੇ ਧੀ ਮਨਦੀਪ ਕੌਰ ਗੰਭੀਰ ਜ਼ਖਮੀ ਹੋਏ ਸਨ। ਸਵਿੰਦਰ ਕੌਰ ਆਪਣੇ ਪੁੱਤਰ ਆਕਾਸ਼ਦੀਪ ਸਿੰਘ, ਭਤੀਜੇ ਯੁਵਰਾਜ ਸਿੰਘ ਤੇ ਪੋਤਰੀ ਨਵਨੀਤ ਕੌਰ ਨਾਲ ਦਿੱਲੀ ਤੋਂ ਆਏ ਸਨ ਤੇ ਅੰਮ੍ਰਿਤਸਰ ਰੇਲਵੇ ਸਟੇਸ਼ਨ ਤੋਂ ਉਨ੍ਹਾਂ ਨੂੰ ਸਵਿੰਦਰ ਕੌਰ ਦਾ ਜਵਾਈ ਮਹਿਤਾਬ ਸਿੰਘ ਅਤੇ ਧੀ ਮਨਦੀਪ ਕੌਰ ਲੈ ਕੇ ਆਏ ਸਨ। ਇਹ ਸਾਰੇ ਜਦੋਂ ਸੋਹੀਆਂ ਖੁਰਦ ਵਿਖੇ ਪਹੁੰਚ ਕੇ ਸੜਕ ਪਾਰ ਕਰਨ ਲੱਗੇ ਤਾਂ ਕਿਸੇ ਅਣਪਛਾਤੇ ਵਾਹਨ ਦੀ ਲਪੇਟ ਵਿੱਚ ਆ ਗਏ।


# ਕੇਂਦਰ ਸਰਕਾਰ ਦੇ ਨਿਯਮਾਂ ਨਾਲ ਪੰਜਾਬ ਦੀ ਕਰਜ਼ਾ ਲਿਮਟ ਕਾਫੀ ਘਟੀ

ਚੰਡੀਗੜ੍ਹ, 13 ਜੂਨ (ਪੋਸਟ ਬਿਊਰੋ)- ਕੇਂਦਰ ਸਰਕਾਰ ਵੱਲੋਂ ਪੰਜਾਬ ਲਈ ਬਾਜ਼ਾਰ ਵਿੱਚੋਂ ਕਰਜ਼ਾ ਚੁੱਕਣ 'ਤੇ ਲਗਾਈਆਂ ਗਈਆਂ ਨਵੀਆਂ ਬੰਦਸ਼ਾਂ ਦਾ ਮੁੱਦਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੀਤੀ ਆਯੋਗ ਦੀ 15 ਜੂਨ ਨੂੰ ਦਿੱਲੀ ਵਿਖੇ ਹੋ ਰਹੀ ਮੀਟਿੰਗ ਵਿੱਚ ਚੁੱਕਣਗੇ, ਜਿਸ ਦੀ ਪ੍ਰਧਾਨਗੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਰਨੀ ਹੈ।

ਪਤਾ ਲੱਗਾ ਹੈ ਕਿ ਕੇਂਦਰ ਸਰਕਾਰ ਨੇ ਰਾਜ ਸਰਕਾਰ ਨੂੰ ਇਕ ਪੱਤਰ ਲਿਖ ਕੇ ਰਾਜਾਂ ਵੱਲੋਂ ਬਾਜ਼ਾਰ ਵਿੱਚੋਂ ਕਰਜ਼ਾ ਚੁੱਕਣ ਬਾਰੇ ਕੇਂਦਰੀ ਵਿੱਤ ਮੰਤਰਾਲੇ ਵੱਲੋਂ ਬਣਾਈ ਨਵੀਂ ਨੀਤੀ ਤੋਂ ਜਾਣੂ ਕਰਵਾਇਆ ਹੈ, ਜਿਸ ਅਨੁਸਾਰ ਰਾਜ ਸਰਕਾਰ ਸਾਲ ਵਿੱਚ 17,432 ਕਰੋੜ ਰੁਪਏ ਕਰਜ਼ਾ ਬਾਜ਼ਾਰ ਤੋਂ ਚੁੱਕ ਸਕੇਗੀ, ਪਰ ਸ਼ਰਤ ਇਹ ਹੋਵੇਗੀ ਕਿ ਰਾਜ ਸਰਕਾਰ ਇਹ ਕਰਜ਼ਾ ਚਾਰ ਕਿਸ਼ਤਾਂ ਵਿੱਚ ਹਰ ਤਿਮਾਹੀ ਵਿੱਚ 4358 ਕਰੋੜ ਦੇ ਹਿਸਾਬ ਚੁੱਕੇਗੀ ਤੇ ਜਿਸ ਤਿਮਾਹੀ ਵਿੱਚ ਸਰਕਾਰ ਲੋੜ ਨਾ ਹੋਣ ਕਾਰਨ ਘੱਟ ਕਰਜ਼ਾ ਚੁੱਕੇਗੀ, ਉਹ ਅਗਲੀ ਤਿਮਾਹੀ ਵਿੱਚ ਟਰਾਂਸਫਰ ਨਹੀਂ ਹੋ ਸਕੇਗਾ।

ਵਰਨਣ ਯੋਗ ਹੈ ਕਿ ਰਾਜ ਸਰਕਾਰ ਪਹਿਲਾਂ ਤਿੰਨਾਂ ਮਹੀਨਿਆਂ ਦੌਰਾਨ ਕੋਈ 7500 ਕਰੋੜ ਦਾ ਕਰਜ਼ਾ ਚੁੱਕ ਸਕਦੀ ਸੀ ਤੇ ਚਾਲੂ ਵਿੱਤੀ ਸਾਲ ਦੀਆਂ ਬਜਟ ਤਜਵੀਜ਼ਾਂ ਵਿੱਚ ਕੋਈ 32000 ਕਰੋੜ ਰੁਪਏ ਦੇ ਵਿੱਤੀ ਸਾਧਨ ਕਰਜ਼ਿਆਂ ਤੇ ਬਾਜ਼ਾਰ ਵਿੱਚੋਂ ਉਪਬੰਧਾਂ ਰਾਹੀਂ ਪ੍ਰਾਪਤ ਕੀਤੇ ਜਾਣਾ ਦਰਸਾਇਆ ਹੋਇਆ ਹੈ। ਨਵੇਂ ਨਿਯਮਾਂ ਦੇ ਲਾਗੂ ਹੋਣ ਨਾਲ ਜਿਥੇ ਰਾਜ ਦੀ ਕਰਜ਼ਾ ਲਿਮਟ ਵਿੱਚ ਕਮੀ ਆਈ ਹੈ, ਉਥੇ ਰਾਜ ਆਪਣੀ ਕਰਜ਼ਾ ਲਿਮਟ ਨੂੰ ਵਿੱਤੀ ਵਰ੍ਹੇ ਦੇ ਆਖਰੀ ਮਹੀਨਿਆਂ ਲਈ ਵੀ ਟਰਾਂਸਫਰ ਨਹੀਂ ਕਰ ਸਕੇਗਾ, ਜਦੋਂ ਕਿ ਸਰਕਾਰ ਨੂੰ ਸਖ਼ਤ ਵਿੱਤੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

A/Z Drivers Needed/ਡਰਾਈਵਰਾਂ ਦੀ ਲੋੜ



- Team Drivers Needed Immediately
- Dedicated AutoPart Runs To Texas, Missouri, Kansas
- Permanent Schedule for whole year
- Always Go to same Shippers **No Waiting at All**
- **Highest Pay Rate** Package Plus HST
- New Model Volvo Trucks
- Paid Every Week On Friday
- 20,000 to 24,00 Miles in a Month
- **Always Home At Weekends**
- Can Work From Brampton, Woodstock or London

- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week

"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"

New Drivers Are Also Welcome, We Give Paid Training With Full Time Job

For Further Information Contact: 6476253344





# ਹਵਾਈ ਫ਼ੌਜ ਦੇ ਤਬਾਹ ਹੋਏ ਜਹਾਜ਼ ਸਵਾਰਾਂ ਦੀਆਂ ਲਾਸ਼ਾਂ ਬਰਾਮਦ

## * ਬਲੈਕ ਬਾਕਸ ਵੀ ਮਿਲ ਗਿਆ

ਨਵੀਂ ਦਿੱਲੀ, 13 ਜੂਨ (ਪੋਸਟ ਬਿਊਰੋ)- ਅਰੁਣਾਚਲ ਪ੍ਰਦੇਸ਼ ਵਿੱਚ ਪਿਛਲੇ ਦਿਨੀਂ ਹਾਦਸੇ ਦਾ ਸ਼ਿਕਾਰ ਹੋਏ ਹਵਾਈ ਫ਼ੌਜ ਦੇ ਏ ਐੱਨ-32 ਜਹਾਜ਼ ਵਿੱਚ ਸਵਾਰ ਲੋਕਾਂ ਦੀਆਂ ਲਾਸ਼ਾਂ ਮਿਲ ਗਈਆਂ ਤੇ ਬਲੈਕ ਬਾਕਸ ਵੀ ਮਿਲ ਗਿਆ ਹੈ।

ਭਾਰਤੀ ਹਵਾਈ ਫ਼ੌਜ ਦੀ ਸਰਚ ਟੀਮ ਅੱਜ ਸਵੇਰੇ ਕ੍ਰੈਸ਼ ਸਾਈਟ ਉੱਤੇ ਪਹੁੰਚੀ ਤੇ ਲਾਸ਼ਾਂ ਲੱਭ ਲਈਆਂ, ਪਰ ਇਸ ਦੌਰਾਨ ਸਰਚ ਟੀਮ ਨੂੰ ਜਹਾਜ਼ ਵਿੱਚ ਸਵਾਰ ਕਿਸੇ ਦੇ ਜ਼ਿੰਦਾ ਬਚੇ ਹੋਣ ਦਾ ਕੋਈ ਸੁਰਾਗ਼ ਨਹੀਂ ਮਿਲਿਆ। ਏਅਰ ਫੋਰਸ ਨੇ ਜਹਾਜ਼ ਵਿੱਚ ਸਵਾਰ ਸਾਰੇ 13 ਲੋਕਾਂ ਦੇ ਪਰਿਵਾਰਾਂ ਨੂੰ ਇਸ ਬਾਰੇ ਦੱਸ ਦਿੱਤਾ ਹੈ। ਇਸ ਤੋਂ ਪਹਿਲਾਂ ਅਰੁਣਾਚਲ ਪ੍ਰਦੇਸ਼ ਵਿੱਚ ਹਵਾਈ ਫ਼ੌਜ ਦੇ ਦੁਰਘਟਨਾ ਗ੍ਰਸਤ ਏ ਐੱਨ-32 ਜਹਾਜ਼ ਦੇ ਮਲਬੇ ਤਕ ਜਾਣਾ ਬਚਾਅ ਦਲ ਲਈ ਮੁਸ਼ਕਲ ਸਾਬਿਤ ਹੋ ਰਿਹਾ ਸੀ। ਬੁੱਧਵਾਰ 15 ਮੈਂਬਰੀ ਬਚਾਅ ਦਲ ਨੇ ਦੁਰਘਟਨਾ ਸਥਾਨ ਤਕ ਜਾਣ ਦੀ ਕੋਸ਼ਿਸ਼ ਕੀਤੀ, ਪਰ ਸੰਘਣੇ ਜੰਗਲ ਤੇ ਬੇਹੱਦ ਖ਼ਰਾਬ ਮੌਸਮ ਕਾਰਨ ਸਫ਼ਲ ਨਹੀਂ ਹੋ ਸਕਿਆ। ਇਸ ਲਈ ਬਚਾਅ ਦਲ ਨੂੰ ਏਅਰ ਲਿਫਟ ਕਰਕੇ ਦੁਰਘਟਨਾ ਸਥਾਨ ਦੇ ਕਰੀਬ ਕੈਂਪ ਤਕ ਪੁਚਾਇਆ ਗਿਆ ਸੀ। ਏ ਐੱਨ-32 ਜਹਾਜ਼ 3 ਜੂਨ ਨੂੰ ਲਾਪਤਾ ਹੋ ਗਿਆ ਸੀ ਅਤੇ ਉਸ ਦਾ ਮਲਬਾ 11 ਜੂਨ ਨੂੰ ਮਿਲਿਆ ਸੀ।



ਦੁਰਘਟਨਾਗ੍ਰਸਤ ਹੋਏ ਏ ਐੱਨ-32 ਜਹਾਜ਼ ਦਾ ਮਲਬਾ



ਮੌਕੇ ਉਤੇ ਮ੍ਰਿਤਕ ਮਿਲੇ ਏਅਰਫੋਰਸ ਦੇ ਅਫਸਰ।

ਹਾਦਸਾ ਗ੍ਰਸਤ ਹੋਏ ਭਾਰਤੀ ਹਵਾਈ ਫ਼ੌਜ ਦੇ ਇਸ ਜਹਾਜ਼ ਵਿਚ ਸਮਾਣਾ ਦਾ ਮੋਹਿਤ ਕੁਮਾਰ ਵੀ ਸੀ। ਮੋਹਿਤ ਦੀ ਕਰੀਬ ਤੇਰਾਂ ਸਾਲ ਪਹਿਲਾਂ ਐੱਨ ਡੀ ਏ ਵਿੱਚ ਚੋਣ ਹੋਈ ਸੀ ਜਿਸ ਪਿੱਛੋਂ ਉਹ ਹਵਾਈ ਫ਼ੌਜ ਵਿਚ ਫਲਾਇੰਗ ਲੈਫਟੀਨੈਂਟ ਦੀ ਸੇਵਾ ਨਿਭਾ ਰਿਹਾ ਸੀ। ਮੋਹਿਤ ਦਾ ਵਿਆਹ ਕਰੀਬ ਇਕ ਸਾਲ ਪਹਿਲਾਂ ਜਲੰਧਰ ਵਾਸੀ ਆਸਥਾ ਨਾਂ ਦੀ ਲੜਕੀ ਨਾਲ ਹੋਇਆ ਸੀ, ਜੋ ਇਸ ਸਮੇਂ ਅਸਾਮ ਵਿੱਚ ਹੀ ਇਕ ਬੈਂਕ ਵਿਚ ਨੌਕਰੀ ਕਰ ਰਹੀ ਹੈ।

## ਆਰਥਿਕ ਸਲਾਹਕਾਰ ਕੌਂਸਲ ਨੇ ਸੁਬਰਾਮਨੀਅਮ ਦੇ ਦਾਅਵੇ ਰੱਦ ਕੀਤੇ

ਨਵੀਂ ਦਿੱਲੀ, 13 ਜੂਨ (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਦੀ ਆਰਥਿਕ ਸਲਾਹਕਾਰ ਕੌਂਸਲ ਨੇ ਸਾਬਕਾ ਮੁੱਖ ਆਰਥਿਕ ਸਲਾਹਕਾਰ ਅਰਵਿੰਦ ਸੁਬਰਾਮਨੀਅਮ ਦੇ ਉਨ੍ਹਾਂ ਦਾਅਵਿਆਂ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਹੈ, ਜਿਨ੍ਹਾਂ ਵਿੱਚ ਕਿਹਾ ਗਿਆ ਸੀ ਕਿ ਭਾਰਤ ਦੇ ਕੁੱਲ ਘਰੇਲੂ ਉਤਪਾਦਨ ਨੂੰ ਅੰਕਣ ਲਈ ਗਲਤ ਵਿਧੀ ਅਪਣਾਈ ਗਈ ਹੈ ਅਤੇ ਇਸ ਦੇ ਕਾਰਨ ਸਾਲ 2011-12 ਅਤੇ 2016-17 ਦੌਰਾਨ ਕਰੀਬ 2.5 ਫੀਸਦੀ ਆਰਥਿਕ ਵਿਕਾਸ ਦਰ ਵੱਧ ਅੰਕੀ ਗਈ ਹੈ। ਆਰਥਿਕ ਕੌਂਸਲ ਨੇ ਕਿਹਾ ਹੈ ਕਿ ਸੁਬਰਾਮਨੀਅਮ ਨੂੰ ਅਜੇ ਤੱਕ ਆਪਣੇ ਅੰਕੜਿਆਂ ਬਾਰੇ ਹੀ ਯਕੀਨ ਨਹੀਂ ਹੈ।

ਇਸ ਸੰਬੰਧ ਵਿੱਚ ਪ੍ਰਧਾਨ ਮੰਤਰੀ ਦੀ ਆਰਥਿਕ ਸਲਾਹਕਾਰ ਕੌਂਸਲ ਨੇ ਸੁਬਰਮਨੀਅਮ ਦੇ ਦਾਅਵਿਆਂ ਦੇ ਇਕ-ਇਕ ਨੁਕਤੇ ਨੂੰ ਪੂਰੀ ਤਰ੍ਹਾਂ ਰੱਦ ਕਰਦਿਆਂ ਕਿਹਾ ਕਿ ਕਿਸੇ ਪ੍ਰਕਾਰ ਦੀ ਸਨਸਨੀ ਫੈਲਾਉਣ ਦੀ ਕੋਸ਼ਿਸ਼ ਕਰਨ ਤੋਂ ਪਹਿਲਾਂ ਕੁੱਲ ਘਰੇਲੂ ਉਤਪਾਦਨ ਦਰ ਬਾਰੇ ਵਿਆਪਕ ਚਰਚਾ ਹੋਣੀ ਚਾਹੀਦੀ ਹੈ। ਵਰਨਣ ਯੋਗ ਹੈ ਕਿ ਹਾਵਰਡ ਯੂਨੀਵਰਸਿਟੀ ਨੇ ਸੁਬਰਾਮਨੀਅਮ ਦੀ ਭਾਰਤ ਦੇ ਕੁੱਲ ਘਰੇਲੂ ਉਤਪਾਦਨ ਦੇ ਅੰਦਾਜ਼ਿਆਂ ਬਾਰੇ ਦਿੱਤੀ ਰਿਪੋਰਟ ਓਦੋਂ ਛਾਪੀ ਹੈ, ਜਦੋਂ ਦੇਸ਼ ਵਿੱਚ ਵੱਖ-ਵੱਖ ਤਿਮਾਹੀਆਂ ਦੇ ਸਰਕਾਰੀ ਅੰਕੜਿਆਂ ਬਾਰੇ ਚਿੰਤਾ ਦੇ ਪ੍ਰਗਟਾਵੇ ਕੀਤੇ ਜਾ ਰਹੇ ਹਨ। ਪ੍ਰਧਾਨ ਮੰਤਰੀ ਦੀ ਆਰਥਿਕ ਸਲਾਹਕਾਰ ਕੌਂਸਲ ਦੇ ਬਿਆਨ ਅਨੁਸਾਰ ਦੇਸ਼ ਦੇ ਆਰਥਿਕ ਮਾਹਰਾਂ ਦੀਆਂ ਕਈ ਕਮੇਟੀਆਂ ਦੀਆਂ ਸਿਫਾਰਸ਼ਾਂ ਦੇ ਆਧਾਰ ਉਤੇ ਭਾਰਤ ਦੀ ਆਮਦਨ ਅੰਕਣ ਦਾ ਆਧਾਰ ਸਾਲ 2011-12 ਤੈਅ ਕੀਤਾ ਗਿਆ ਹੈ। ਇਸ ਦੇ ਲਈ ਇਹ ਕਹਿਣਾ ਗਲਤ ਹੈ ਕਿ ਆਧਾਰ ਸਾਲ ਤੈਅ ਕਰਨ ਲਈ ਆਰਥਿਕ ਮਾਹਰਾਂ ਦੀਆਂ ਸਿਫਾਰਸ਼ਾਂ ਦੀ ਅਣਦੇਖੀ ਕੀਤੀ ਗਈ ਹੈ। ਜ਼ਿਕਰ ਯੋਗ ਹੈ ਕਿ ਇਸ ਤੋਂ ਪਹਿਲਾਂ ਕੁੱਲ ਘਰੇਲੂ ਉਤਪਾਦਨ ਦਰ ਅੰਕਣ ਲਈ ਆਧਾਰ ਸਾਲ 2004-05 ਸੀ।

## ਗੂਗਲ ਤੇ ਐਮਾਜ਼ੋਨ ਵਰਗੀਆਂ ਕੰਪਨੀਆਂ ਦਾ ਗਲਬਾ ਖ਼ਤਮ ਕਰਨ ਦੀ ਮੁਹਿੰਮ ਤੇਜ਼

ਨਵੀਂ ਦਿੱਲੀ, 13 ਜੂਨ (ਪੋਸਟ ਬਿਊਰੋ)- ਤੇਜ਼ੀ ਨਾਲ ਬਦਲਦੇ ਡਿਜੀਟਲ ਵਰਲਡ ਵਿੱਚ ਗੂਗਲ ਅਤੇ ਐਮਾਜ਼ੋਨ ਆਦਿ ਵੱਡੀਆਂ ਕੰਪਨੀਆਂ ਦੇ ਗਲਬੇ ਨਾਲ ਅਮਰੀਕਾ ਵਿੱਚ ਬੇਚੈਨੀ ਵਧਣ ਲੱਗੀ ਹੈ। ਬਾਜ਼ਾਰ ਨੂੰ ਬਚਾਉਣ ਤੇ ਮੁਕਾਬਲੇਬਾਜ਼ੀ ਨੂੰ ਬਣਾਈ ਰੱਖਣ ਲਈ ਇਨ੍ਹਾਂ ਕੰਪਨੀਆਂ ਦੇ ਦਬਦਬੇ ਨੂੰ ਖ਼ਤਮ ਕਰਨ ਦੀ ਮੁਹਿੰਮ ਤੇਜ਼ ਹੋਣ ਲੱਗੀ ਹੈ।




ਅਮਰੀਕੀ ਨਿਆਂ ਵਿਭਾਗ ਦੀ ਇੱਕ ਸ਼ਾਖਾ ਨੇ ਇਨ੍ਹਾਂ ਵੱਡੀਆਂ ਕੰਪਨੀਆਂ ਨੂੰ 'ਡਿਜੀਟਲ ਗੇਟਵੇਅ' ਦੱਸ ਕੇ ਇਨ੍ਹਾਂ ਦਾ ਗਲਬਾ ਖ਼ਤਮ ਕਰਨ ਦੀ ਵਕਾਲਤ ਕੀਤੀ ਹੈ। ਇਸ ਸੂਰਤ ਵਿੱਚ ਇਨ੍ਹਾਂ ਕੰਪਨੀਆਂ ਲਈ ਆਪਣੇ ਉਤਪਾਦ ਨੂੰ ਮੁਫ਼ਤ ਤੇ ਸਸਤਾ ਹੋਣ ਦੇ ਤਰਕ ਦੇ ਨਾਲ ਆਪਣੇ ਵਰਤਾਅ ਦਾ ਬਚਾਅ ਕਰਨਾ ਔਖਾ ਹੋ ਸਕਦਾ ਹੈ। ਸਰਕਾਰ ਦੀ ਇਸ ਸ਼ਾਖਾ ਦੇ ਮੁਖੀ ਤੇ ਸਹਾਇਕ ਅਟਾਰਨੀ ਜਨਰਲ ਮੇਕਨ ਡੇਲਰਹੀਮ ਨੇ ਕਿਹਾ ਕਿ ਇਸ ਸਮੇਂ ਸਭ ਤੋਂ ਵੱਡੀਆਂ ਤਕਨੀਕੀ ਕੰਪਨੀਆਂ ਖ਼ਿਲਾਫ਼ ਸੰਭਾਵਿਤ ਮੁਕਾਬਲੇਬਾਜ਼ੀ ਵਾਲੇ ਵਿਹਾਰ ਦੀ ਜਾਂਚ ਵਿੱਚ ਕਈ ਦਹਾਕੇ ਪਹਿਲਾਂ ਸਟੈਂਡਰਡ ਆਇਲ ਤੇ ਏ ਟੀ ਐਂਡ ਟੀ ਵਰਗੀਆਂ ਕੰਪਨੀਆਂ ਦੇ ਖ਼ਿਲਾਫ਼ ਹੋਈ ਇਨਫੋਰਸਮੈਂਟ ਕਾਰਵਾਈ ਦੇ ਅਧਿਐਨ ਤੋਂ ਮਦਦ ਮਿਲੇਗੀ। ਉਨ੍ਹਾਂ ਕਿਹਾ ਕਿ ਮੌਜੂਦਾ ਹਾਲਾਤ ਤੋਂ ਲੱਗਦਾ ਹੈ ਕਿ ਇੰਟਰਨੈੱਟ ਸਰਚ, ਸੋਸ਼ਲ ਨੈੱਟਵਰਕ, ਮੋਬਾਈਲ ਤੇ ਡੈਸਕਟਾਪ ਆਪ੍ਰੇਟਿੰਗ ਸਿਸਟਮ ਤੇ ਇਲੈਕਟ੍ਰਾਨਿਕ ਬੁਕ ਸੇਲਸ ਸਮੇਤ ਅਹਿਮ ਡਿਜੀਟਲ ਖੇਤਰ ਵਿੱਚ ਇਕ ਜਾਂ ਦੋ ਖਿਡਾਰੀ ਹਨ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਅੱਜ ਏਨੀਆਂ ਵੱਡੀਆਂ ਤਕਨੀਕੀ ਕੰਪਨੀਆਂ ਦਾ ਬਾਜ਼ਾਰ ਉੱਤੇ ਗਲਬਾ ਹੈ, ਕਦੇ ਸਟੈਂਡਰਡ ਆਇਲ ਦੀ ਸਥਿਤੀ ਵੀ ਇਹੋ ਹੁੰਦੀ ਸੀ। ਜਦੋਂ ਤਕਨੀਕ ਖੇਤਰ ਵਿੱਚ ਤੇਜ਼ੀ ਨਾਲ ਬਦਲਾਅ ਹੋ ਰਿਹਾ ਸੀ, ਸਟੈਂਡਰਡ ਆਇਲ ਨੇ ਤਕਨੀਕ ਦੇ ਬਲ ਉੱਤੇ ਬਾਜ਼ਾਰ ਉੱਤੇ ਗਲਬਾ ਜਮਾ ਲਿਆ ਸੀ। ਉਸ ਸਮੇਂ ਵੀ ਖਪਤਕਾਰਾਂ ਨੂੰ ਘੱਟ ਕੀਮਤ ਦਾ ਲਾਹਾ ਮਿਲਦਾ ਸੀ।

## ਸਾਧਵੀ ਪ੍ਰਗਿਆ ਨੂੰ ਬਰੀ ਕਰਨ ਦੀ ਪਟੀਸ਼ਨ ਉਤੇ 29 ਜੁਲਾਈ ਨੂੰ ਸੁਣਵਾਈ

ਨਵੀਂ ਦਿੱਲੀ, 13 ਜੂਨ (ਪੋਸਟ ਬਿਊਰੋ)- 2008 ਦੇ ਮਾਲੇਗਾਓਂ ਧਮਾਕਾ ਕੇਸ ਤੋਂ ਸਾਧਵੀ ਪ੍ਰਗਿਆ ਸਿੰਘ ਠਾਕੁਰ ਤੇ ਦੋ ਹੋਰ ਮੁਲਜ਼ਮਾਂ ਨੂੰ ਬਰੀ ਕਰਨ ਦੀ ਪਟੀਸ਼ਨ 'ਤੇ ਬੰਬੇ ਹਾਈ ਕੋਰਟ 29 ਜੁਲਾਈ ਨੂੰ ਆਖਰੀ ਸੁਣਵਾਈ ਕਰੇਗਾ। ਸਾਧਵੀ ਪ੍ਰਗਿਆ ਦੇ ਇਲਾਵਾ ਲੈਫਟੀਨੈਂਟ ਕਰਨਲ ਸ੍ਰੀਕਾਂਤ ਪੁਰੋਹਿਤ ਅਤੇ ਸਮੀਰ ਕੁਲਕਰਨੀ ਨੇ ਵੀ ਇਸ ਮਾਮਲੇ ਤੋਂ ਬਰੀ ਕੀਤੇ ਜਾਣ ਲਈ ਪਟੀਸ਼ਨ ਦਾਖਲ ਕੀਤੀ ਹੋਈ ਹੈ।



ਵਰਨਣ ਯੋਗ ਹੈ ਕਿ ਇਸ ਮਾਮਲੇ ਵਿੱਚ ਮੁਲਜ਼ਮਾਂ ਉੱਤੇ ਗੈਰ ਕਾਨੂੰਨੀ ਸਰਗਰਮੀਆਂ ਰੋਕਥਾਮ ਐਕਟ (ਯੂ ਏ ਪੀ ਏ) ਅਤੇ ਆਈ ਪੀ ਸੀ ਦੀਆਂ ਵੱਖ-ਵੱਖ ਧਾਰਾਵਾਂ ਦੇ ਦੋਸ਼ ਲਗਾਏ ਗਏ ਹਨ। ਇਨ੍ਹਾਂ ਵਿੱਚ ਯੂ ਏ ਪੀ ਏ ਦੀ ਧਾਰਾ 16 (ਅੱਤਵਾਦੀ ਸਰਗਰਮੀਆਂ ਕਰਨਾ) ਅਤੇ ਧਾਰਾ 18 (ਅੱਤਵਾਦੀ ਸਰਗਰਮੀਆਂ ਦੀ ਸਾਜ਼ਿਸ਼ ਰਚਨਾ) ਅਤੇ ਆਈ ਪੀ ਸੀ ਦੀ ਧਾਰਾ 120 ਬੀ (ਅਪਰਾਧਕ ਸਾਜ਼ਿਸ਼), 302 (ਹੱਤਿਆ), 307 (ਹੱਤਿਆ ਦੀ ਕੋਸ਼ਿਸ਼), 324 (ਜਾਣਬੁੱਝ ਕੇ ਜ਼ਖਮੀ ਕਰਨਾ) ਅਤੇ 153 ਏ (ਦੋ ਧਾਰਮਿਕ ਵਰਗਾਂ ਵਿਚਾਲੇ ਨਫਰਤ ਨੂੰ ਬੜ੍ਹਾਵਾਂ ਦੇਣਾ) ਦੇ ਇਲਾਵਾ ਵਿਸਫੋਟਕ ਪਦਾਰਥ ਐਕਟ ਦੀਆਂ ਵੱਖ-ਵੱਖ ਧਾਰਾਵਾਂ ਦੇ ਦੋਸ਼ ਸ਼ਾਮਲ ਹਨ। 29 ਸਤੰਬਰ 2008 ਨੂੰ ਮਹਾਰਾਸ਼ਟਰ ਦੇ ਮਾਲੇਗਾਓਂ ਸ਼ਹਿਰ 'ਚ ਇਕ ਮੋਟਰ ਸਾਈਕਲ ਵਿੱਚ ਲੁਕਾ ਕੇ ਰੱਖੇ ਗਏ ਬੰਬ 'ਚ ਵਿਸਫੋਟਕ ਨਾਲ ਛੇ ਲੋਕਾਂ ਦੀ ਮੌਤ ਹੋ ਗਈ ਸੀ, ਜਦ ਕਿ ਦਰਜਨ ਹੋਰ ਲੋਕ ਜ਼ਖਮੀ ਹੋ ਗਏ ਸਨ। ਇਹ ਕੇਸ ਉਸ ਨਾਲ ਸੰਬੰਧਤ ਹੈ।

## ਜਨ ਗਣ ਮਨ ਦਾ ਗਾਨ ਵਿਚਾਲੇ ਰੋਕ ਕੇ ਵੰਦੇ ਮਾਤਰਮ ਗਾਉਣ ਤੋਂ ਹੰਗਾਮਾ

ਇੰਦੌਰ, 13 ਜੂਨ (ਪੋਸਟ ਬਿਊਰੋ)- ਇੰਦੌਰ ਨਗਰ ਨਿਗਮ ਦੇ ਬਜਟ ਸੰਮੇਲਨ ਦੌਰਾਨ ਕੁਝ ਲੋਕਾਂ ਦੀ ਗਲਤੀ ਨਾਲ ਕੱਲ੍ਹ ਹੰਗਾਮਾ ਹੋ ਗਿਆ, ਜਦ ਰਾਸ਼ਟਰ-ਗਾਨ ਜਨ ਗਣ ਮਨ ਦਾ ਗਾਇਣ ਵਿਚਾਲੇ ਰੋਕ ਕੇ ਰਾਸ਼ਟਰੀ ਗੀਤ ਵੰਦੇ ਮਾਤਰਮ ਸ਼ੁਰੂ ਕਰ ਦਿੱਤਾ। ਇਸ ਦਾ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੈ, ਜਿਸ ਵਿੱਚ ਮੇਅਰ ਅਤੇ ਸਥਾਨਕ ਭਾਜਪਾ ਵਿਧਾਇਕ ਮਾਲਿਨੀ ਲਛਮਣ ਸਿੰਘ ਗੌੜ ਵੀ ਦਿਖਾਈ ਦੇ ਰਹੀ ਹੈ। ਇੰਦੌਰ ਨਗਰ ਨਿਗਮ ਉਤੇ ਭਾਜਪਾ ਦਾ ਕਬਜ਼ਾ ਹੈ।

ਚਸ਼ਮਦੀਦ ਸੂਤਰਾਂ ਨੇ ਦੱਸਿਆ ਕਿ ਨਗਰ ਨਿਗਮ ਦੇ ਬਜਟ ਸੰਮੇਲਨ ਦੀ ਸ਼ੁਰੂਆਤ ਦੌਰਾਨ ਕੌਂਸਲਰਾਂ ਅਤੇ ਹੋਰਨਾਂ ਲੋਕਾਂ ਨੇ ਰਾਸ਼ਟਰ ਗਾਨ ਜਨ ਗਣ ਮਨ ਗਾਉਣਾ ਸ਼ੁਰੂ ਕਰ ਦਿੱਤਾ। ਪਰ ਗਲਤੀ ਦਾ ਅਹਿਸਾਸ ਹੁੰਦੇ ਸਾਰ ਵਿਚ ਹੀ ਅਚਾਨਕ ਵੰਦੇ ਮਾਤਰਮ ਗਾਨ ਸ਼ੁਰੂ ਕਰ ਦਿੱਤਾ ਗਿਆ।

## ਭਾਰਤ ਵਿੱਚ ਜਾਪਾਨ 13000 ਕਰੋੜ ਰੁਪਏ ਦਾ ਨਿਵੇਸ਼ ਕਰੇਗਾ

ਜੰਮੂ, 13 ਜੂਨ (ਪੋਸਟ ਬਿਊਰੋ)- ਭਾਰਤ ਦੇ ਉਤਰ ਪੂਰਬੀ ਖੇਤਰ ਦੇ ਵੱਖ-ਵੱਖ ਰਾਜਾਂ ਵਿੱਚ ਚੱਲਦੀਆਂ ਕਈ ਯੋਜਨਾਵਾਂ 'ਤੇ ਜਾਪਾਨ ਸਰਕਾਰ ਨੇ 205.784 ਬਿਲੀਅਨ ਯੇਨ (ਮਤਲਬ 13,000 ਕਰੋੜ ਰੁਪਏ) ਦਾ ਨਿਵੇਸ਼ ਕਰਨ ਦਾ ਫੈਸਲਾ ਕੀਤਾ ਹੈ। ਇਸ ਦਾ ਖੁਲਾਸਾ ਕੱਲ੍ਹ ਇਥੇ ਪੂਰਬ ਉਤਰ ਰਾਜ ਮੰਤਰੀ ਡਾ. ਜਤਿੰਦਰ ਸਿੰਘ ਨੇ ਰਾਜਦੂਤ ਕੇਨਜੀ ਹੀਰਾਮਤਸੂ ਦੀ ਅਗਵਾਈ ਵਿੱਚ ਜਾਪਾਨੀ ਪ੍ਰਤੀਨਿਧ ਮੰਡਲ ਦੇ ਨਾਲ



ਇਕ ਬੈਠਕ ਦੇ ਬਾਅਦ ਕੀਤਾ।

ਡਾ: ਜਤਿੰਦਰ ਸਿੰਘ ਦੇ ਮੁਤਾਬਕ ਅਸਾਮ ਵਿੱਚ ਗੁਹਾਟੀ ਜਲ ਸਪਲਾਈ ਯੋਜਨਾ ਅਤੇ ਗੁਹਾਟੀ ਸੀਵਰੇਜ ਯੋਜਨਾ, ਪੂਰਬ ਉਤਰ ਸੜਕ ਨੈਟਵਰਕ ਕਨੈਕਟਿਵਿਟੀ ਸੁਧਾਰ ਯੋਜਨਾ ਅਸਮ ਅਤੇ ਮੇਘਾਲਿਆ ਵਿੱਚ ਪੂਰਬ ਉਤਰ ਨੈਟਵਰਕ ਕਨੈਕਟਿਵਿਟੀ ਸੁਧਾਰ ਯੋਜਨਾ, ਜੈਵ ਵਿਵਿਧਤਾ ਸਰਪ੍ਰਸਤ ਅਤੇ ਵਣ ਪ੍ਰਬੰਧ ਯੋਜਨਾ, ਤ੍ਰਿਪੁਰਾ ਵਿੱਚ ਵਣ ਪ੍ਰਬੰਧ ਯੋਜਨਾ, ਮਿਜ਼ੋਰਮ ਵਿੱਚ ਖੇਤੀ ਤੇ ਸਿੰਚਾਈ ਲਈ ਤਕਨੀਕੀ ਸਹਿਯੋਗ ਯੋਜਨਾ, ਨਾਗਾਲੈਂਡ ਵਿੱਚ ਵਣ ਪ੍ਰਬੰਧ ਯੋਜਨਾ ਆਦਿ ਕੁਝ ਮਹੱਤਵ ਪੂਰਨ ਯੋਜਨਾਵਾਂ ਹਨ, ਜਿਨ੍ਹਾਂ ਵਿੱਚ ਜਾਪਾਨ ਮਦਦ ਕਰੇਗਾ। ਡਾ. ਜਤਿੰਦਰ ਸਿੰਘ ਨੇ ਪਿਛਲੇ 3-4 ਸਾਲਾਂ ਵਿੱਚ ਪੂਰਬ ਉਤਰ ਖੇਤਰ ਦੇ ਵਿਕਾਸ ਤੇ ਪਰਿਵਰਤਨ ਲਈ ਜਾਪਾਨੀ ਯੋਗਦਾਨ ਦੀ ਪ੍ਰਸੰਸਾ ਕੀਤੀ। ਰਾਜਦੂਤ ਨੇ ਡਾ. ਜਤਿੰਦਰ ਸਿੰਘ ਦੇ ਨਾਲ ਵੀ ਕੰਮ ਕੀਤਾ ਹੈ, ਜੋ ਪੁਲਾੜ ਦੇ ਇੰਚਾਰਜ ਮੰਤਰੀ ਵੀ ਰਹੇ ਹਨ। ਰਾਜਦੂਤ ਨੇ ਭਾਰਤ ਦੇ ਇਸਰੋ ਪੁਲਾੜ ਮੁਹਿੰਮਾਂ ਦੇ ਨਾਲ ਜਾਪਾਨੀ ਸਹਿਯੋਗ ਦੀਆਂ ਸੰਭਾਵਨਾਵਾਂ ਪ੍ਰਗਟਾਈਆਂ। ਰਾਜਦੂਤ ਨੇ ਚੰਦਰਮਾ ਲਈ ਭਾਰਤ ਦੇ ਚੰਦਰ ਮਿਸ਼ਨਾਂ ਵਿੱਚ ਵਿਸ਼ੇਸ਼ ਰੁਚੀ ਦਿਖਾਈ।

## ਪ੍ਰੇਮੀ ਜੋੜੇ ਨੇ ਫ਼ਿਲਮੀ ਸਟਾਈਲ ਵਿੱਚ ਇਕ-ਦੂਜੇ ਨੂੰ ਗੋਲੀ ਮਾਰੀ

ਬਾੜਮੇਰ, 13 ਜੂਨ (ਪੋਸਟ ਬਿਊਰੋ)- ਰਾਜਸਥਾਨ ਦੇ ਬਾੜਮੇਰ ਜ਼ਿਲ੍ਹੇ ਦੇ ਚੌਹਟਨ ਥਾਣਾ ਖੇਤਰ ਵਿੱਚ ਹੈਰਾਨੀ ਵਾਲੀ ਘਟਨਾ ਸਾਹਮਣੇ ਆਈ ਹੈ। ਓਥੇ ਇਕ ਪ੍ਰੇਮੀ ਜੋੜੇ ਨੇ ਫ਼ਿਲਮੀ ਸਟਾਈਲ ਵਿੱਚ ਇਕ-ਦੂਜੇ ਨੂੰ ਗੋਲੀ ਮਾਰ ਕੇ ਖ਼ੁਦਕੁਸ਼ੀ ਕਰ ਲਈ ਹੈ। ਇਨ੍ਹਾਂ ਦੀ ਪਛਾਣ ਸ਼ੰਕਰ ਜਾਟ ਅਤੇ ਅੰਜੂ ਸੁਥਾਰ (ਦੋਹਾਂ ਦੀ ਉਮਰ 21 ਸਾਲ) ਵਜੋਂ ਹੋਈ ਹੈ। ਦੋਹਾਂ ਨੇ ਦੇਸੀ ਕੱਟੇ ਨਾਲ ਖ਼ੁਦਕੁਸ਼ੀ ਕਰਨ ਤੋਂ ਪਹਿਲਾਂ ਮੋਬਾਈਲ ਨਾਲ ਕਈ ਤਸਵੀਰਾਂ ਵੀ ਲਈਆਂ, ਜੋ ਘਟਨਾ ਤੋਂ ਬਾਅਦ ਸੋਸ਼ਲ ਮੀਡੀਆ ਵਿੱਚ ਵਾਇਰਲ ਹੋ ਰਹੀਆਂ ਹਨ ਅਤੇ ਲੋਕ ਵੱਖ-ਵੱਖ ਟਿਪਣੀ ਕਰ ਰਹੇ ਹਨ।

ਮਿਲੀ ਜਾਣਕਾਰੀ ਮੁਤਾਬਕ ਦੋਹਾਂ ਦਾ ਪਿਛਲੇ ਕੁਝ ਸਮੇਂ ਤੋਂ ਪ੍ਰੇਮ-ਪ੍ਰਸੰਗ ਚੱਲ ਰਿਹਾ ਸੀ। ਅੰਜੂ ਦਾ ਵਿਆਹ ਡੇਢ ਮਹੀਨਾ ਪਹਿਲਾਂ ਹੋਇਆ ਸੀ। ਬੁਧਵਾਰ ਦੇਰ ਰਾਤ ਦੋਵੇਂ ਆਪਣੇ ਘਰਾਂ ਤੋਂ ਗ਼ਾਇਬ ਹੋ ਗਏ ਸਨ। ਇਸ ਪਿੱਛੋਂ ਵੀਰਵਾਰ ਸਵੇਰੇ ਇਨ੍ਹਾਂ ਦੀਆਂ ਲਾਸ਼ਾਂ ਚੌਹਟਨ ਥਾਣਾ ਖੇਤਰ ਦੇ ਲੀਲਸਰ ਪਿੰਡ ਦੀ ਸਰਹੱਦ ਕੋਲ ਮਿਲੀਆਂ। ਪੁਲਿਸ ਦੀ ਮੁੱਢਲੀ ਜਾਂਚ ਵਿੱਚ ਪਤਾ ਲੱਗਾ ਹੈ ਕਿ ਲੜਕੀ ਦਾ ਵਿਆਹ ਕਿਸੇ ਹੋਰ ਨਾਲ ਹੋਣ ਕਾਰਨ ਦੋਵੇਂ ਪ੍ਰੇਸ਼ਾਨ ਸਨ ਤੇ ਦੋਹਾਂ ਨੇ ਖ਼ੁਦਕੁਸ਼ੀ ਕਰਨ ਦਾ ਰਸਤਾ ਚੁਣ ਲਿਆ। ਵੀਰਵਾਰ ਸਵੇਰੇ 4 ਵਜੇ ਦੋਹਾਂ ਨੇ ਕਨਪਟੀ ਉੱਤੇ ਬੰਦੂਕ ਲਾ ਕਿ ਤਸਵੀਰਾਂ ਅਤੇ ਆਡੀਓ ਸੋਸ਼ਲ ਮੀਡੀਆ ਉੱਤੇ ਵਾਇਰਲ ਕੀਤੇ ਅਤੇ ਖ਼ੁਦਕੁਸ਼ੀ ਕਰ ਲਈ ਸੀ।

## ਫੇਸਬੁਕ ਨੇ ਤਿੰਨ ਮਹੀਨੇ ਵਿੱਚ ਦੋ ਅਰਬ ਤੋਂ ਵੱਧ ਫਰਜ਼ੀ ਖਾਤੇ ਡਿਲੀਟ ਕੀਤੇ

ਨਵੀਂ ਦਿੱਲੀ, 13 ਜੂਨ (ਪੋਸਟ ਬਿਊਰੋ)- ਸੋਸ਼ਲ ਮੀਡੀਆ ਵਿੱਚ ਜੋ ਦਿਖਾਈ ਦਿੰਦਾ ਹੈ, ਉਹ ਅਸਲ ਵਿੱਚ ਅਜਿਹਾ ਨਹੀਂ ਹੈ। ਇਸ ਦੀ ਹਕੀਕਤ ਹੋਰ ਹੈ। ਸੋਸ਼ਲ ਮੀਡੀਆ ਪਲੇਟਫਾਰਮ ਫੇਸਬੁਕ ਨੇ 2 ਅਰਬ ਤੋਂ ਵੱਧ ਫਰਜ਼ੀ ਖਾਤੇ ਡਿਲੀਟ ਕੀਤੇ ਹਨ, ਉਹ ਵੀ ਤਿੰਨ ਮਹੀਨੇ ਦੇ ਅੰਦਰ। ਇਹ ਅੰਕੜੇ ਹੈਰਾਨ ਕਰ ਸਕਦੇ ਹਨ, ਪ੍ਰੰਤੂ ਸੋਸ਼ਲ ਮੀਡੀਆ ਦੀ ਸੱਚਾਈ ਕੁਝ ਅਜਿਹੀ ਹੀ ਹੈ। ਤਾਜ਼ਾ ਰਿਪੋਰਟਾਂ ਤੋਂ ਪਤਾ ਲੱਗਾ ਹੈ ਕਿ ਸੋਸ਼ਲ ਮੀਡੀਆ ਕੰਪਨੀਆਂ ਨੂੰ ਫਰਜ਼ੀ ਅਤੇ ਭਰਮਾਊ ਕੰਟੈਂਟ ਨਾਲ ਨਿਬੜਨ ਵਿੱਚ ਕਾਫੀ ਖੇਚਲ ਕਰਨੀ ਪੈ ਰਹੀ ਹੈ।

ਪਤਾ ਲੱਗਾ ਹੈ ਕਿ ਇਸ ਸਾਲ ਦੇ ਪਹਿਲੇ ਤਿੰਨ ਮਹੀਨਿਆਂ ਵਿੱਚ ਫੇਸਬੁਕ ਨੇ 2.2 ਅਰਬ ਫਰਜ਼ੀ ਅਕਾਊਂਟਸ ਨੂੰ ਡਿਲੀਟ ਕੀਤਾ ਹੈ। ਪਿਛਲੇ ਸਾਲ ਦੇ ਏਨੇ ਸਮੇਂ ਦੇ ਮੁਕਾਬਲੇ ਡਿਲੀਟ ਕੀਤੇ ਫਰਜ਼ੀ ਅਕਾਊਂਟਾਂ ਦੀ ਗਿਣਤੀ ਤਿੰਨ ਗੁਣਾ ਤੋਂ ਵੱਧ ਹੈ। ਇਨ੍ਹਾਂ ਦੋ ਮਿਆਦਾਂ ਦੌਰਾਨ ਮੰਥਲੀ ਐਕਟਿਵ ਯੂਜ਼ਰ ਬੇਸ ਅੱਠ ਫੀਸਦੀ ਵਧਿਆ ਹੈ। ਫੇਸਬੁਕ ਨੇ ਸਾਲ 2018 ਦੇ ਪਹਿਲੇ ਤਿੰਨ ਮਹੀਨੇ ਵਿੱਚ 58.3 ਕਰੋੜ ਫਰਜ਼ੀ ਖਾਤੇ ਡਿਲੀਟ ਕੀਤੇ ਸਨ, ਜੋ 2019 ਦੇ ਪਹਿਲੇ ਤਿੰਨ ਮਹੀਨਿਆਂ ਤੋਂ ਵਧ ਕੇ 2.2 ਅਰਬ ਹੋ ਗਏ। ਫੇਸਬੁਕ ਦਾ ਕਹਿਣਾ ਹੈ ਕਿ ਜ਼ਿਆਦਾ ਫਰਜ਼ੀ ਅਕਾਊਂਟਸ ਨੂੰ ਰਜਿਸਟਰੇਸ਼ਨ ਦੇ ਕੁਝ ਮਿੰਟਾਂ ਵਿੱਚ ਫੜ ਲਿਆ ਗਿਆ। 2018 ਵਿੱਚ ਕੈਂਬਰਿਜ ਐਨਾਲਿਟੀਕਾ ਸਕੈਂਡਲ ਸਾਹਮਣੇ ਆਉਣ ਨਾਲ ਫੇਸਬੁਕ ਦੀ ਸਾਖ ਨੂੰ ਝਟਕਾ ਲੱਗਾ ਸੀ। ਇਸ ਸਕੈਂਡਲ ਵਿੱਚ ਪੰਜ ਕਰੋੜ ਲੋਕਾਂ ਦੇ ਲਾਗਿਨ ਵਿੱਚ ਸੰਨ੍ਹਮਾਰੀ ਦੀ ਗੱਲ ਸਾਹਮਣੇ ਆਈ ਸੀ।



ਫੇਸਬੁਕ 'ਤੇ ਹਾਲੇ ਵੀ 11.0 ਕਰੋੜ ਫਰਜ਼ੀ ਅਕਾਊਂਟਸ ਹਨ। ਫੇਸਬੁਕ ਦਾ ਮੁਲਾਂਕਣ ਹੈ ਕਿ ਅਜਿਹੇ ਅਕਾਊਂਟਸ ਦੀ ਗਿਣਤੀ ਉਸ ਦੇ ਵਰਲਡ ਵਾਈਡ ਮੰਥਲੀ ਐਕਟਿਵ ਯੂਜ਼ਰਸ ਦਾ ਕਰੀਬ ਪੰਜ ਫੀਸਦੀ ਹੈ। ਹਾਲੀਆ ਅੰਕੜਿਆਂ ਦੇ ਮੁਤਾਬਕ ਦੁਨੀਆ ਭਰ ਵਿੱਚ ਫੇਸਬੁਕ ਦੇ ਮੰਥਲੀ ਐਕਟਿਵ ਯੂਜਰਸ ਦੀ ਗਿਣਤੀ 2.38 ਅਰਬ ਪਹੁੰਚ ਗਈ ਹੈ। ਪਿਛਲੇ ਸਾਲ ਦੀ ਪਹਿਲੀ ਤਿਮਾਹੀ ਵਿੱਚ ਫੇਸਬੁਕ ਦੇ ਮੰਥਲੀ ਐਕਟਿਵ ਯੂਜਰਸ ਦੀ ਗਿਣਤੀ 2.1 ਅਰਬ ਸੀ।

NEED A LAWYER ??
Red Seal NOTARY
KAUR LAW OFFICE



MANJEET KAUR
L.L.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

UPPAL LAW
FREE CONSULTATION !
Avtar Uppal Manager
Aman Uppal BARRISTER, SOLICITOR

IMMIGRATION SERVICES :
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)

OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)

Prices are subject to Taxes, do not include Government fees and service by appointment only.
Offer valid until 9/30/201

Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6

# ਮਾਊਂਟ ਐਵਰੈਸਟ ਫਤਹਿ ਦਾ ਹਰਿਆਣਵੀ ਟੀਮ ਦਾ ਦਾਅਵਾ ਝੂਠ

ਕਾਠਮੰਡੂ, 13 ਜੂਨ (ਪੋਸਟ ਬਿਊਰੋ)- ਨੇਪਾਲ ਸਰਕਾਰ ਨੇ ਤਿੰਨ ਭਾਰਤੀ ਪਰਬਤਾਰੋਹੀਆਂ ਦੇ ਖਿਲਾਫ ਜਾਂਚ ਸ਼ੁਰ ਕਰ ਦਿੱਤੀ ਹੈ ਜਿਨ੍ਹਾਂ ਨੇ 26 ਮਈ ਨੂੰ ਮਾਊਂਟ ਐਵਰੈਸਟ ਨੂੰ ਫਤਹਿ ਕਰਨ ਦਾ ਫਰਜ਼ੀ ਦਾਅਵਾ ਕੀਤਾ ਸੀ।

ਮਿਲੀ ਜਾਣਕਾਰੀ ਅਨੁਸਾਰ ਨੇਪਾਲ ਸਰਕਾਰ ਨੇ ਕਿਹਾ ਕਿ ਵਿਕਾਸ ਰਾਣਾ, ਸ਼ੋਭਾ ਬਨਵਾਲਾ ਅਤੇ ਅੰਕੁਸ਼ ਕਸਾਨਾ ਤਿੰਨੇ ਭਾਰਤ ਦੇ ਹਰਿਆਣਾ ਦੇ ਵਾਸੀ ਹਨ ਤੇ ਆਪਣੇ ਘਰ ਮੁੜਨ 'ਤੇ ਇਨ੍ਹਾਂ ਦਾ ਸ਼ਾਨਦਾਰ ਸਵਾਗਤ ਹੋਇਆ ਸੀ। ਤਿੰਨਾਂ ਨੂੰ ਮਾਊਂਟ ਐਵਰੈਸਟ ਦੀ ਚੋਟੀ 'ਤੇ ਪਹੁੰਚਣ ਦੇ ਡਾਕੂਮੈਂਟਰੀ ਪਰੂਫ ਜਮ੍ਹਾ ਕਰਾਉਣ ਲਈ ਕਿਹਾ ਗਿਆ ਹੈ। ਇਸ ਸੰਬੰਧ ਵਿੱਚ ਨੇਪਾਲ ਦੇ ਇੱਕ ਅਖਬਾਰ ਨੇ ਦਾਅਵਾ ਕੀਤਾ ਸੀ ਕਿ ਇਹ ਤਿੰਨੇ ਠਹਿਰਾਅ ਕੈਂਪ ਤੱਕ ਵੀ ਨਹੀਂ ਗਏ, ਜੋ ਚੋਟੀ ਉਤੇ ਪਹੁੰਚਣ ਤੋਂ 1300 ਮੀਟਰ ਹੇਠਾਂ ਹੈ ਅਤੇ ਇਹ ਰੈਸਟ ਸਟਾਪ ਹੈ। ਅਖਬਾਰ ਨੇ ਕਈ ਤਰਕਾਂ ਦੇ ਆਧਾਰ ਉੱਤੇ ਆਪਣੇ ਦਾਅਵੇ ਪੇਸ਼ ਕੀਤੇ ਹਨ। ਇਨ੍ਹਾਂ ਵਿੱਚੋਂ ਕਿਸੇ ਨੇ ਵੀ ਚੋਟੀ 'ਤੇ ਜਾ ਕੇ ਕੋਈ ਵੀ ਫੋਟੋਗਰਾਫ ਨਹੀਂ ਲਿਆ। ਪਰਤਬਾਰੋਹੀ ਟੀਮ ਦੇ ਨਾਲ ਹਮੇਸ਼ਾ ਇੱਕ ਸ਼ੇਰਪਾ ਜ਼ਰੂਰ ਜਾਂਦਾ ਹੈ, ਪਰ ਉਸ ਨੇ ਵੀ ਉਨ੍ਹਾਂ ਦੇ ਦਾਅਵੇ ਦਾ ਸਮਰਥਨ ਨਹੀਂ ਕੀਤਾ ਅਤੇ ਨੇਪਾਲੀ ਸੈਲਾਨੀ ਵਿਭਾਗ ਨੇ ਵੀ ਇਨ੍ਹਾਂ ਤਿੰਨਾਂ ਨੂੰ ਅਜੇ ਤੱਕ ਸਰਟੀਫਿਕੇਟ ਜਾਰੀ ਨਹੀਂ ਕੀਤਾ। ਜਦ ਇਨ੍ਹਾਂ ਤਿੰਨਾਂ ਤੋਂ ਉਨ੍ਹਾਂ ਦੇ ਸ਼ੇਰਪਾ ਦੇ ਨਾਂਅ ਦੱਸਣ ਨੂੰ ਕਿਹਾ ਗਿਆ ਤਾਂ ਉਹ ਵੀ ਨਹੀਂ ਦੱਸ ਸਕੇ। ਇਨ੍ਹਾਂ ਤਿੰਨਾਂ ਨੇ ਦਾਅਵਾ ਕੀਤਾ ਸੀ ਕਿ ਉਨ੍ਹਾਂ ਨੇ ਆਪਣੇ ਚਾਰ ਸ਼ੇਰਪਾ ਦੇ ਨਾਲ 26 ਮਈ ਨੂੰ ਮਾਊਂਟ ਐਵਰੈਸਟ ਨੂੰ ਫਤਹਿ ਕੀਤਾ ਸੀ।

# ਮਹਿੰਗਾਈ ਕਾਰਨ ਬੇਹਾਲ ਪਾਕਿ ਵਿੱਚ ਕੀਮਤਾਂ ਹੋਰ ਵਧਣਗੀਆਂ



ਇਸਲਾਮਾਬਾਦ, 13 ਜੂਨ (ਪੋਸਟ ਬਿਊਰੋ)- ਪਾਕਿਸਤਾਨ ਵਿੱਚ ਇਮਰਾਨ ਖਾਨ ਦੀ ਸਰਕਾਰ ਦੇ ਪਹਿਲੇ ਬਜਟ ਵਿੱਚ ਟੈਕਸਾਂ ਦੇ ਵਾਧੇ ਦੀ ਤਜਵੀਜ਼ ਨਾਲ ਖਾਣ ਵਾਲੇ ਤੇਲ, ਘਿਓ, ਖੰਡ, ਸੀਮੈਂਟ, ਕਾਰਾਂ, ਸੋਨਾ ਅਤੇ ਚਾਂਦੀ ਮਹਿੰਗੇ ਹੋ ਜਾਣਗੇ। ਪਿਛਲੇ ਸਾਲ ਸੱਤਾ ਵਿੱਚ ਆਈ ਇਮਰਾਨ ਖਾਨ ਦੀ ਪਾਕਿਸਤਾਨ ਤਹਿਰੀਕ ਏ ਇਨਸਾਫ ਪਾਰਟੀ ਨੇ 2019-20 ਲਈ ਆਪਣਾ ਪਹਿਲਾ ਬਜਟ ਪੇਸ਼ ਕੀਤਾ ਹੈ, ਜਿਹੜਾ ਇੱਕ ਜੁਲਾਈ ਤੋਂ ਲਾਗੂ ਹੋਵੇਗਾ। ਦੇਸ਼ ਦੇ ਮਾਲ ਮੰਤਰੀ ਹਮਾਦ ਨੇ 7022 ਅਰਬ ਰੁਪਏ ਦਾ ਬਜਟ ਪੇਸ਼ ਕਰਦੇ ਹੋਏ ਕਈ ਜਿਣਸਾਂ ਅਤੇ ਸਾਮਾਨ ਦੇ ਨਾਲ ਸੀ ਐੱਨ ਜੀ ਗੈਸ ਉੱਤੇ ਟੈਕਸ ਵਧਾਉਣ ਦੀ ਤਜਵੀਜ਼ ਰੱਖੀ ਹੈ। ਪਾਕਿਸਤਾਨ ਪਹਿਲਾਂ ਹੀ ਆਰਥਿਕ ਤੰਗੀ ਦੇ ਨਾਲ ਜੂਝ ਰਿਹਾ ਹੈ ਤੇ ਲੋਕ ਮਹਿੰਗਾਈ ਤੋਂ ਬੜੇ ਪ੍ਰੇਸ਼ਾਨ ਹਨ। ਬਜਟ ਪ੍ਰਸਤਾਵਾਂ ਵਿੱਚ ਖੰਡ 'ਤੇ ਟੈਕਸ ਵਧਾਏ ਜਾਣ ਨਾਲ ਇਸ ਦੀ ਕੀਮਤ ਸਾਢੇ ਤਿੰਨ ਰੁਪਏ ਪ੍ਰਤੀ ਕਿਲੋ ਤੱਕ ਹੋਰ ਵਧ ਸਕਦੀ ਹੈ। ਖੰਡ ਉੱਤੇ ਵਿਕਰੀ ਟੈਕਸ ਅੱਠ ਤੋਂ ਵਧਾ ਕੇ 17 ਫੀਸਦੀ ਕਰਨ ਦੀ ਵੀ ਤਜਵੀਜ਼ ਹੈ। ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਭ੍ਰਿਸ਼ਟਾਚਾਰ ਦੇ ਕੇਸਾਂ ਵਿੱਚ ਸਿਆਸੀ ਆਗੂਆਂ ਦੀਆਂ ਗ੍ਰਿਫਤਾਰੀਆਂ ਨੂੰ ਸਹੀ ਦੱਸਦਿਆਂ ਕਿਹਾ ਕਿ ਉਹ ਦੇਸ਼ ਨੂੰ ਬੁਰੀ ਤਰ੍ਹਾਂ ਕਰਜ਼ੇ ਵਿੱਚ ਡੋਬਣ ਵਾਲੇ ਚੋਰਾਂ ਬਖਸ਼ਣਗੇ ਨਹੀਂ। ਪਿਛਲੇ 10 ਸਾਲਾਂ ਵਿੱਚ ਪਾਕਿਸਤਾਨ ਦੇ ਸਿਰ ਵਧੇ ਭਾਰੀ ਕਰਜ਼ਿਆਂ ਦੀ ਜਾਂਚ ਲਈ ਇਮਰਾਨ ਖਾਨ ਸਰਕਾਕਰ ਨੇ ਇੱਕ ਉੱਚ ਅਧਿਕਾਰ ਪ੍ਰਾਪਤ ਕਮਿਸ਼ਨ ਬਣਾਉਣ ਦਾ ਵੀ ਐਲਾਨ ਕੀਤਾ ਹੈ।

# ਰੇਡੀਓ ਐਕਟਿਵ ਪ੍ਰਦੂਸ਼ਣ ਨਾਲ ਪੇਂਟਿੰਗਜ਼ ਦੀ ਠੱਗੀ ਪਤਾ ਲੱਗੇਗੀ



ਵਾਸ਼ਿੰਗਟਨ, 13 ਜੂਨ (ਪੋਸਟ ਬਿਊਰੋ)- ਵਿਗਿਆਨੀਆਂ ਨੇ ਪਿਛਲੇ ਸਦੀ 'ਚ ਸਤਹਿ ਉਤੇ ਹੋਏ ਕਈ ਐਟਮੀ ਟੈੱਸਟਾਂ ਦੇ ਕਾਰਨ ਪਰੇਸ਼ਾਨੀ ਦਾ ਸਬੱਬ ਬਣੇ ਰੇਡੀਓ ਐਕਟਿਵ ਪ੍ਰਦੂਸ਼ਣ ਨਾਲ ਪੇਂਟਿੰਗਜ਼ ਦੀ ਦੁਨੀਆ 'ਚ ਚੱਲ ਰਹੀ ਜਾਅਲਸਾਜ਼ੀ ਦਾ ਪਤਾ ਲਾਉਣ ਦਾ ਇੱਕ ਨਵਾਂ ਤਰੀਕਾ ਖੋਜ ਕਰ ਲਿਆ ਹੈ।

ਵਰਨਣ ਯੋਗ ਹੈ ਕਿ 1963 ਵਿੱਚ ਐਟਮੀ ਟੈੱਸਟਾਂ ਉੱਤੇ ਅੰਸ਼ਿਕ ਪਾਬੰਦੀ ਬਾਰੇ ਹੋਏ ਵਿਸ਼ਵ ਸਮਝੌਤੇ ਤੋਂ ਪਹਿਲਾ ਦੇ ਦਹਾਕੇ 'ਚ ਦੁਨੀਆ 'ਚ ਬਹੁਤ ਵੱਡੇ ਪੱਧਰ 'ਤੇ ਐਟਮੀ ਟੈੱਸਟ ਹੋਏ ਸਨ। ਇਨ੍ਹਾਂ ਦੇ ਕਾਰਨ ਵਾਤਾਵਰਨ 'ਚ ਰੇਡੀਓ ਐਕਟਿਵ ਪ੍ਰਦੂਸ਼ਣ ਵਧ ਗਿਆ ਸੀ। ਉਸ ਦੌਰ 'ਚ ਵਧੇ ਹੋਏ ਪ੍ਰਦੂਸ਼ਣ ਨੂੰ ਅੱਜ ਕੱਲ੍ਹ ਦੇ ਵਿਗਿਆਨੀਆਂ ਨੇ ਅਸਲੀ ਨਕਲੀ ਪੇਂਟਿੰਗਜ਼ ਦਾ ਪਤਾ ਲਾਉਣ ਦਾ ਜ਼ਰੀਆ ਬਣਾ ਲਿਆ ਹੈ। ਪਿਛਲੀ ਸਦੀ 'ਚ ਹੋਏ ਐਟਮੀ ਟੈੱਸਟਾਂ ਦੇ ਕਾਰਨ ਵਾਤਾਵਰਨ 'ਚ ਕਾਰਬਨ ਦਾ ਪੱਧਰ ਵਧਣ ਲੱਗਾ ਸੀ। ਸਾਲ 1963 ਵਿੱਚ ਐਟਮੀ ਟੈੱਸਟਾਂ ਉੱਤੇ ਅੰਸ਼ਿਕ ਰੋਕ ਦਾ ਸਮਝੌਤਾ ਹੋਣ ਤੱਕ ਵਾਤਾਵਰਨ 'ਚ ਇਸ ਦਾ ਪੱਧਰ ਲਗਭਗ ਦੁੱਗਣਾ ਹੋ ਗਿਆ ਸੀ। ਫਿਰ 1963 ਦੇ ਬਾਅਦ ਪੈਦਾ ਹੋਏ ਜਾਂ ਮਰੇ ਹਰ ਜੀਵ ਵਿੱਚ ਇਸ ਵਧੇ ਹੋਏ ਪੱਧਰ ਨੂੰ ਦੇਖਿਆ ਜਾ ਸਕਦਾ ਹੈ। ਇਥੋਂ ਤੱਕ ਕਿ ਕੈਨਵਸ ਬਣਾਉਣ 'ਚ ਵਰਤੀ ਜਾਂਦੀ ਲੱਕੜ ਅਤੇ ਫਾਈਬਰ 'ਚ ਵੀ ਇਹ ਫਰਕ ਸਪੱਸ਼ਟ ਹੈ। ਖੋਜਕਰਤਾ ਲੌਰਾ ਹੈਂਡਰਿਕ ਨੇ ਕਿਹਾ ਕਿ ਇਸ ਸਰਬ ਉਚ ਪੱਧਰ ਨੂੰ ਅਨੋਖੇ ਸਟੈਂਡਰਡ ਵਾਂਗ ਅਪਣਾਇਆ ਜਾ ਸਕਦਾ ਹੈ। ਇਹ ਚੰਗੀ ਚੀਜ਼ ਨਹੀਂ ਹੈ, ਪਰ ਫਿਲਹਾਲ ਕੁਝ ਚੰਗੇ ਕੰਮਾਂ 'ਚ ਇਸ ਦਾ ਇਸਤੇਮਾਲ ਸੰਭਵ ਹੈ ਅਤੇ ਇਸ ਦੇ ਕਈ ਫਾਇਦੇ ਵੀ ਲਏ ਜਾ ਸਕਦੇ ਹਨ।

# ਮਹਿਲਾ ਨੇ ਬੱਚੇ ਨੂੰ ਜਨਮ ਦੇ 30 ਮਿੰਟ ਬਾਅਦ ਇਮਤਿਹਾਨ ਦਿੱਤਾ



ਇਥੋਪੀਆ, 13 ਜੂਨ (ਪੋਸਟ ਬਿਊਰੋ)- ਇਥੋਪੀਆ ਦੀ ਇੱਕ ਔਰਤ ਨੇ ਬੱਚੇ ਨੂੰ ਜਨਮ ਦੇਣ ਦੇ ਮਸਾਂ ਅੱਧੇ ਘੰਟੇ ਬਾਅਦ ਸੈਕੰਡਰੀ ਸਕੂਲ ਦਾ ਇਮਤਿਹਾਨ ਦਿੱਤਾ। ਇਹ ਮਾਮਲਾ ਪੱਛਮੀ ਇਥੋਪੀਆ ਦੇ ਮੇਟੂ ਸ਼ਹਿਰ ਦਾ ਹੈ।

ਅਲਮਜ ਡੇਰਸੇ ਨਾਂਅ ਦੀ ਔਰਤ ਨੂੰ ਆਸ ਸੀ ਕਿ ਡਿਲੀਵਰੀ ਡੇਟ ਆਉਣ ਤੋਂ ਪਹਿਲਾਂ ਹੀ ਉਸ ਦੀ ਪ੍ਰੀਖਿਆ ਹੋ ਜਾਏਗੀ। ਇਹ ਪ੍ਰੀਖਿਆ ਡਿਲੀਵਰੀ ਡੇਟ ਤੋਂ ਕਰੀਬ ਇੱਕ ਮਹੀਨੇ ਪਹਿਲਾਂ ਹੋਣੀ ਸੀ, ਪ੍ਰੰਤੂ ਰਮਜ਼ਾਨ ਦੇ ਕਾਰਨ ਪ੍ਰੀਖਿਆ ਮੁਲਤਵੀ ਕਰ ਦਿੱਤੀ ਗਈ। ਅਲਮਜ ਨੇ ਤਿਆਰੀ ਜਾਰੀ ਰੱਖੀ, ਕਿਉਂਕਿ ਉਹ ਸਾਲ ਖਰਾਬ ਨਹੀਂ ਕਰਨਾ ਚਾਹੁੰਦੀ ਸੀ। ਮਿਲੀ ਜਾਣਕਾਰੀ ਮੁਤਾਬਕ ਅਲਮਜ ਨੇ ਕਿਹਾ, ਪ੍ਰੈਗਨੈਂਸੀ ਦੌਰਾਨ ਪੜ੍ਹਾਈ ਕੋਈ ਸਮੱਸਿਆ ਨਹੀਂ ਸੀ, ਪ੍ਰੀਖਿਆ ਦੇਣ ਦੇ ਲਈ ਮੈਂ ਅਗਲੇ ਸਾਲ ਤੱਕ ਦੀ ਉਡੀਕ ਨਹੀਂ ਕਰਨਾ ਚਾਹੁੰਦੀ ਸੀ। ਸੋਮਵਾਰ ਨੂੰ ਬਦਲੇ ਹੋਏ ਪ੍ਰੋਗਰਾਮ ਹੇਠ ਅਲਮਜ ਦਾ ਪੇਪਰ ਸੀ। ਇਸ ਦੌਰਾਨ ਪ੍ਰੀਖਿਆ ਸ਼ੁਰੂ ਹੋਣ ਤੋਂ ਪਹਿਲਾਂ ਅਲਮਜ ਨੂੰ ਲੇਬਰ ਪੇਨ ਹੋਣ ਲੱਗੀ। ਉਸ ਨੇ ਹਸਪਤਾਲ ਜਾਣ ਤੋਂ ਪਹਿਲਾਂ ਪ੍ਰੀਖਿਆ ਅਧਿਕਾਰੀਆਂ ਨੂੰ ਹਸਪਤਾਲ ਤੋਂ ਪੇਪਰ ਦੇਣ ਦੀ ਅਪੀਲ ਕੀਤੀ ਤਾਂ ਇਜਾਜ਼ਤ ਮਿਲ ਗਈ। ਬੱਚੇ ਨੂੰ ਜਨਮ ਦੇਣ ਦੇ ਅੱਧੇ ਘੰਟੇ ਬਾਅਦ ਅਲਮਜ ਨੇ ਹਸਪਤਾਲ ਤੋਂ ਆਪਣਾ ਪਹਿਲਾ ਪੇਪਰ ਦਿੱਤਾ। ਹਸਪਤਾਲ ਤੋਂ ਅਲਮਜ ਨੇ ਇੰਗਲਿਸ਼ ਅਤੇ ਮੈਥਸ ਦਾ ਪੇਪਰ ਦਿੱਤਾ। ਉਸ ਨੂੰ ਆਸ ਹੈ ਕਿ ਉਹ ਬਾਕੀ ਦੇ ਪੇਪਰ ਤੈਅ ਤਰੀਕਾਂ 'ਤੇ ਪ੍ਰੀਖਿਆ ਕੇਂਦਰ ਜਾ ਕੇ ਦੇਵੇਗੀ। ਪ੍ਰੀਖਿਆ ਪਾਸ ਕਰ ਕੇ ਉਹ ਯੂਨੀਵਰਸਿਟੀ ਦਾ ਦੋ ਸਾਲਾ ਕੋਰਸ ਕਰਨਾ ਚਾਹੁੰਦੀ ਹੈ।

# 2050 ਤਕ ਦੁਨੀਆ ਦੀ ਦੋ ਸੌ ਕਰੋੜ ਤੋਂ ਵੱਧ ਆਬਾਦੀ 60 ਜਾਂ ਓਦੋਂ ਵੱਧ ਉਮਰ ਦੀ ਹੋਵੇਗੀ



ਫ਼ੁਕੂਓਕਾ, 13 ਜੂਨ (ਪੋਸਟ ਬਿਊਰੋ)- ਦੁਨੀਆਂ ਵਿਚ ਬਜ਼ੁਰਗਾਂ ਦੀ ਵਧਦੀ ਗਿਣਤੀ ਤੇ ਘਟਦੀ ਸਮਰੱਥਾ ਬਾਰੇ ਚਿੰਤਾ ਵੱਧ ਰਹੀ ਹੈ। ਜੀ-20 ਦੇਸ਼ਾਂ ਨੇ ਵਿੱਤੀ ਨੀਤੀ ਨਿਰਮਾਤਾਵਾਂ ਨੇ ਪਹਿਲੀ ਵਾਰ ਇਸ ਮੁੱਦੇ ਉੱਤੇ ਚਰਚਾ ਕੀਤੀ ਹੈ। ਸੰਗਠਨ ਨੇ ਸਿਹਤ ਸੇਵਾਵਾਂ ਦੇ ਵਧਦੇ ਖ਼ਰਚੇ, ਕੰਮ ਕਰਨ ਵਾਲਿਆਂ ਦੀ ਘਾਟ ਅਤੇ ਬਜ਼ੁਰਗਾਂ ਲਈ ਵਿੱਤੀ ਸੇਵਾਵਾਂ ਦੀ ਚਿੰਤਾ ਵਿਚਾਲੇ ਘਟਦੀ ਜਨਮ ਦਰ ਤੇ ਵਧਦੀ ਉਮਰ ਨਾਲ ਜੁੜੇ ਆਰਥਕ ਮੁੱਦਿਆਂ ਨਾਲ ਨਜਿੱਠਣ ਉੱਤੇ ਜ਼ੋਰ ਦਿਤਾ ਹੈ।

ਜੀ-20 ਦੇ ਵਿੱਤ ਮੰਤਰੀਆਂ ਅਤੇ ਕੇਂਦਰੀ ਬੈਂਕ ਦੇ ਮੁਖੀਆਂ ਦੀ ਜਾਪਾਨ ਵਿਚ ਹੋਈ ਦੋ ਦਿਨਾਂ ਬੈਠਕ ਵਿਚ ਇਸ ਗੱਲ ਉੱਤੇ ਵਿਚਾਰ ਕੀਤਾ ਗਿਆ। ਉਨ੍ਹਾਂ ਇਸ ਸਮੱਸਿਆ ਦੇ ਹੱਲ ਉੱਤੇ ਜ਼ੋਰ ਦਿੰਦੇ ਹੋਏ ਕਿਹਾ ਕਿ ਇਸ ਵਿਚ ਬਹੁਤ ਦੇਰ ਹੋਣ ਤੋਂ ਪਹਿਲਾਂ ਕੁਝ ਕਰਨ ਦੀ ਲੋੜ ਹੈ। ਜਾਪਾਨ ਵਿਚ ਵੱਧ ਉਮਰ ਦੀ ਆਬਾਦੀ ਇਕ ਵੱਡੀ ਘਰੇਲੂ ਸਮੱਸਿਆ ਹੈ। ਜੀ-20 ਵਿਚ ਸ਼ਾਮਲ ਦੇਸ਼ ਹਾਲੇ ਵਿਕਾਸ ਤੇ ਆਬਾਦੀ ਦੇ ਵੱਖ-ਵੱਖ ਪਧਰਾਂ ਉੱਤੇ ਹਨ। ਇਕ ਪਾਸੇ ਜਾਪਾਨ ਵਿਚ ਜ਼ਿਆਦਾ ਆਬਾਦੀ ਬਜ਼ੁਰਗਾਂ ਦੀ ਹੈ, ਦੂਜੇ ਪਾਸੇ ਸਾਊਦੀ ਅਰਬ ਦੀ ਜ਼ਿਆਦਾ ਆਬਾਦੀ ਨੌਜਵਾਨ ਹੈ। ਬੈਠਕ ਵਿਚ ਮੇਜ਼ਬਾਨ ਦੇਸ਼ ਜਾਪਾਨ ਦੇ ਵਿੱਤ ਮੰਤਰੀ ਟਾਰੋ ਆਸੋ ਨੇ ਦੇਸ਼ਾਂ ਨੂੰ ਚੇਤਾਵਨੀ ਦਿਤੀ ਕਿ ਵਧਦੀ ਉਮਰ ਦੀ ਆਬਾਦੀ ਦੇ ਅਰਥਚਾਰੇ ਉੱਤੇ ਵਧਦੇ ਭਾਰ ਨਾਲ ਪਹਿਲਾਂ ਹੀ ਉਨ੍ਹਾਂ ਨੂੰ ਤਿਆਰ ਹੋ ਜਾਣਾ ਚਾਹੀਦਾ ਹੈ। ਸੰਗਠਨ ਅਨੁਸਾਰ 2050 ਤਕ ਦੁਨੀਆਂ ਦੀ ਦੋ ਅਰਬ ਤੋਂ ਵੱਧ ਆਬਾਦੀ 60 ਜਾਂ ਉਸ ਤੋਂ ਵੱਧ ਉਮਰ ਦੀ ਹੋਵੇਗੀ। ਇਹ ਸਾਲ 2017 ਦੇ ਮੁਕਾਬਲੇ ਲਗਭਗ ਦੁਗਣੀ ਹੈ। ਬ੍ਰਾਜ਼ੀਲ ਤੇ ਚੀਨ ਵਿਚ ਵੀ ਵੱਧ ਉਮਰ ਦੀ ਆਬਾਦੀ ਵਧ ਰਹੀ ਹੈ। ਮਾਹਰਾਂ ਨੇ ਕਿਹਾ ਹੈ ਕਿ ਜ਼ਿਆਦਾਤਰ ਅਰਥਚਾਰੇ ਅਪਣੀ ਪੈਨਸ਼ਨ ਤੇ ਰੁਜ਼ਗਾਰ ਪ੍ਰਣਾਲੀ ਨੂੰ ਇਸ ਦੇ ਅਨੁਸਾਰ ਬਦਲਣ ਵਿਚ ਅਸਫ਼ਲ ਰਹੇ ਹਨ। ਇਸ ਨਾਲ ਪੂਰੇ ਦੇਸ਼ ਅਤੇ ਲੋਕਾਂ ਉੱਤੇ ਕਰਜ਼ ਦੇ ਜੋਖ਼ਮ ਵਿਚ ਵਾਧਾ ਹੋਇਆ ਹੈ।

# ਭਾਰਤੀ ਤੀਰਅੰਦਾਜ਼ੀ ਟੀਮ ਨੇ ਓਲੰਪਿਕ ਕੋਟਾ ਹਾਸਲ ਕੀਤਾ



ਡੇਨ ਬੋਸ਼ (ਨੀਦਰਲੈਂਡਸ), 13 ਜੂਨ (ਪੋਸਟ ਬਿਊਰੋ)- ਭਾਰਤੀ ਰਿਕਰਵ ਪੁਰਸ਼ ਤੀਰਅੰਦਾਜੀ ਟੀਮ ਨੇ 2020 ਵਿੱਚ ਹੋਣ ਵਾਲੇ ਟੋਕੀਓ ਓਲੰਪਿਕ ਦਾ ਟਿਕਟ ਹਾਸਲ ਕਰ ਲਿਆ ਹੈ। ਇਸ ਟੀਮ ਨੇ ਵਿਸ਼ਵ ਚੈਂਪੀਅਨਸ਼ਿਪ ਵਿੱਚ ਕੈਨੇਡਾ ਨੂੰ 5-3 ਨਾਲ ਹਰਾ ਕੇ ਕਵਾਟਰ ਫਾਈਨਲ ਵਿਚ ਜਗ੍ਹਾ ਬਣਾਈ ਅਤੇ ਓਲੰਪਿਕ ਕੋਟਾ ਹਾਸਲ ਕੀਤਾ ਹੈ। 2012 ਓਲੰਪਿਕ ਦੇ ਬਾਅਦ ਇਹ ਪਹਿਲਾ ਮੌਕਾ ਹੈ ਜਦ ਭਾਰਤੀ ਪੁਰਸ਼ ਟੀਮ ਨੇ ਓਲੰਪਿਕ ਲਈ ਕੁਆਲੀਫਾਈ ਕੀਤਾ ਹੈ। ਭਾਰਤੀ ਟੀਮ ਰਿਓ ਓਲੰਪਿਕ ਲਈ ਕੁਆਲੀਫਾਈ ਕਰਨ ਤੋਂ ਖੁੰਝ ਗਈ ਸੀ। ਓਦੋਂ ਅਤਾਨੂ ਦਾਸ ਦੇ ਰੂਪ ਵਿੱਚ ਇਕਲੌਤਾ ਤੀਰਅੰਦਾਜ ਵਿਸ਼ਵ ਕੁਆਲੀਫਾਈ ਕਰਨ ਵਿੱਚ ਸਫਲ ਰਿਹਾ ਸੀ ਜਿਨ੍ਹਾਂ ਨੂੰ ਕ੍ਰੀ-ਕਵਾਟਰ ਫਾਈਨਲ ਵਿੱਚ ਹਾਰ ਝੱਲਣੀ ਪਈ ਸੀ। ਤਰਣਦੀਪ ਰਾਏ, ਪ੍ਰਵੀਨ ਜਾਧਵ ਅਤੇ ਅਤਾਨੂ ਦਾਸ ਵਾਲੀ ਭਾਰਤੀ ਟੀਮ ਨੇ ਕੱਲ੍ਹ ਕੈਨੇਡਾ ਦੇ ਐਰਿਕ ਪੀਟਰਸ, ਕ੍ਰਿਸਪਿਅਨ ਡੁਨੇਸ ਅਤੇ ਬਰਾਇਨ ਮੈਕਸਵੇਲ ਦੇ ਖਿਲਾਫ ਦਮਦਾਰ ਪ੍ਰਦਰਸ਼ਨ ਕੀਤਾ ਤੇ ਪਹਿਲੇ ਸੈਟ ਨੂੰ 56-55 ਦੇ ਸਕੋਰ ਤੋਂ ਆਪਣੇ ਨਾਂਅ ਕੀਤਾ। ਦੂਸਰੇ ਸੈੱਟ ਵਿੱਚ ਭਾਰਤੀ ਤਿਕੜੀ ਨੇ ਇਸੇ ਸਕੋਰ ਦੇ ਨਾਲ ਬਾਜੀ ਮਾਰੀ, ਪ੍ਰੰਤੂ ਕੈਨੇਡਾ ਨੇ ਤੀਸਰੇ ਸੈੱਟ ਨੂੰ 58-54 ਨਾਲ ਆਪਣੇ ਨਾਂਅ ਕੀਤਾ। ਅਖੀਰ ਵਿੱਚ ਭਾਰਤ ਨੇ ਇਸ ਮੁਕਾਬਲੇ ਵਿੱਚ 57-57 ਦੇ ਸਕੋਰ ਨਾਲ ਚੌਥਾ ਸੈਟ ਬਰਾਬਰ ਕੀਤਾ ਅਤੇ ਮੁਕਾਬਲੇ ਨੂੰ 5-3 ਨਾਲ ਜਿੱਤ ਕੇ ਓਲੰਪਿਕ ਦੀ ਟਿਕਟ ਕਟਾਈ।

# ਰੋਮੀ ਦੀ ਭਾਰਤ ਵੱਲ ਹਵਾਲਗੀ ਦੀ ਸੁਣਵਾਈ ਸ਼ੁਰੂ




ਹਾਂਗਕਾਂਗ, 13 ਜੂਨ (ਪੋਸਟ ਬਿਊਰੋ)- ਨਾਭਾ ਜੇਲ੍ਹ ਬ੍ਰੇਕ ਕਾਂਡ ਦੇ ਮੁੱਖ ਸਾਜਿਸ਼ ਕਰਤਾ ਮੰਨੇ ਜਾਂਦੇ ਹਾਂਗਕਾਂਗ ਵਾਸੀ 30 ਸਾਲਾ ਰਮਨਜੀਤ ਸਿੰਘ ਉਰਫ ਰੋਮੀ ਦੀ ਭਾਰਤ ਹਵਾਲਗੀ ਬਾਰੇ ਸੁਣਵਾਈ ਈਸਟਰਨ ਮੈਜਿਸਟਰੇਟ ਕੋਰਟ ਵਿੱਚ ਸ਼ੁਰੂ ਹੋ ਗਈ, ਜੋ 15 ਜੂਨ ਤੱਕ ਜਾਰੀ ਰਹੇਗੀ।

ਜ਼ਿਕਰਯੋਗ ਹੈ ਕਿ ਬੀਤੇ ਸਾਲ ਫਰਵਰੀ ਵਿੱਚ ਗ੍ਰਿਫਤਾਰ ਕੀਤੇ ਰੋਮੀ ਦੀ ਭਾਰਤ ਹਵਾਲਗੀ ਸਬੰਧੀ ਅਦਾਲਤੀ ਕਾਰਵਾਈ ਲਈ ਲੋੜੀਂਦੀ ਮਨਜ਼ੂਰੀ ਹਾਂਗਕਾਂਗ ਮੁਖੀ ਕੈਰੀਲੈਮ ਵੱਲੋਂ ਬੀਤੇ ਸਤੰਬਰ ਵਿੱਚ ਦੇ ਦੇਣ ਪਿੱਛੋਂ ਉਸ ਨੂੰ ਸਖਤ ਸੁਰੱਖਿਆ ਪ੍ਰਬੰਧਾਂ ਹੇਠ ਅਦਾਲਤ ਵਿੱਚ ਪੇਸ਼ ਕੀਤਾ ਗਿਆ ਹੈ। ਰੋਮੀ ਉਤੇ ਭਾਰਤ ਵਿੱਚ ਸਿਆਸੀ ਹੱਤਿਆਵਾਂ ਵਿੱਚ ਸ਼ਾਮਲ ਹੋਣ, ਨਾਭਾ ਜੇਲ੍ਹ ਤੋੜਨ ਦੀ ਸਾਜ਼ਿਸ਼ ਅਤੇ ਵਿਸ਼ਵ ਪੱਧਰੀ ਅੱਤਵਾਦੀ ਸੰਗਠਨਾਂ ਨਾਲ ਸਬੰਧਾਂ ਦੇ ਦੋਸ਼ਾਂ ਦੇ ਚੱਲਦਿਆਂ ਇੰਟਰਪੋਲ ਵੱਲੋਂ ਰੈਡ ਨੋਟਿਸ ਜਾਰੀ ਕੀਤਾ ਜਾ ਚੁੱਕਾ ਹੈ। ਭਾਰਤ ਉਨ੍ਹਾਂ 19 ਦੇਸ਼ਾਂ ਵਿੱਚੋਂ ਇਕ ਹੈ, ਜਿਸ ਨਾਲ ਹਾਂਗਕਾਂਗ ਵੱਲੋਂ ਕੈਦੀਆਂ ਦੀ ਸਪੁਰਦਗੀ ਸਬੰਧੀ ਸਮਝੌਤੇ 'ਤੇ ਦਸਤਖਤ ਕੀਤੇ ਗਏ ਹਨ।

Honesty, Reliability, Commitment
Hira Randhawa
Broker
• 1 yr Home Warranty
• 40% Discount on Brand Name
• Appliances & Furniture
• Free Evaluation & Lowest Commission
HomeLife SilverCity
www.hirarandhawa.com
hirarandhawa@yahoo.ca
"OPEN HOUSE UNTIL SOLD"
For all your Real Estate needs: 416.319.0551 or 905.913.8585

$634,900 — Sandalwood & Conestoga
Stunning Detached Home With Single Car Garage, 3 Bedroom, 2 Washrooms, Fully Renovated Top To Bottom To Thousands Spent On Renovation, Nestled On A Quiet, Family Friendly Street Close To Park, School, Hwy 410, Shopping, School & Other Amenities.

$729,900 — Dixie/Octillo
Immaculate 3 Bedroom Semi With 1 Br Fin Basement On A 30 Ft Lot . Hardwood Flooring (No Carpet In Entire House), Separate Living/Family, Eat-In-Kitchen, 2 Full Washrooms On 2nd Floor, Extended Driveway ,Concrete Work On Side And Backyard And Much More!

$739,913 — Charleston Side Rd/Main St.
Detached Home On Well Landscaped. Huge Corner Lot W/Private Backyard In Historic Town Of Alton With Finished Double Car Garage. 3 Bedroom Upstairs, 2 Full Washrooms W/4 Pc Bath, Master Bedroom, New Roof 2018 & etc.

$775,000 — Charolais/Chinguacousy Rd
Renovated Bungalow, 3 Good Size Bedrooms Plus Den + 2 Bed Finished Basement W/Separate Entrance With Appliances, New Upgraded Kitchen + 3 Newly Renovated Bathrooms + New Hardwood Floors Very Close To Hwy, etc.

Call For:
RESP, SUPER -VISA,& TRAVEL
Insurance
H.Randhawa
416-319-0551

FIRST CHOICE FINANCIAL LIMITED
TRUCK LOANS
ਟੱਰਕ ਲੌਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada
For more Information Contact
Rajdeep: 647.707.4167
Office: 905.678.2424

MICHELIN · Hankook · Continental · ROADLUX · BFGoodrich · AEOLUS · COMPASAL · Chevron Delo
BEST TRUCK REPAIR & TIRE CENTRE
We also Specialize in Engine, AC, Transmission, Differential Rebuild, Safety Inspection & All Kinds of Electric Work
ਕਾਰਾਂ ਤੇ ਟਰਕਾਂ ਦੀ ਸਸਤੀ ਏ-ਸੀ ਰਿਪੇਅਰ। ਟਰੱਕਾਂ ਦੇ ਟਾਇਰਾਂ ਤੇ ਭਾਰੀ ਸੇਲ
SPECIAL ON TRUCK ALIGNMENT
BRAND NEW MACHINES 2018
Brake & Drum -Made in U.S - On Special Sale!
Special Sale 4 CAT Batteries $550 with Installation
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
7 ਦਿਨ ਖੁੱਲਾ
Spring Sale
Special OIL CHANGE Rates
1715 Sismet Rd, Mississauga | Call Ranjit: 416.624.8351 | Tel: 905.625.0055

## ਟੁੱਟ ਚੁੱਕੀ ਮੰਗਣੀ ਦੀ ਫੋਟੋ ਅਸ਼ਲੀਲ ਕੁਮੈਂਟ ਨਾਲ ਪੋਸਟ ਕਰਨ ਦੇ ਦੋਸ਼ ਹੇਠ ਕੇਸ ਦਰਜ

ਗੁਰਦਾਸਪੁਰ, 13 ਜੂਨ (ਪੋਸਟ ਬਿਊਰੋ)- ਮੰਗਣੀ ਟੁੱਟ ਜਾਣ ਦੇ ਬਾਅਦ ਉਸ ਦੀ ਫੋਟੋ ਅਸ਼ਲੀਲ ਕੁਮੈਂਟ ਨਾਲ ਆਈ ਡੀ ਉੱਤੇ ਪਾਉਣ ਵਾਲੇ ਦੋਸ਼ੀ ਦੇ ਵਿਰੁੱਧ ਸਿਟੀ ਪੁਲਸ ਗੁਰਦਾਸਪੁਰ ਨੇ ਹੋਰ ਧਾਰਾਵਾਂ ਦੇ ਨਾਲ ਸੂਚਨਾ ਤਕਨਾਲੋਜੀ ਐਕਟ ਦਾ ਕੇਸ ਦਰਜ ਕੀਤਾ ਹੈ, ਪਰ ਦੋਸ਼ੀ ਫਰਾਰ ਹੋ ਗਿਆ ਹੈ।

ਸਿਟੀ ਥਾਣਾ ਗੁਰਦਾਸਪੁਰ ਦੇ ਮੁਖੀ ਕੁਲਵੰਤ ਸਿੰਘ ਦੇ ਮੁਤਾਬਕ ਪੀੜਤ ਪਰਿਵਾਰ ਦੇ ਇਕ ਮੈਂਬਰ ਨੇ ਦੱਸਿਆ ਕਿ ਜ਼ਿਲਾ ਪੁਲਸ ਮੁਖੀ ਨੂੰ 22 ਮਾਰਚ ਨੂੰ ਸ਼ਿਕਾਇਤ ਦਿੱਤੀ ਸੀ ਕਿ ਉਸ ਦੀ ਧੀ ਦੀ ਮੰਗਣੀ 7 ਮਈ 2011 ਨੂੰ ਸਟੀਫਨ ਮਸੀਹ ਪੁੱਤਰ ਸੈਮੂਅਲ ਮਸੀਹ ਵਾਸੀ ਹਰਦੋਛੰਨੀ ਰੋਡ ਗੁਰਦਾਸਪੁਰ ਨਾਲ ਹੋਈ ਸੀ। ਮੰਗਣੀ ਸਮੇਂ ਦੋਵਾਂ ਪਰਿਵਾਰਾਂ ਦੀ ਫੋਟੋ ਹੋਈ ਸੀ, ਪਰ ਕੁਝ ਕਾਰਨਾਂ ਨਾਲ ਇਹ ਮੰਗਣੀ ਟੁੱਟ ਗਈ ਅਤੇ ਉਸ ਨੇ ਆਪਣੀ ਲੜਕੀ ਦਾ ਵਿਆਹ 14 ਅਪ੍ਰੈਲ 2014 ਨੂੰ ਜਲੰਧਰ ਕਰ ਦਿੱਤਾ ਸੀ। ਦੋਸ਼ੀ ਸਟੀਫਨ ਨੇ ਮੰਗਣੀ ਦੇ ਸਮੇਂ ਦੀ ਫੋਟੋ ਹੇਠ ਅਸ਼ਲੀਲ ਕੁਮੈਂਟ ਲਿਖ ਕੇ ਪੋਸਟ ਕੀਤੀ ਤੇ ਸਾਨੂੰ ਬਦਨਾਮ ਤੇ ਪ੍ਰੇਸ਼ਾਨ ਕੀਤਾ ਹੈ। ਪੁਲਸ ਅਧਿਕਾਰੀ ਨੇ ਦੱਸਿਆ ਕਿ ਇਸ ਸ਼ਿਕਾਇਤ ਦੀ ਜਾਂਚ ਡੀ ਐੱਸ ਪੀ ਜਸਬੀਰ ਸਿੰਘ ਨੇ ਕੀਤੀ ਸੀ ਅਤੇ ਉਸ ਦੀ ਜਾਂਚ ਰਿਪੋਰਟ ਉੱਤੇ ਦੋਸ਼ੀ ਦੇ ਵਿਰੁੱਧ ਕੇਸ ਦਰਜ ਕੀਤਾ ਗਿਆ ਹੈ। ਪੁਲਸ ਅਧਿਕਾਰੀ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਦੋਸ਼ੀ ਨੇ ਏਦਾਂ ਹਰਕਤ ਕੀਤੀ ਸੀ ਅਤੇ ਉਸ ਸਮੇਂ ਵੀ ਦੋਸ਼ੀ ਦੇ ਵਿਰੁੱਧ 12 ਦਸੰਬਰ 2016 ਨੂੰ ਕੇਸ ਦਰਜ ਕੀਤਾ ਗਿਆ ਸੀ।

### ਬਜ਼ੁਰਗ ਬੀਬੀ ਦਾ ਦੋਸ਼:

## ਪੁੱਤਰ ਨੇ ਧੋਖੇ ਨਾਲ ਜ਼ਮੀਨ ਦੀ ਰਜਿਸਟਰੀ ਆਪਣੇ ਨਾਂਅ ਕਰਵਾਈ




ਜਲੰਧਰ, 13 ਜੂਨ (ਪੋਸਟ ਬਿਊਰੋ)- ਪਿੰਡ ਭੁੱਲਾਰਾਈ ਦੀ ਬਜ਼ੁਰਗ ਬੀਬੀ ਨੇ ਜਲੰਧਰ ਵਿੱਚ ਰਹਿੰਦੇ ਆਪਣੇ ਬੇਟੇ ਉਤੇ ਧੋਖੇ ਨਾਲ ਜ਼ਮੀਨ ਦੀ ਰਜਿਸਟਰੀ ਆਪਣੇ ਨਾਂਅ ਕਰਵਾਉਣ ਅਤੇ ਖਾਤੇ ਵਿੱਚੋਂ 3.60 ਲੱਖ ਰੁਪਏ ਕਢਵਾਉਣ ਦਾ ਦੋਸ਼ ਲਾਇਆ ਅਤੇ ਇਸ ਦੀ ਲਿਖਤੀ ਸ਼ਿਕਾਇਤ ਐੱਸ ਪੀ ਮਨਦੀਪ ਸਿੰਘ ਨੂੰ ਸੌਂਪੀ ਹੈ।

ਹਰਭਜਨ ਕੌਰ (75) ਪਤਨੀ ਸਵਰਗੀ ਪਰਸਾ ਰਾਮ ਵਾਸੀ ਭੁੱਲਾਰਾਈ ਨੇ ਪੁਲਸ ਨੂੰ ਦੱਸਿਆ ਕਿ ਉਸ ਦੇ ਪਤੀ ਦੀ ਮੌਤ ਦੇ ਬਾਅਦ ਉਸ ਨੂੰ 14500 ਰੁਪਏ ਪੈਨਸ਼ਨ ਮਿਲਦੀ ਹੈ। ਉਸ ਦੇ ਦੋ ਬੇਟੇ ਹਨ, ਇੱਕ ਪਿੰਡ ਵਿੱਚ ਰਹਿੰਦਾ ਹੈ, ਦੂਸਰਾ ਜਲੰਧਰ ਵਿੱਚ ਹੈ। ਉਨ੍ਹਾਂ ਦੋਸ਼ ਲਾਇਆ ਕਿ ਜਲੰਧਰ ਵਿੱਚ ਰਹਿੰਦੇ ਬੇਟੇ ਨੇ 26 ਅਕਤੂਬਰ 2018 ਨੂੰ ਧੋਖੇ ਨਾਲ ਉਸ ਦੀ ਤਿੰਨ ਕਨਾਲ 19 ਮਰਲੇ ਦੀ ਰਜਿਸਟਰੀ ਆਪਣੇ ਨਾਂਅ ਕਰਵਾ ਲਈ ਅਤੇ ਕਈ ਦਸਤਾਵੇਜ਼ਾਂ 'ਤੇ ਸਾਈਨ ਕਰਵਾ ਲਏ। ਇਸ ਦੇ ਬਾਅਦ ਉਹ ਵਾਪਸ ਭੁੱਲਾਰਾਈ ਆ ਗਈ, ਜਿੱਥੇ ਬੈਂਕ ਪਾਸਬੁਕ ਅਪਡੇਟ ਕਰਵਾ ਕੇ ਪਤਾ ਲੱਗਾ ਕਿ ਉਸ ਦੇ ਬੈਂਕ ਖਾਤਿਆਂ 'ਚੋਂ ਕਰੀਬ 3.60 ਲੱਖ ਰੁਪਏ ਕਢਵਾ ਲਏ ਹਨ। ਉਨ੍ਹਾਂ ਨੇ ਇਨਸਾਫ ਦਿਵਾਉਣ ਦੀ ਮੰਗ ਕੀਤੀ। ਇਸ ਸੰਬੰਧੀ ਐੱਸ ਪੀ ਮਨਦੀਪ ਸਿੰਘ ਨੇ ਕਿਹਾ, ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕਰ ਕੇ ਕਾਰਵਾਈ ਕੀਤੀ ਜਾਏਗੀ।

### ਜਥੇਦਾਰ ਵੇਦਾਂਤੀ ਦਾ ਦਾਅਵਾ:

## ਆਪਰੇਸ਼ਨ ਬਲਿਊ ਸਟਾਰ ਵੇਲੇ ਸਿੱਖ ਰੈਫਰੈਂਸ ਲਾਇਬਰੇਰੀ ਵਿੱਚ ਅੱਗ ਲੱਗੀ ਹੀ ਨਹੀਂ ਸੀ



ਅੰਮ੍ਰਿਤਸਰ, 13 ਜੂਨ (ਪੋਸਟ ਬਿਊਰੋ)- ਸਿੱਖ ਰੈਫਰੈਂਸ ਲਾਇਬਰੇਰੀ ਦਾ ਕੀਮਤੀ ਸਾਮਾਨ ਗਾਇਬ ਹੋਣ ਦੇ ਵਿਵਾਦ ਦੇ ਦੌਰਾਨ ਸ੍ਰੀ ਅਕਾਲ ਤਖਤ ਦੇ ਸਾਬਕਾ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੇ ਕੱਲ੍ਹ ਕਿਹਾ ਕਿ ਆਪਰੇਸ਼ਨ ਬਲਿਊ ਸਟਾਰ ਵੇਲੇ ਲਾਇਬਰੇਰੀ ਵਿੱਚ ਅੱਗ ਹੀ ਨਹੀਂ ਸੀ ਲੱਗੀ, ਲਾਇਬਰੇਰੀ ਵਿੱਚ ਅੱਗ ਲੱਗਣ ਦੇ ਕੋਈ ਨਿਸ਼ਾਨ ਨਹੀਂ ਸਨ। ਵੇਦਾਂਤੀ ਦਾ ਦਾਅਵਾ ਇਸ ਲਈ ਅਹਿਮ ਹੈ ਕਿ ਬਲਿਊ ਸਟਾਰ ਪਿੱਛੋਂ ਲਾਇਬਰੇਰੀ ਵਿੱਚ ਜਾਣ ਵਾਲੇ ਪਹਿਲੇ ਵਿਅਕਤੀ ਵੇਦਾਂਤੀ ਹੀ ਸਨ। ਉਹ 19 ਜੂਨ 1984 ਨੂੰ ਸਿੱਖ ਰੈਫਰੈਂਸ ਲਾਇਬਰੇਰੀ ਵਿੱਚ ਗਏ ਸਨ।

ਇਸ ਸੰਬੰਧ ਵਿੱਚ ਜਥੇਦਾਰ ਵੇਦਾਂਤੀ ਨੇ ਕਿਹਾ ਕਿ ਫੌਜ ਵੱਲੋਂ ਵਾਪਸ ਕੀਤੇ ਗਏ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 205 ਸਰੂਪਾਂ ਵਿੱਚੋਂ ਉਨ੍ਹਾਂ ਨੂੰ ਇੱਕ ਵੀ ਨਹੀਂ ਮਿਲਿਆ। ਜਦ ਉਨ੍ਹਾਂ ਤੋਂ ਪੁੱਛਿਆ ਗਿਆ ਕਿ ਫਿਰ ਇਹ ਸਰੂਪ ਕਿੱਥੇ ਗਏ ਤਾਂ ਵੇਦਾਂਤੀ ਨੇ ਕਿਹਾ: ਇਸ ਦਾ ਜਵਾਬ ਉਹੀ ਦੇ ਸਕਦੇ ਹਨ, ਜਿਨ੍ਹਾਂ ਨੇ ਦਸਤਖਤ ਕਰ ਕੇ ਫੌਜ ਤੋਂ ਸਾਮਾਨ ਵਾਪਸ ਲਿਆ ਸੀ, ਇਸ ਦੀ ਸਿੱਧੀ ਜਵਾਬਦੇਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ ਜੀ ਪੀ ਸੀ) ਦੀ ਬਣਦੀ ਹੈ। ਵੇਦਾਂਤੀ ਨੇ ਕਿਹਾ ਕਿ ਬਲਿਊ ਸਟਾਰ ਤੋਂ ਪਹਿਲਾਂ ਸਿੱਖ ਰੈਫਰੈਂਸ ਲਾਇਬਰੇਰੀ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਕਰੀਬ 500 ਹੱਥ ਲਿਖਤ ਸਰੂਪ ਸਨ। ਫੌਜ ਵੱਲੋਂ ਮੋੜੇ ਗਏ ਕਿਸੇ ਵੀ ਸਰੂਪ ਉੱਤੇ ਗੁਰੂ ਗੋਬਿੰਦ ਸਿੰਘ ਜੀ ਦੇ ਦਸਖਤ ਨਹੀਂ ਸਨ। ਉਨ੍ਹਾਂ ਕਿਹਾ ਕਿ ਫੌਜ ਵੱਲੋਂ ਮੋੜੇ ਗਏ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੇ ਗਾਇਬ ਹੋਣ ਦੀ ਨਿਰਪੱਖ ਜਾਂਚ ਜ਼ਰੂਰੀ ਹੈ। ਆਪਣੀ ਰਿਸਰਚ ਦੇ ਲਈ ਲਾਇਬਰੇਰੀ ਵਿੱਚ ਕਾਫੀ ਸਮਾਂ ਬਿਤਾਉਣ ਵਾਲੇ ਵੇਦਾਂਤੀ ਨੇ ਕਿਹਾ ਕਿ ਉਹ ਇੱਕ-ਇੱਕ ਸਰੂਪ ਦੇਖ ਕੇ ਦੱਸ ਸਕਦੇ ਹਨ ਕਿ ਇਹ ਪਹਿਲਾਂ ਦਾ ਹੈ ਜਾਂ ਨਹੀਂ?

ਦੂਸਰੇ ਪਾਸੇ ਸਿੱਖ ਰੈਫਰੈਂਸ ਲਾਇਬਰੇਰੀ ਦੇ ਡਾਇਰੈਕਟਰ ਰਹੇ ਹਰਜਿੰਦਰ ਸਿੰਘ ਦਿਲਗੀਰ ਨੇ ਕਿਹਾ ਕਿ ਉਨ੍ਹਾਂ ਦੇ ਸਮੇਂ ਦੌਰਾਨ ਸਰਕਾਰ ਨੇ ਕੋਈ ਸਾਮਾਨ ਨਹੀਂ ਭੇਜਿਆ। ਇੰਗਲੈਂਡ ਵਿੱਚ ਰਹਿੰਦੇ ਦਿਲਗੀਰ ਨੇ ਲਿਖਤੀ ਦੱਸਿਆ ਕਿ ਉਹ ਜੂਨ 1998 ਤੋਂ 31 ਮਾਰਚ 1999 ਤੱਕ ਡਾਇਰੈਕਟਰ ਸਨ, ਉਨ੍ਹਾਂ ਦੇ ਮੁਤਾਬਕ ਫੌਜ ਨੇ 1985-86 ਵਿੱਚ ਕੁਝ ਸਾਮਾਨ ਦਿੱਤਾ ਸੀ। ਉਸ ਪਿੱਛੋਂ ਉਨ੍ਹਾਂ ਦੇ ਅਹੁਦੇ 'ਤੇ ਰਹਿਣ ਤੱਕ ਕੋਈ ਸਾਮਾਨ ਨਹੀਂ ਆਇਆ। ਉਨ੍ਹਾਂ ਨੇ ਲਾਇਬਰੇਰੀ ਵਿੱਚ ਕੰਮ ਕਰ ਚੁੱਕੇ ਅਨੁਰਾਗ ਸਿੰਘ 'ਤੇ ਦੋਸ਼ ਲਾਇਆ ਕਿ ਹੋ ਸਕਦਾ ਹੈ ਕਿ ਉਨ੍ਹਾਂ ਨੇ ਕੋਈ ਸਾਮਾਨ ਵੇਚ ਦਿੱਤਾ ਹੋਵੇ।

## ਅਮਰੀਕਾ ਵਿੱਚ ਭਾਰਤੀ ਵਿਦਿਆਰਥੀ ਦਸ ਸਾਲਾਂ ਦੌਰਾਨ ਦੁੱਗਣੇ ਹੋ ਗਏ

ਨਵੀਂ ਦਿੱਲੀ, 13 ਜੂਨ (ਪੋਸਟ ਬਿਊਰੋ)- ਭਾਰਤੀ ਨੌਜਵਾਨ ਨਾ ਕੇਵਲ ਵੱਡੇ ਸੁਫਨੇ ਦੇਖਦਾ ਹੈ, ਉਸ ਨੂੰ ਸਾਕਾਰ ਕਰਨ ਦੀ ਜੱਦੋਜਹਿਦ ਵੀ ਕਰਦਾ ਹੈ। ਇਸ ਦਾ ਅੰਦਾਜ਼ਾ ਏਥੋਂ ਲੱਗਦਾ ਹੈ ਕਿ ਅਮਰੀਕਾ ਜਾਣ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਬੀਤੇ ਦਸ ਸਾਲਾਂ ਵਿੱਚ ਦੁੱਗਣੀ ਹੋ ਗਈ ਹੈ। ਚੀਨ ਦੇ ਬਾਅਦ ਸਭ ਤੋਂ ਵੱਧ ਭਾਰਤ ਦੇ ਵਿਦਿਆਰਥੀ ਹੀ ਪੜ੍ਹਾਈ ਲਈ ਅਮਰੀਕਾ ਜਾਂਦੇ ਹਨ। ਅਮਰੀਕੀ ਦੂਤਘਰ ਵਿੱਚ ਕੱਲ੍ਹ ਪੰਜਵੇਂ ਸਟੂਡੈਂਟ ਵੀਜ਼ਾ ਡੇਅ 'ਤੇ ਇਹ ਜਾਣਕਾਰੀ ਪਤਾ ਲੱਗੀ ਹੈ। ਇਸ ਮੌਕੇ ਚਾਰ ਹਜ਼ਾਰ ਭਾਰਤੀ ਵਿਦਿਆਰਥੀਆਂ ਨੇ ਅਮਰੀਕੀ ਵੀਜ਼ਾ ਦੀ ਇੰਟਰਵਿਊ ਦਿੱਤੀ, ਜਿਨ੍ਹਾਂ ਵਿੱਚੋਂ ਦਿੱਲੀ ਵਿੱਚ 1100 ਜਣੇ ਅਤੇ ਬਾਕੀ ਸਾਰੇ ਚੇਨਈ, ਹੈਦਰਾਬਾਦ, ਮੁੰਬਈ ਅਤੇ ਕੋਲਕਾਤਾ ਦੇ ਕੇਂਦਰਾਂ ਵਿੱਚ ਗਏ। ਸਾਲ 2018 ਵਿੱਚ ਭਾਰਤ ਤੋਂ ਅਮਰੀਕਾ ਦੇ ਉਚ ਵਿਦਿਅਕ ਸੰਸਥਾਵਾਂ ਵਿੱਚ ਕੁੱਲ ਇੱਕ ਲੱਖ 96 ਬੱਚੇ ਪੜ੍ਹਨ ਗਏ ਸਨ।

ਕੱਲ੍ਹ ਇਸ ਪ੍ਰੋਗਰਾਮ ਵਿੱਚ ਅਮਰੀਕੀ ਦੂਤਘਰ ਨੇ ਯੂ ਐਸ-ਇੰਡੀਆ ਐਜੂਕੇਸ਼ਨ ਫਾਊਂਡੇਸ਼ਨ (ਯੂ ਐੱਸ ਆਈ ਈ ਐੱਫ) ਦੇ ਸਹਿਯੋਗ ਨਾਲ ਐਜੂਕੇਸ਼ਨ ਯੂ ਐਸ ਏ ਮੋਬਾਈਲ ਐਪ ਵੀ ਲਾਂਚ ਕੀਤਾ ਹੈ। ਦਿੱਲੀ ਦੇ ਅਮਰੀਕੀ ਦੂਤਘਰ ਦੀ ਚਾਰਜ ਡੀ ਅਫੇਅਰਜ਼ ਮੈਰੀਕੇ ਕਾਰਲਸਨ, ਕੌਂਸਲ ਜਨਰਲ ਜਾਰਜ ਐਚ ਹੋਗੇਮੈਨ, ਸਭਿਆਚਾਰਕ ਮਾਮਲਿਆਂ ਦੇ ਡਿਪਟੀ ਅਫਸਰ ਕਾਰਲ ਐਡਮ ਮੌਜੂਦ ਰਹੇ। ਦੂਤਘਰ ਦੇ ਪ੍ਰਤੀਨਿਧਾਂ ਨੇ ਦੱਸਿਆ ਕਿ ਸਟੂਡੈਂਟ ਵੀਜ਼ਾ ਡੇਅ 'ਤੇ ਅਮਰੀਕੀ ਦੂਤਘਰ ਪੜ੍ਹਾਈ ਲਈ ਅਮਰੀਕਾ ਜਾਂਦੇ ਯੋਗ ਵਿਦਿਆਰਥੀਆਂ ਦੀ ਮਦਦ ਕਰਦਾ ਤੇ ਉਨ੍ਹਾਂ ਨੂੰ ਅਮਰੀਕੀ ਸਰਕਾਰ ਵੱਲੋਂ ਸ਼ੁਰੂ ਕੀਤੇ ਗਏ ਪ੍ਰੋਗਰਾਮ ਐਜੂਕੇਸ਼ਨ ਯੂ ਐੱਸ ਏ ਨਾਲ ਜੋੜਿਆ ਜਾਂਦਾ ਹੈ।

## ਲੋਕ ਸਭਾ ਚੋਣਾਂ ਵਿੱਚ ਹਾਰ ਪਿੱਛੋਂ ਕਾਂਗਰਸ ਦੀ ਕੋਰ ਕਮੇਟੀ ਭੰਗ



ਨਵੀਂ ਦਿੱਲੀ, 13 ਜੂਨ (ਪੋਸਟ ਬਿਊਰੋ)- ਲੋਕ ਸਭਾ ਚੋਣਾਂ ਵਿੱਚ ਕਰਾਰੀ ਹਾਰ ਪਿੱਛੋਂ ਕਾਂਗਰਸ ਹਰਕਤ ਵਿੱਚ ਹੈ ਤੇ ਇਸ ਕਾਰਨ ਪਾਰਟੀ ਦੀ ਕੋਰ ਕਮੇਟੀ ਭੰਗ ਕਰ ਦਿੱਤੀ ਗਈ ਹੈ। ਕਾਂਗਰਸ ਪਾਰਟੀ ਦੇ ਬੁਲਾਰੇ ਰਣਦੀਪ ਸੁਰਜੇਵਾਲਾ ਨੇ ਦੱਸਿਆ ਕਿ ਪਾਰਟੀ ਜਨਰਲ ਸਕੱਤਰ ਕੇ ਸੀ ਵੇਣੂਗੋਪਾਲ ਜਲਦੀ ਹੀ ਸੂਬਾ ਇੰਚਾਰਜਾਂ ਦੀ ਬੈਠਕ ਬੁਲਾਉਣਗੇ, ਜਿਸ ਵਿੱਚ ਅਗਲੀਆਂ ਰਣਨੀਤੀਆਂ ਬਾਰੇ ਚਰਚਾ ਹੋਵੇਗੀ। ਚੇਤੇ ਰੱਖਣ ਯੋਗ ਹੈ ਕਿ ਕਾਂਗਰਸ ਨੇ ਅਗਲੇ ਪਾਰਲੀਮੈਂਟ ਸੈਸ਼ਨ ਲਈ ਰਣਨੀਤੀ 'ਤੇ ਚਰਚਾ ਲਈ ਕੱਲ੍ਹ ਬੈਠਕ ਬੁਲਾਈ ਸੀ। ਇਸ ਤੋਂ ਬਾਅਦ ਪਾਰਟੀ ਦੀ ਕੋਰ ਕਮੇਟੀ ਭੰਗ ਕਰ ਦਿੱਤੀ ਗਈ।

ਦੂਸਰੇ ਪਾਸੇ ਰਾਹੁਲ ਗਾਂਧੀ ਦੇ ਅਸਤੀਫੇ ਦੀ ਪੇਸ਼ਕਸ਼ ਨੂੰ ਪਿਛਲੇ ਕਈ ਦਿਨਾਂ ਤੋਂ ਦੀਆਂ ਅਟਕਲਾਂ 'ਤੇ ਹਾਲੇ ਰੋਕ ਲਾਉਂਦੇ ਹੋਏ ਕਾਂਗਰਸ ਨੇ ਕਿਹਾ ਕਿ ਰਾਹੁਲ ਗਾਂਧੀ ਪਾਰਟੀ ਪ੍ਰਧਾਨ ਸਨ, ਹਨ ਤੇ ਅੱਗੇ ਵੀ ਰਹਿਣਗੇ। ਸਾਬਕਾ ਕੇਂਦਰੀ ਮੰਤਰੀ ਕੇ ਕੇ ਐਂਟੋਨੀ ਦੇ ਮਾਰਗ ਦਰਸ਼ਨ ਵਿੱਚ ਹੋਈ ਪਾਰਟੀ ਦੇ ਸੀਨੀਅਰ ਨੇਤਾਵਾਂ ਦੀ ਗੈਰ ਰਸਮੀ ਬੈਠਕ ਤੋਂ ਬਾਅਦ ਕਾਂਗਰਸ ਦੇ ਮੁੱਖ ਬੁਲਾਰੇ ਸੁਰਜੇਵਾਲਾ ਨੇ ਇਹ ਟਿੱਪਣੀ ਕੀਤੀ ਹੈ। ਇਸ ਬੈਠਕ ਵਿੱਚ ਪਾਰਟੀ ਦੇ ਕਈ ਸੀਨੀਅਰ ਨੇਤਾ ਮੌਜੂਦ ਸਨ। ਰਾਹੁਲ ਗਾਂਧੀ ਇਸ ਵਿੱਚ ਨਹੀਂ ਸਨ। ਉਨ੍ਹਾਂ ਦੇ ਪ੍ਰਧਾਨਗੀ ਅਹੁਦੇ ਤੋਂ ਅਸਤੀਫੇ ਦੀ ਸਥਿਤੀ ਬਾਰੇ ਪੁੱਛੇ ਜਾਣ 'ਤੇ ਸੁਰਜੇਵਾਲਾ ਨੇ ਪੱਤਰਕਾਰਾਂ ਨੂੰ ਕਿਹਾ, ਰਾਹੁਲ ਜੀ ਪ੍ਰਧਾਨ ਸਨ, ਹਨ ਅਤੇ ਰਹਿਣਗੇ। ਸਾਡੇ ਵਿੱਚੋਂ ਕਿਸੇ ਨੂੰ ਇਸ ਉਤੇ ਕੋਈ ਸ਼ੱਕ ਨਹੀਂ ਹੈ। ਇਹ ਪੁੱਛੇ ਜਾਣ ਉਤੇ ਕਿ ਗਾਂਧੀ ਦਾ ਬਦਲ ਲੱਭਿਆ ਜਾ ਰਿਹਾ ਹੈ ਤਾਂ ਉਨ੍ਹਾਂ ਕਿਹਾ, ਇਸ ਸਵਾਲ ਦਾ ਕੋਈ ਮਤਲਬ ਨਹੀਂ ਹੈ। ਵਰਨਣ ਯੋਗ ਹੈ ਕਿ ਲੋਕ ਸਭਾ ਚੋਣਾਂ ਵਿੱਚ ਕਾਂਗਰਸ ਦੀ ਹਾਰ ਤੋਂ ਬਾਅਦ 25 ਨੂੰ ਹੋਈ ਪਾਰਟੀ ਦੀ ਵਰਕਿੰਗ ਕਮੇਟੀ ਦੀ ਬੈਠਕ ਵਿੱਚ ਰਾਹੁਲ ਗਾਂਧੀ ਨੇ ਅਸਤੀਫੇ ਦੀ ਪੇਸ਼ਕਸ਼ ਕੀਤੀ ਸੀ ਅਤੇ ਇਸ ਤੋਂ ਬਾਅਦ ਇਸ ਨੂੰ ਲੈ ਕੇ ਲਗਾਤਾਰ ਦੁਚਿੱਤੀ ਬਣੀ ਹੈ ਕਿ ਉਹ ਕਾਂਗਰਸ ਪ੍ਰਧਾਨ ਰਹਿਣਗੇ ਜਾਂ ਕੋਈ ਬਦਲਵੀਂ ਵਿਵਸਥਾ ਹੋਵੇਗੀ।

ਪਾਰਟੀ ਦੇ ਸੀਨੀਅਰ ਨੇਤਾ ਐਂਟੋਨੀ ਦੇ ਮਾਰਗਦਰਸ਼ਨ ਵਿੱਚ ਗੁਰਦੁਆਰਾ ਰਕਾਬਗੰਜ ਰੋਡ ਦੇ ਪਾਰਟੀ ਦੇ ਵਾਰ ਰੂਮ ਵਿੱਚ ਹੋਈ ਬੈਠਕ ਵਿੱਚ ਅਹਿਮਦ ਪਟੇਲ, ਪੀ ਚਿਦੰਬਰਮ, ਗੁਲਾਮ ਨਬੀ ਆਜ਼ਾਦ, ਮਹਿਲਕਾਰਜੁਨ ਖੜਗੇ, ਜੈਰਾਮ ਰਮੇਸ਼, ਕੇ ਸੀ ਵੇਣੂਗੋਪਾਲ, ਆਨੰਦ ਸ਼ਰਮਾ ਅਤੇ ਸੁਰਜੇਵਾਲਾ ਸ਼ਾਮਲ ਸਨ। ਇਹ ਨੇਤਾ ਲੋਕ ਸਭਾ ਚੋਣਾਂ ਲਈ ਪਾਰਟੀ ਦੇ ਕੋਰ ਗਰੁੱਪ ਵਿੱਚ ਸ਼ਾਮਲ ਸਨ। ਰਣਦੀਪ ਸੁਰਜੇਵਾਲਾ ਨੇ ਕਿਹਾ ਕਿ ਇਸ ਬੈਠਕ ਵਿੱਚ ਮਹਾਰਾਸ਼ਟਰ, ਹਰਿਆਣਾ, ਝਾਰਖੰਡ ਅਤੇ ਜੰਮੂ-ਕਸ਼ਮੀਰ ਵਿੱਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਦੀਆਂ ਤਿਆਰੀਆਂ ਨੂੰ ਲੈ ਕੇ ਵੀ ਚਰਚਾ ਹੋਈ।


## ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ

- 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ
- Biweekly payment
- Homely Environment
- ਵਧੀਆ ਤਨਖਾਹ

Minimum 1 year experience & Trained mechanic



ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)




Matrimonial
ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

### ਲੜਕੀ ਦੀ ਲੋੜ

ਜੱਟ ਸਿੱਖ ਢਿੱਲੋ ਲੜਕਾ, ਉਮਰ 25 ਸਾਲ, ਕੱਦ 5'-11", ਇੰਡੀਆ ਫਗਵਾੜਾ (ਪੰਜਾਬ) ਵਿੱਚ ਰਹਿੰਦੇ ਲੜਕੇ ਲਈ ਕੇਨੈਡੀਅਨ ਪੀ-ਆਰ ਲੜਕੀ ਜਾਂ ਵੱਰਕ ਪਰਮਿਟ/ਸਟੂਡੈਂਟ ਲੜਕੀ ਦੀ ਲੋੜ ਹੈ। ਪੀ-ਆਰ /Study ਦਾ ਸਾਰਾ ਖਰਚਾ ਲੜਕੇ ਦਾ ਪਰਿਵਾਰ ਕਰੇਗਾ। ਲੜਕੇ ਦਾ ਭਰਾ ਕੇਨੈਡਾ ਵਿੱਚ ਵੇਲ ਸੈਟਲਡ ਹੈ। ਕਾਲ ਕਰੋ: 416-628-6468 ਜਾਂ 01191-94634-85326

ਜੱਟ ਸਿੱਖ ਸਰਦਾਰ, ਉਮਰ 26 ਸਾਲ, ਲੰਬਾਈ 5 ਫੁੱਟ 8 ਇੰਚ, B.tech ਪੜ੍ਹਿਆ, ਵੀਜ਼ਿਟਰ ਵਿਜੇ ਤੇ ਆਏ ਲੜਕੇ ਲਈ Student/PR/Citizen ਲੜਕੀ ਦੀ ਲੋੜ ਹੈ। ਲੜਕੇ ਦਾ ਭਰਾ ਕੈਨੇਡਾ ਵਿੱਚ PR ਹੈ। ਸੰਪਰਕ- 289-772-6056, 437-236-5093

ਜੱਟ ਸਿੱਖ ਲੜਕਾ ਉਮਰ 29 ਸਾਲ, ਕੱਦ 6'2", MCOM, MBA & PGDCA ਅੰਮ੍ਰਿਤਧਾਰੀ ਵਿਜ਼ੀਟਰ ਵੀਜ਼ੇ ਤੇ ਆਏ ਲੜਕੇ ਲਈ PR/Citizen/Student ਲੜਕੀ ਦੀ ਲੋੜ ਹੈ । (Student ਦਾ ਖਰਚਾ ਵੀ ਕਰ ਸਕਦੇ ਹਾਂ) ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-643-4154

ਜੱਟ ਸਿੱਖ ਲੜਕਾ, ਉਮਰ 40 ਸਾਲ, ਕੱਦ 5'5", ਫਰਾਂਸ ਸਿਟੀਜ਼ਨ, ਇਕ 19 ਸਾਲਾਂ ਦੀ ਧੀ , ਪਤਨੀ ਦੀ ਮੌਤ ਨੂੰ 3 ਸਾਲ ਹੋ ਗਏ ਹਨ, ਕੈਨੇਡੀਅਨ PR ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 437-770-4806

Khatriboy 5'-7", Age 30 yrs, M.sc. in Mechanical eng. PR in Canada ਲਈ WorkPermit ਜਾਂ PR ਹੋਈ ਪੜ੍ਹੀ ਲਿਖੀ ਲੜਕੀ ਦੀ ਜਰੂਰਤ ਹੈ। - CASTE NO-BAR. For more info. Call 416-917-8804

Check our Free E-paper at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202

### ਲੜਕੀ ਦੀ ਲੋੜ

ਜੱਟ ਸਿੱਖ, ਉਮਰ 27 ਸਾਲ, ਕੱਦ 5'-11", ਪੜ੍ਹਿਆ-ਲਿਖਿਆ, ਵੈਸ਼ਣੂ ਤੇ ਕੈਨੇਡਾ ਵਿੱਚ ਵੈਲ-ਸੈਟਲ ਲੱੜਕੇ ਲਈ ਪੜ੍ਹੀ-ਲਿਖੀ ਕੈਨੇਡੀਅਨ ਸਿਟੀਜ਼ਨ ਜਾਂ P.R ਲੜਕੀ ਦੀ ਲੋੜ ਹੈ। ਸੰਪਰਕ ਕਰੋ: 647-290-8872 I 905-963-9134 ਜਾਂ ਈ-ਮੇਲ : mdeol84@yahoo.com

ਜੱਟ ਸਿੱਖ ਭੱਠਲ, ਉਮਰ 32 ਸਾਲ, ਕੱਦ 6 ਫੁੱਟ, BA ਪਾਸ, ਨਸ਼ਾ ਰਹਿਤ ਲੜਕੇ ਲਈ PR ਜਾਂ Citizen ਲੜਕੀ ਦੀ ਲੋੜ। ਲੜਕਾ ਵਰਕ ਪਰਮਿਟ ਤੇ ਵਧੀਆ ਜਪਬ ਕਰਦਾ ਹੈ, ਲੁਧਿਆਣਾ ਤੇ ਮੋਗਾ ਜਿਲ੍ਹੇ ਨੂੰ ਪਹਿਲ, ਡਿਵੋਰਸੀ ਤੇ ਵੀ ਗੌਰ ਕੀਤੀ ਜਾ ਸਕਦੀ ਹੈ, ਲੜਕੇ ਦੀ ਭੈਣ ਕੇਨੇਡਾ ਵਿੱਚ ਵੈੱਲ ਸੈਟਲਡ ਹੈ। ਸੰਪਰਕ ਕਰੋ: 416-846-4141, 647-293-3813 ਜਾਂ ਫੇਰ ਈ-ਮੇਲ ਕਰੋ jyot317@gmail.com

ਜੱਟ ਸਿੱਖ ਲੜਕਾ, ਉਮਰ 27 ਸਾਲ, ਕੱਦ 5'11", ਨਸ਼ਿਆਂ ਤੋ ਦੂਰ, ਬੀ ਏ ਪਾਸ ਲਈ ਕਨੇਡੀਅਨ ਪੀ ਆਰ ਜਾਂ ਵੀਜ਼ਿਟਰ ਲੜਕੀ ਦੀ ਲੋੜ ਹੈ, ਸਟੂਡੈਂਟ ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +647 339 0864

ਜੱਟ ਸਿੱਖ ਕੁਲਾਰ ਲੜਕਾ, ਉਮਰ 27 ਸਾਲ , ਕੱਦ 5'10", Self Employed, ਵੱਰਕ ਵੀਜੇ ਤੇ ਆਏ ਲੜਕੇ ਲਈ, ਸੋਹਣੀ ਸੁਣਖੀ, ਲੰਮੀ ਤੇ ਪਤਲੀ P.R ਜਾਂ citizen ਲੜਕੀ ਦੀ ਲੋੜ ਹੈ। Student ਤੇ ਵੀ ਗੋਰ ਕੀਤੀ ਜਾ ਸਕਦੀ ਹੈ ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 91-9888871813 I 306-612-4093 ਜਾਂ ਇ ਮੇਲ ਕਰੋ: kaurindergrewal@gmail.com

YOUR AD HERE
Check our Free E-paper at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202

### ਲੜਕੇ ਦੀ ਲੋੜ

Canadian born punjabi tonk kshatriya girl, 35 yrs old, 5'3", certificate in accounting. Boy should be hindu punjabi (36 to 39 yrs), (5'9" to 5'11"), attractive, athletic, vegetarian, educated. Plz send biodata with recent pictures.
E -mail: matri.response2018@gmail. com 1 mnth

ਸਿੱਧੂ ਗੁਰਸਿਖ, ਉਮਰ 33 ਸਾਲ, B.Sc Science,ਇੰਡੀਆ, ਲੁਧਿਆਣਾ ਵਿੱਚ ਅਧਿਆਪਕ ਦੀ ਜੋਬ ਕਰ ਰਹੀ ਲੜਕੀ ਲਈ ਲੜਕੇ ਦੀ ਲੋੜ ਹੈ। Divorcee ਤੇ ਵੀ ਗੋਰ ਕੀਤੀ ਜਾ ਸਕਦੀ ਹੈ; ਸੰਪਰਕ ਕਰੋ: 416-358-9294 I 204-583-3970 I 9815410050 1 mnth

ਜੱਟ ਸਿੱਖ ਲੱੜਕੀ, ਉਮਰ 27 ਸਾਲ, ਕੱਦ 5'-5", ਡਾਕਟਰ (M.D), ਕਨੇਡੀਅਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਡਾਕਟਰ ਜਾਂ ਵਧੀਆ ਨੌਕਰੀ ਕਰਦਾ ਸਿਟੀਜ਼ਨ ਲੜਕੇ ਦੀ ਚਾਹੀਦਾ ਹੈ। ਸੰਪਰਕ ਕਰੋ: 647-701-9163, 905-915-3043

ਜੱਟ ਸਿੱਖ ਲੜਕੀ ਉਮਰ 28 ਸਾਲ, ਮਾਸਟਰ ਡਿਗਰੀ ਪੰਜਾਬੀ ਯੂਨੀਵਰਸਿਟੀ, ਤਲਾਕਸੁਧਾ ਤੇ ਇਕ ਤਿੰਨ ਸਾਲਾਂ ਦੀ ਧੀ ਲਈ ਕੈਨੇਡੀਅਨ PR ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ : 416-725-2929

ਜਟ ਸਿਖ ਪਰਿਵਾਰਕ ਲੜਕੀ, ਉਮਰ 28 ਸਾਲ, ਕਦ 5'-4", +2 ਕੀਤੀ ਹੋਨਹਾਰ ਲੜਕੀ ਲਈ P.R or Divorcee ਲੜਕਾ ਚਾਹੀਦਾ ਹੈ। ਲੜਕੀ ਇਥੇ ਕਨੇਡਾ ਆਈ ਹੋਈ ਹੈ। ਕਾਲ ਕਰੋ : 289-489-9321 ਜਾਂ 1-204-951-7136

### ਲੜਕੇ ਦੀ ਲੋੜ

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੱਨ ਨੌਕਰੀ ਕਰਦੀ ਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3", ਕੈਮੀਕਲ ਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-6", Divorcee ਤੇ 4 ਸਾਲ ਦੀ ਧੀ, ਇੰਡੀਆ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜ਼ਨ ਜਾਂ ਇਮੀਗ੍ਰੇਟ ਲੜਕੇ ਦੀ ਲੋੜ ਹੈ। Divorcee ਜਾਂ ਜਾਤ-ਪਾਤ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +91 9872665678 I 416-822-5229

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4", ਵਿਜ਼ਟਰ ਵੀਜੇ ਤੇ ਆਈ ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਸੰਪਰਕ ਕਰੋ : 647-267-0656 I 416-509-7252

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3", ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਜੱਟ ਸਿੱਖ ਲੜਕੀ, ਉਮਰ 33 ਸਾਲ, ਇਕ ਬੱਚੀ ਸਾਢੇ 3 ਸਾਲ, ਲਈ ਲੜਕੇ ਦੀ ਲੋੜ ਹੈ। ਲੜਕੀ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਈ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 647-239-4939, 734-377-4076

### Cell n Tell Distribution Inc.

1-401 Traders Blvd E, Mississauga, ON

Requires F/T Permanent Position, "Cellular Telephone Technician " to diagnose faults, Install, arrange, remove, maintain cellphones and related equipment. Ability to work on circuit boards, wiring and associated hardware. Inspect and test cellular equipment. Repair or replace defective and damages parts, wiring and associated equipment.

- $29 per hr
- Experience: 3-5 years
- Education has to be secondary high school or equivalent experience

Email Resume at umar.w@cellntell.com

### ਫੌਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

### Cell n Tell Distribution Inc.

1-401 Traders Blvd E, Mississauga, ON

Requires F/T Permanent Position, 30 Hrs P/Week " Wholesale Establishment Manager" to study market research and trends to determine consumer demand, potential sales volumes and effect of competitors operation on sales. Determine merchandise and services to be sold, Implement Price and credit policies, locate and select and procure merchandise for resale. Develop and implement marketing strategies. Plan budgets and monitor revenues and expenses. Resolve problems, customer complaints and supply shortages, plan, organize, direct, control evaluate daily operations.

- $50 per hr
- Experience: 5 years or more
- Education: Bachelors Degree Business/Commerce

Email Resume: hr@cellntell.com or umar.w@cellntell.com

### STARLANE PAINTING

Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

# ਰਾਜਮਾ ਖਾਣ ਦੇ ਲਾਭ



ਰਾਜਮਾ ਨੂੰ ਕਿਡਨੀ ਬੀਨਸ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਭਾਰਤ ਸਮੇਤ ਦੁਨੀਆ ਦੇ ਜ਼ਿਆਦਾਤਰ ਹਿੱਸਿਆਂ 'ਚ ਰਾਜਮਾ ਬਹੁਤ ਚਾਅ ਨਾਲ ਖਾਦੇ ਜਾਂਦੇ ਹਨ, ਜਿਸ ਤਰ੍ਹਾਂ ਭਾਰਤ 'ਚ ਰਾਜਮਾ ਨੂੰ ਬਹੁਤ ਪਸੰਦ ਕੀਤਾ ਜਾਂਦਾ ਹੈ ਉਸੇ ਤਰ੍ਹਾਂ ਮੈਕਸੀਕਨ ਫੂਡ 'ਚ ਵੀ ਇਹ ਪ੍ਰਮੁੱਖ ਰੂਪ ਨਾਲ ਵਰਤੋਂ 'ਚ ਲਿਆਇਆ ਜਾਂਦਾ ਹੈ। ਅੱਜ ਅਸੀਂ ਤੁਹਾਨੂੰ ਰਾਜਮਾ ਖਾਣ ਨਾਲ ਸਰੀਰ ਨੂੰ ਹੋਣ ਵਾਲੇ ਫਾਇਦਿਆਂ ਬਾਰੇ ਦੱਸਣ ਜਾ ਰਹੇ ਹਾਂ। ਆਓ ਜਾਣਦੇ ਹਾਂ ਇਸ ਬਾਰੇ...

1. ਤਾਕਤ ਦਾ ਚੰਗਾ ਸਰੋਤ

ਰਾਜਮਾ 'ਚ ਜ਼ਿਆਦਾ ਮਾਤਰਾ 'ਚ ਆਇਰਨ ਮੌਜੂਦ ਹੁੰਦਾ ਹੈ ਜਿਸ ਵਜ੍ਹਾ ਨਾਲ ਇਹ ਤਾਕਤ ਦੇਣ ਦਾ ਕੰਮ ਕਰਦਾ ਹੈ। ਸਰੀਰ ਦੇ ਮੈਟਾਬਾਲੀਜ਼ਮ ਅਤੇ ਊਰਜਾ ਲਈ ਆਇਰਨ ਦੀ ਜ਼ਰੂਰਤ ਹੁੰਦੀ ਹੈ ਜੋ ਰਾਜਮਾ ਖਾਣ ਨਾਲ ਪੂਰੀ ਹੋ ਜਾਂਦੀ ਹੈ। ਨਾਲ ਹੀ ਇਹ ਸਰੀਰ 'ਚ ਆਕਸੀਜਨ ਦੇ ਸਰਕੁਲੇਸ਼ਨ ਨੂੰ ਵੀ ਵਧਾਉਂਦਾ ਹੈ।

2. ਕੈਲੋਰੀ ਦੀ ਸਹੀ ਮਾਤਰਾ

ਰਾਜਮਾ 'ਚ ਜਿਸ ਮਾਤਰਾ 'ਚ ਕੈਲੋਰੀ ਮੌਜੂਦ ਹੁੰਦੀ ਹੈ ਉਹ ਹਰ ਉਮਰ ਦੇ ਲਈ ਸਹੀ ਹੁੰਦੀ ਹੈ। ਤੁਸੀਂ ਚਾਹੋ ਤਾਂ ਇਸ ਨੂੰ ਕੜੀ ਦੇ ਇਲਾਵਾ ਸਲਾਦ ਅਤੇ ਸੂਪ ਦੇ ਰੂਪ 'ਚ ਵੀ ਲੈ ਸਕਦੇ ਹੋ। ਅਜਿਹੇ ਲੋਕ ਜੋ ਆਪਣੇ ਭਾਰ ਨੂੰ ਕੰਟਰੋਲ 'ਚ ਕਰਨਾ ਚਾਹੁੰਦੇ ਹਨ ਉਨ੍ਹਾਂ ਲਈ ਲੰਚ 'ਚ ਰਾਜਮਾ ਦਾ ਸਲਾਦ ਅਤੇ ਸੂਪ ਲੈਣਾ ਫਾਇਦੇਮੰਦ ਰਹੇਗਾ।

3. ਪਾਚਨ ਕਿਰਿਆ

ਰਾਜਮਾ 'ਚ ਜ਼ਿਆਦਾ ਮਾਤਰਾ 'ਚ ਫਾਈਬਰ ਮੌਜੂਦ ਹੁੰਦੇ ਹਨ ਜੋ ਪਾਚਨ ਕਿਰਿਆ ਨੂੰ ਸਹੀ ਬਣਾਈ ਰੱਖਦੇ ਹਨ। ਨਾਲ ਹੀ ਇਹ ਬਲੱਡ ਸ਼ੂਗਰ ਦੇ ਲੈਵਲ ਨੂੰ ਵੀ ਕੰਟਰੋਲ 'ਚ ਰੱਖਣ 'ਚ ਮਦਦ ਕਰਦੇ ਹਨ।

4. ਦਿਮਾਗ ਲਈ ਫਾਇਦੇਮੰਦ

ਰਾਜਮਾ ਖਾਣ ਨਾਲ ਦਿਮਾਗ ਨੂੰ ਬਹੁਤ ਫਾਇਦਾ ਹੁੰਦਾ ਹੈ। ਇਸ 'ਚ ਭਰਪੂਰ ਮਾਤਰਾ 'ਚ ਵਿਟਾਮਿਨ ਕੇ ਮੌਜੂਦ ਹੁੰਦਾ ਹੈ ਜੋ ਕਿ ਨਰਵਸ ਸਿਸਟਮ ਨੂੰ ਬੂਸਟ ਕਰਨ ਦਾ ਕੰਮ ਕਰਦਾ ਹੈ। ਨਾਲ ਹੀ ਇਹ ਵਿਟਾਮਿਨ ਬੀ ਦਾ ਵੀ ਚੰਗਾ ਸਰੋਤ ਹੈ। ਜੋ ਕਿ ਦਿਮਾਗ ਦੀਆਂ ਕੋਸ਼ੀਕਾਵਾਂ ਲਈ ਬਹੁਤ ਜ਼ਰੂਰੀ ਹੈ।

5. ਕੋਲੈਸਟਰੋਲ ਨੂੰ ਕੰਟਰੋਲ ਕਰੇ

ਰਾਜਮਾ 'ਚ ਜ਼ਿਆਦਾ ਮਾਤਰਾ 'ਚ ਮੈਗਨੀਸ਼ੀਅਮ ਮੌਜੂਦ ਹੁੰਦਾ ਹੈ ਨਾਲ ਹੀ ਇਹ ਕੋਲੈਸਟਰੋਲ ਦੇ ਲੈਵਲ ਨੂੰ ਵੀ ਕੰਟਰੋਲ 'ਚ ਰੱਖਣ ਦਾ ਕੰਮ ਕਰਦਾ ਹੈ। ਇਸ 'ਚ ਮੌਜੂਦ ਮੈਗਨੀਸ਼ੀਅਮ ਦੀ ਮਾਤਰਾ ਦਿਲ ਨਾਲ ਜੁੜੀਆਂ ਬੀਮਾਰੀਆਂ ਨਾਲ ਲੜਣ 'ਚ ਸਹਾਈ ਹੁੰਦੀ ਹੈ।

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

# ਪੰਜਾਬ ਦਾ ਮਾਣ: ਬਾਬਾ ਖੜਕ ਸਿੰਘ

-ਮਨਪ੍ਰੀਤ ਕੌਰ-



ਬਾਬਾ ਖੜਕ ਸਿੰਘ ਦਾ ਜਨਮ ਛੇ ਜੂਨ 1868 ਨੂੰ ਸਿਆਲਕੋਟ ਵਿੱਚ ਰਾਏ ਬਹਾਦਰ ਹਰੀ ਸਿੰਘ ਦੇ ਘਰ ਹੋਇਆ, ਜੋ ਬ੍ਰਿਟਿਸ਼ ਗੌਰਮਿੰਟ ਵਿੱਚ ਉਚ ਅਧਿਕਾਰੀ ਸਨ। ਬੀ ਏ ਦੀ ਡਿਗਰੀ ਕਰਨ ਮਗਰੋਂ ਐਲ ਐਲ ਬੀ ਪਾਸ ਕਰਕੇ ਬਾਬਾ ਜੀ ਵਕੀਲ ਬਣ ਗਏ। ਉਹ ਮੁੱਢ ਤੋਂ ਹੀ ਆਜ਼ਾਦੀ ਦੇ ਆਸ਼ਿਕ ਤੇ ਗੁਲਾਮੀ ਦੇ ਕੱਟੜ ਵੈਰੀ ਸਨ। ਭਾਵੇਂ ਹੋਣਹਾਰ ਤੇ ਪੰਥ ਵਿੱਚ ਹਰਮਨ ਭਾਉਂਦਾ ਦੇਖ ਕੇ ਸਰਕਾਰ ਨੇ ਉਨ੍ਹਾਂ ਨੂੰ ਜੁਡੀਸ਼ਲ ਅਹੁਦੇ ਦੀ ਪੇਸ਼ ਕੀਤੇ, ਪਰ ਉਹ ਨੌਕਰੀ ਕਰਨ ਤੋਂ ਇਨਕਾਰੀ ਰਹੇ ਅਤੇ ਆਜ਼ਾਦ ਰਹਿ ਕੇ ਪ੍ਰੈਕਟਿਸ ਕਰਨਾ ਠੀਕ ਸਮਝਿਆ।

ਨੋਟ ਕਰਨ ਦੀ ਗੱਲ ਹੈ ਕਿ ਬਾਬਾ ਖੜਕ ਸਿੰਘ ਦੇ ਆਗਮਨ ਤੋਂ ਪਹਿਲਾਂ ਜੇ ਸਿੱਖਾਂ ਦੀ ਕੋਈ ਹਰਮਨ ਪਿਆਰੀ ਸੰਸਥਾ ਸੀ ਤਾਂ ਉਹ 'ਸਿੱਖ ਐਜੁਕੇਸ਼ਨਲ ਕਾਨਫਰੰਸ' ਸੀ, ਜਿਸ ਵਿੱਚ ਸਿੱਖ ਕੌਮ ਦੇ ਵਿਦਵਾਨ ਹਰ ਸਾਲ ਇਕੱਠੇ ਹੁੰਦੇ ਤੇ ਵਿੱਦਿਆ ਬਾਰੇ ਸੋਚ ਵਿਚਾਰ ਕਰਦੇ। ਇਸ ਸੰਸਥਾ ਨੇ ਸਿੱਖਾਂ ਵਿੱਚ ਵਿੱਦਿਆ ਦੇ ਵਿਕਾਸ ਤੇ ਪ੍ਰਵਾਸ ਵਿੱਚ ਵੱਡਾ ਯੋਗਦਾਨ ਪਾਇਆ, ਜਿਸ ਸਦਕਾ ਸਿੱਖ ਵਿੱਦਿਅਕ ਸੰਸਥਾਵਾਂ ਹੋਂਦ ਵਿੱਚ ਆਈਆਂ। 'ਸਿੱਖ ਐਜੁਕੇਸ਼ਨਲ ਕਾਨਫਰੰਸ' ਦਾ ਪੰਜਵਾਂ ਸੈਸ਼ਨ ਸਿਆਲਕੋਟ ਵਿੱਚ ਹੋਇਆ। ਇਸ ਵਿੱਚ ਸਰਦਾਰ ਖੜਕ ਸਿੰਘ ਨੂੰ ਸੁਆਗਤ ਕਮੇਟੀ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਅਤੇ ਓਥੇ ਬਾਬਾ ਖੜਕ ਸਿੰਘ ਵੱਲੋਂ ਦਿੱਤੇ ਗਏ ਭਾਸ਼ਣ ਨੂੰ ਸਿੱਖਾਂ ਨੇ ਬਹੁਤ ਪਸੰਦ ਕੀਤਾ। ਕਾਨਫਰੰਸ ਦਾ ਨੌਵਾਂ ਸਮਾਗਮ ਤਰਨ ਤਾਰਨ ਵਿੱਚ ਹੋਇਆ, ਜਿਥੇ ਉਨ੍ਹਾਂ ਨੂੰ ਪੰਥ ਨੇ ਪ੍ਰਧਾਨ ਥਾਪਿਆ। ਸੰਨ 1920 ਵਿੱਚ ਸਿੱਖ ਲੀਗ ਦੇ ਸੈਸ਼ਨ ਦਾ ਪ੍ਰਧਾਨ ਵੀ ਬਾਬਾ ਜੀ ਨੂੰ ਮੰਨਿਆ ਗਿਆ। ਓਦੋਂ ਲਾਹੌਰ ਵਿੱਚ ਉਨ੍ਹਾਂ ਨੇ ਨਾ-ਮਿਲਵਰਤਨ ਅੰਦੋਲਨ ਦੇ ਹਰ ਪੱਖ ਉਤੇ ਚਾਨਣ ਪਾਇਆ। ਇਸ ਦੇ ਅਸਰ ਹੇਠ ਪੰਥ ਨੇ ਬਹੁਮਤ ਨਾਲ ਅੰਦੋਲਨ ਦਾ ਮਤਾ ਪਾਸ ਕਰ ਦਿੱਤਾ। ਇਸ ਵਿੱਚ ਮਹਾਤਮਾ ਗਾਂਧੀ, ਮੌਲਾਨਾ ਕਲਾਮ ਆਜ਼ਾਦ ਅਤੇ ਮੌਲਾਨਾ ਸ਼ੌਕਤ ਅਲੀ ਵਰਗੇ ਪ੍ਰਸਿੱਧ ਆਗੂਆਂ ਨੇ ਸ਼ਮੂਲੀਅਤ ਕੀਤੀ।

ਜਦ 1920 ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣੀ ਤਾਂ ਸਿੱਖਾਂ ਨੇ ਉਨ੍ਹਾਂ ਨੂੰ ਇਸ ਦਾ ਜਥੇਦਾਰ ਬਾਬਾ ਜੀ ਨੂੰ ਥਾਪਿਆ। ਸਿੱਖ ਕੌਮ ਉਤੇ ਬੜੇ ਕਰੜੇ ਵੇਲੇ ਆਏ, ਪਰ ਉਨ੍ਹਾਂ ਦੀ ਦਲੇਰੀ ਤੇ ਲਿਆਕਤ ਨਾਲ ਸਿੱਖਾਂ ਨੂੰ ਨਿਮਰਤਾ ਵਿੱਚ ਵੀ ਜਿੱਤ ਪ੍ਰਾਪਤ ਹੁੰਦੀ ਰਹੀ। ਸ਼੍ਰੋਮਣੀ ਕਮੇਟੀ ਦੀ ਜਥੇਦਾਰੀ ਐਨੀ ਵੱਡੀ ਜ਼ਿੰਮੇਵਾਰੀ ਸੀ ਕਿ ਬਾਬਾ ਖੜਕ ਸਿੰਘ ਪਿੱਛੋਂ ਇਹ ਮਹਿਤਾਬ ਸਿੰਘ ਨੂੰ ਪੇਸ਼ ਹੋਈ ਤਾਂ ਉਨ੍ਹਾਂ ਮਨ੍ਹਾਂ ਕਰ ਕੇ ਕਿਹਾ ਕਿ ਉਹ ਇਸ ਦੇ ਅਸਮਰੱਥ ਹਨ, ਪਰ ਸੰਗਤ ਦੇ ਜ਼ੋਰ ਦੇਣ ਉੱਤੇ ਮਹਿਤਾਬ ਸਿੰਘ ਨੇ ਇਹ ਪਦਵੀ ਸਵੀਕਾਰ ਕਰ ਲਈ। ਸਿੱਖ ਕੌਮ ਦੀ ਖੁਸ਼ਕਿਸਮਤੀ ਸੀ ਕਿ ਬਾਬਾ ਖੜਕ ਸਿੰਘ ਤੇ ਮਹਿਤਾਬ ਸਿੰਘ ਦੀ ਜੋੜੀ ਨੇ ਸਿੱਖ ਕੌਮ ਦੀ ਡਾਵਾਂਡੋਲ ਬੇੜੀ ਨੂੰ ਸਿਆਣਪ ਨਾਲ ਪਾਰ ਲਾਇਆ।

ਅਜੇ ਸ਼੍ਰੋਮਣੀ ਕਮੇਟੀ ਦੇ ਜਥੇਦਾਰ ਬਣਿਆਂ ਉਨ੍ਹਾਂ ਨੂੰ ਥੋੜ੍ਹਾ ਚਿਰ ਹੀ ਹੋਇਆ ਸੀ ਕਿ ਸਰਕਾਰ ਨੇ ਸ੍ਰੀ ਹਰਿਮੰਦਰ ਸਾਹਿਬ ਦੀਆਂ ਚਾਬੀਆਂ ਦਾ ਝਗੜਾ ਖੜਾ ਕਰ ਦਿੱਤਾ। ਜਦ ਵਿਰੋਧ ਲਈ ਦੀਵਾਨ ਹੋਏ ਤਾਂ ਉਨ੍ਹਾਂ ਨੂੰ ਗੈਰ-ਕਾਨੂੰਨੀ ਕਰਾਰ ਦੇ ਕੇ ਸਰਕਾਰ ਦੇ ਪਾਜ ਖੋਲ੍ਹਣ ਵਾਲੇ ਸੂਰਮਿਆਂ ਨੂੰ ਜੇਲ੍ਹਾਂ ਵਿੱਚ ਡੱਕਣਾ ਸ਼ੁਰੂ ਕਰ ਦਿੱਤਾ ਗਿਆ। ਸਰਕਾਰ ਚਾਹੁੰਦੀ ਸੀ ਕਿ ਇਸ ਕੰਮ ਨਾਲ ਸਿੱਖਾਂ ਵਿੱਚ ਜੋ ਬੇਚੈਨੀ ਪੈਦਾ ਹੋਈ ਹੈ, ਉਸ ਨੂੰ ਜ਼ੋਰ ਨਾਲ ਦਬਾਅ ਦਿੱਤਾ ਜਾਵੇ, ਪਰ ਇਹ ਗੱਲ ਸਿੱਖਾਂ ਦੇ ਸੁਭਾਅ ਦੇ ਉਲਟ ਸੀ। ਜਦ ਬਾਬਾ ਖੜਕ ਸਿੰਘ ਨੇ ਦੇਖਿਆ ਕਿ ਸਰਕਾਰ ਰਾਜਸੀ ਬੇਚੈਨੀ ਬਹਾਨੇ ਧਾਰਮਿਕ ਦੀਵਾਨ ਵੀ ਬੰਦ ਕਰ ਰਹੀ ਹੈ ਤਾਂ ਉਨ੍ਹਾਂ ਨੇ ਝੱਟ ਅਜਨਾਲੇ ਵਿੱਚ ਦੀਵਾਨ ਕਰਨ ਦਾ ਮਤਾ ਪਾਸ ਕਰਨਾ ਦਿੱਤਾ। ਡਿਪਟੀ ਕਮਿਸ਼ਨਰ ਨੇ ਦੀਵਾਨ ਦੇ ਪ੍ਰਬੰਧਕਾਂ ਨੂੰ ਹੁਕਮ ਦੇ ਕੇ ਦੀਵਾਨ ਬੰਦ ਕਰਾਉਣ ਨੂੰ ਆਖਿਆ ਤਾਂ ਸ਼੍ਰੋਮਣੀ ਕਮੇਟੀ ਦੀ ਸਾਰੀ ਵਰਕਿੰਗ ਕਮੇਟੀ ਉਥੇ ਪਹੁੰਚੀ ਤੇ ਸਾਰਿਆਂ ਨੇ ਜਾ ਕੇ ਹੁਕਮ ਨੂੰ ਤੋੜਿਆ ਅਤੇ ਸਰਕਾਰ ਦੀ ਪੋਲ ਖੋਲ੍ਹੀ। ਬਾਬਾ ਖੜਕ ਸਿੰਘ ਨੇ ਲੈਕਚਰ ਵਿੱਚ ਕਿਹਾ ਕਿ ਧਾਰਮਿਕ ਮਾਮਲਿਆਂ ਵਿੱਚ ਸਰਕਾਰ ਅੜਚਨ ਨਹੀਂ ਪਾ ਸਕਦੀ। ਉਨ੍ਹਾਂ ਨੇ ਕੌਮ ਨੂੰ ਸਰਕਾਰ ਦੀਆਂ ਚਾਲਾਂ ਤੋਂ ਹੁਸ਼ਿਆਰ ਹੋਣ ਦਾ ਸੱਦਾ ਦੇ ਕੇ ਕਿਹਾ ਕਿ ਜੇ ਕੋਈ ਸੱਜਣ ਫੜਿਆ ਜਾਵੇ ਤਾਂ ਦੂਜਾ ਸੱਜਣ ਕੰਮ ਕਰਨ ਲੱਗ ਜਾਵੇ।

ਅਜੇ ਇਨ੍ਹਾਂ ਲੈਕਚਰਾਂ ਦੀਆਂ ਰਿਪੋਰਟਾਂ ਅਖਬਾਰਾਂ ਵਿੱਚ ਛਪੀਆਂ ਸਨ ਤਾਂ ਖਬਰ ਆ ਗਈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਾਬਾ ਖੜਕ ਸਿੰਘ, ਸਕੱਤਰ ਮਹਿਤਾਬ ਸਿੰਘ, ਮਾਸਟਰ ਸੁੰਦਰ ਸਿੰਘ ਲਾਇਲਪੁਰੀ, ਸਰਦਾਰ ਹਰੀ ਸਿੰਘ ਜਲੰਧਰ ਆਦਿ ਵਰਕਿੰਗ ਕਮੇਟੀ ਦੇ ਮੈਂਬਰ ਫੜੇ ਗਏ ਹਨ ਤੇ ਬਾਕੀ ਵੀ ਜਲਦੀ ਫੜੇ ਜਾ ਸਕਦੇ ਹਨ। ਇਹ ਖਬਰ ਨਿਕਲਦੇ ਸਾਰ ਸਿੱਖਾਂ ਨੇ ਜਲਸੇ ਰੋਕੂ ਕਾਨੂੰਨ ਛਿੱਕੇ ਟੰਗ ਕੇ ਜਲਸੇ ਕਰਨੇ ਸ਼ੁਰੂ ਕਰ ਦਿੱਤੇ ਅਤੇ ਸਰਕਾਰ ਵੱਲੋਂ ਗ੍ਰਿਫਤਾਰੀਆਂ ਸ਼ੁਰੂ ਹੋ ਗਈਆਂ। ਲਗਭਗ 300 ਸਿੰਘ ਜੇਲ੍ਹਾਂ ਵਿੱਚ ਬੰਦ ਕਰ ਦਿੱਤੇ ਗਏ। ਇਨ੍ਹਾਂ ਵਿੱਚ ਬਾਬਾ ਖੜਕ ਸਿੰਘ ਸ਼ਾਮਲ ਸਨ, ਜਿਨ੍ਹਾਂ ਨੂੰ ਕੈਦੀ ਵਜੋਂ ਡੇਰਾ ਗਾਜ਼ੀ ਖਾਂ ਜੇਲ੍ਹ ਭੇਜ ਦਿੱਤਾ ਗਿਆ, ਪਰ ਸਰਕਾਰ ਨੂੰ ਆਖਰ ਹਾਰ ਮੰਨਣੀ ਪਈ। ਜਿਨ੍ਹਾਂ ਹੱਥਾਂ ਨਾਲ ਸਿੱਖਾਂ ਤੋਂ ਚਾਬੀਆਂ ਲਈਆਂ ਗਈਆਂ ਸਨ, ਉਨ੍ਹਾਂ ਹੱਥਾਂ ਨਾਲ ਹੀ ਸਰਕਾਰ ਨੇ ਦਰਬਾਰ ਸਾਹਿਬ ਦੀਆਂ ਚਾਬੀਆਂ ਖੜਕ ਸਿੰਘ ਨੂੰ ਵਾਪਸ ਕੀਤੀਆਂ।

ਨਾ-ਮਿਲਵਰਤਨ ਲਹਿਰ ਦੇ ਦੌਰਾਨ ਸਰਕਾਰ ਵੱਲੋਂ ਲਾਲਾ ਲਾਜਪਤ ਰਾਏ ਨੂੰ ਗ੍ਰਿਫਤਾਰ ਕੀਤਾ ਗਿਆ, ਜੋ ਪੰਜਾਬ ਕਾਂਗਰਸ ਦੇ ਪ੍ਰਧਾਨ ਸਨ। ਇਸ ਤੋਂ ਬਾਅਦ ਆਗਾ ਮੁਹੰਮਦ ਸ਼ਫਦਰ ਪ੍ਰਧਾਨ ਬਣੇ, ਉਹ ਵੀ ਗ੍ਰਿਫਤਾਰ ਕਰ ਲਏ ਗਏ। ਤਦ ਕਾਂਗਰਸ ਨੇ ਬਾਬਾ ਖੜਕ ਸਿੰਘ ਨੂੰ ਪੰਜਾਬ ਕਾਂਗਰਸ ਦਾ ਪ੍ਰਧਾਨ ਬਣਾਇਆ। ਇਸ ਸਭ ਵਿੱਚ ਸਰਕਾਰ ਬਾਬਾ ਖੜਕ ਸਿੰਘ ਨੂੰ ਕੈਦ ਕਰਨ ਦਾ ਬਹਾਨਾ ਲੱਭਦੀ ਰਹੀ। ਜਦ ਕੋਈ ਹੋਰ ਬਹਾਨਾ ਨਾ ਮਿ-ਲਆ ਤਾਂ ਕਿਰਪਾਨਾਂ ਬਣਾਉਣ ਕਾਰਨ ਹੀ ਉਨ੍ਹਾਂ ਨੂੰ ਤਿੰਨ ਸਾਲ ਦੀ ਕੈਦ ਸੁਣਾ ਦਿੱਤੀ ਗਈ। ਬਾਬਾ ਖੜਕ ਸਿੰਘ ਦੇਸ਼ ਦੀ ਸੇਵਾ 'ਚ ਪਹਿਲੇ ਦਰਜੇ ਦੇ ਨਿਡਰ ਅਤੇ ਦਲੇਰ ਯੋਧਾ ਸਨ। ਜਿਸ ਕੰਮ ਵਿੱਚ ਜ਼ਿਆਦਾ ਖਤਰਾ ਹੁੰਦਾ ਸੀ, ਉਹ ਕੰਮ ਕਰਨ ਲਈ ਬਾਬਾ ਜੀ ਪਹਿਲਾਂ ਪਹੁੰਚਦੇ। ਇਹੀ ਕਾਰਨ ਸੀ ਕਿ ਜਿਸ ਮੋਰਚੇ ਨੂੰ ਬਾਬਾ ਖੜਕ ਸਿੰਘ ਹੱਥ ਪਾ ਲੈਂਦੇ, ਉਹ ਫਤਹਿ ਹੋ ਜਾਂਦਾ।

ਬਾਬਾ ਖੜਕ ਸਿੰਘ 6 ਅਕਤੂਬਰ ਨੂੰ ਸੰਘਰਸ਼ਮਈ ਜ਼ਿੰਦਗੀ ਜਿਊਂਦੇ ਹੋਏ ਸੰਸਾਰ ਨੂੰ ਛੱਡ ਗਏ। 1988 ਵਿੱਚ ਭਾਰਤ ਸਰਕਾਰ ਨੇ ਉਨ੍ਹਾਂ ਦੇ ਸਨਮਾਨ ਵਿੱਚ ਡਾਕ ਟਿਕਟ ਜਾਰੀ ਕੀਤੀ ਅਤੇ ਦਿੱਲੀ ਵਿੱਚ ਉਨ੍ਹਾਂ ਦੇ ਨਾਂ ਉਤੇ 'ਬਾਬਾ ਖੜਕ ਸਿੰਘ ਮਾਰਗ' ਦੀ ਸਥਾਪਨਾ ਕੀਤੀ ਗਈ।

Tri-City Professional Realty Inc., Brokerage
Number 1 Tri-City agent in Canada on basis of sales volume 2015
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777
31 Melanie Dr. Unit #4 Brampton, ON L6T 5H8
Avtar Singh Tiwana
Sales Rep.

FOR SALE — Photo Not Available — $129,900 — Darcel/Brandon Gate
ਬਹੁਤ ਹੀ ਵਧੀਆ ਲੋਕੇਸ਼ਨ ਤੇ, ਵੈਸਟ ਵੁਡ ਮਾਲ ਵਿੱਚ ਕਾਂਡੋ ਯੂਨਿਟ ਸੇਲ ਲਈ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ਤੇ ਰੈਂਟ ਬਚਾਓ।

FOR SALE — $969,900 — Sandalwood/ Sunny Meadow
5 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ ਨੂੰ 2 ਬੈਡਰੂਮ ਫੀਨਿਸ਼ਡ ਬੈਸਮੈਂਟ। ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ ।

FOR SALE — $799,900 — Chinguacousy/Sandalwood
5 ਬੈਡਰੂਮ + 3 ਵਾਸ਼ਰੂਮ ਦਾ ਬਹੁਤ ਹੀ ਸੋਹਣਾ ਸੈਮੀ ਡੀਟੈਚਡ, ਡਬਲ ਸਟੋਰੀ ਘਰ, ਹਾਰਡਵੁਡ ਫਲੋਰ, ਡਬਲ ਡੋਰ ਗਰਾਜ, ਸਕੂਲ, ਬੱਸ ਸਟਾਪ, ਜਿਮ ਆਦਿ ਸਹੂਲਤਾਂ ਦੇ ਨੇੜੇ।

FOR SALE — $3,249,000 — Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।

ਕੈਨੇਡੀਅਨ ਪੰਜਾਬੀ ਪੋਸਟ
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202

## Boy/Girl nanny needed

Boy/Girl nanny needed for an old person (male) to look after him and give him proper and timely medicine during day. Wages will be $15/hour. Accomodation and food will be provided if needed. Please send your resume at jasjudge05@gmail.com

## ਨੈਨੀ ਦੀ ਲੋੜ

ਇਕ ਬਜ਼ੁਰਗ ਵਿਅਕਤੀ ਦੀ ਦੇਖਭਾਲ, ਉਸ ਨੂੰ ਸਮੇਂ ਸਿਰ ਦਵਾਈ ਦੇਣ ਲਈ ਲੜਕਾ/ਲੜਕੀ ਨੈਨੀ ਦੀ ਲੋੜ ਹੈ। ਨੈਨੀ ਨੂੰ 15 ਡਾਲਰ ਇਕ ਘੰਟੇ ਦੇ ਦਿੱਤੇ ਜਾਣਗੇ। ਜੇਕਰ ਲੋੜ ਪਵੇ ਤਾਂ ਰਹਿਣ ਤੇ ਖਾਣ ਦਾ ਪ੍ਰਬੰਧ ਵੀ ਕੀਤਾ ਜਾਵੇਗਾ। ਚਾਹਵਾਨ ਆਪਣਾ ਬਾਇਓਡੇਟਾ jasjudge05@gmail.com 'ਤੇ ਈਮੇਲ ਭੇਜ ਸਕਦੇ ਹਨ।

amar INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
$1,000 Off New Basement
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
Services:
- Complete Basement
- Tiles
- Bathrooms
- Plumbing
- Laminate
- Hardwood Floor
- Painting
A-1 RENOVATION GTA INC.
22 Listcreek Road, Brampton L6p 2n6

GF1 Security Services
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
- Emergency First Aid & CPR Level's A.B.C
- Standard First Aid & CPR Level's A.B.C.HCP
- Stay at Home Course
- Baby Sitting Course
- Little Rescuers

H.O: 1332 Khalsa Dr.,Unit 3,2nd Floor,Mississauga, L5S1W5 (Near Dixie Gurdwara)
647-710-7760
Email: info@gf1security.com
1085 Bellamy Rd (N) Unit #210 Scarbrough (Toronto)
647-929-7736
Web: www.gf1security.com

V4U LOGISTIC INC.
Delivering "Satisfaction"... On Time Every Time
NOW HIRING
A/Z Drivers Needed
For Canada To US Runs
Local City Drivers @ 22/hr
For Owner Operator upto $1.62/mile
USA Driver $0.60/mile | Canada wide $0.50/mile
- General Freight
- Yard to Yard Work
- Up to 3500 miles/wk
- 2 Yr. Exp
- Clear CVOR & Abstract

- Disability Insurance
- Travel Insurance
- Medical Benefits
- Dental Benefits

ਪਰਗਟ ਸਿੰਘ ਨੂੰ ਫੋਨ ਕਰੋ:
416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ

AL EMPLOYMENT SERVICES INC
ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!
- General Labour
- Machine Operators
- Millwright's
- Forklift Driver
- AZ-DZ Drivers
- Machine Mechanic
- Shift Supervisor
- Office Admin

(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

MANN RENOVATION
ਘਰਾਂ ਦੀ ਰੈਨੋਵੇਸ਼ਨ ਜਿਵੇਂ ਬੇਸਮੈਂਟ ਬਨਾਉਣੀ, ਸਾਈਡ ਐਂਟਰੈਂਸ, ਵਾਸ਼ਰੂਮ ਬਨਾਉਣਾ, ਟਾਇਲਾਂ ਦਾ ਕੰਮ, ਕੰਕਰੀਟ ਆਦਿ । ਇਸ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦਾ ਇਲੈਕਟ੍ਰੀਕਲ ਕੰਮ, ਪਲੰਬਿੰਗ ਦਾ ਕੰਮ ਕਰਵਾਉਣ ਲਈ ਕਾਲ ਕਰੋ :
416 839 0647, 905-598-4640

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs


RESIDENTIAL - COMMERCIAL
PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

## ‘ਪਦਮਾਵਤ’ ਮੇਰੇ ਸਾਰੇ ਕਰੀਅਰ ਦੀ ਡਿਫਾਈਨਿੰਗ ਫਿਲਮ ਨਹੀਂ: ਸ਼ਾਹਿਦ



ਸ਼ਾਹਿਦ ਕਪੂਰ ਅੱਜ ਕੱਲ੍ਹ ਫਿਲਮ ‘ਕਬੀਰ ਸਿੰਘ’ ਦੇ ਪ੍ਰਮੋਸ਼ਨ ਵਿੱਚ ਬਿਜ਼ੀ ਹਨ। ਉਨ੍ਹਾਂ ਦੀ ਪਿਛਲੀ ਹਿੱਟ ਫਿਲਮ ‘ਪਦਮਾਵਤ' ਸੀ। ਇਸ ਫਿਲਮ ਵਿੱਚ ਉਸ ਦੇ ਇਲਾਵਾ ਦੀਪਿਕਾ ਪਾਦੁਕੋਣ ਤੇ ਰਣਵੀਰ ਸਿੰਘ ਵੀ ਸਨ। ਇਸ ਫਿਲਮ ਦੀ ਸਫਲਤਾ ਦਾ ਕ੍ਰੈਡਿਟ ਵੀ ਉਨ੍ਹਾਂ ਦੋਵਾਂ ਨੂੰ ਦਿੱਤਾ ਗਿਆ ਤੇ ਸ਼ਾਹਿਦ ਦਾ ਕਰੈਕਟਰ ਸਮੀਖਿਅਕਾਂ ਅਤੇ ਦਰਸ਼ਕਾਂ ਦਾ ਭਰਪੂਰ ਪਿਆਰ ਨਹੀਂ ਖਿਚ ਸਕਿਆ। ਬੇਬਾਕੀ ਨਾਲ ਆਪਣੀ ਗੱਲ ਰੱਖਣ ਵਾਲੇ ਸ਼ਹਿਦ ਨੇ ਹਾਲ ਹੀ ਵਿੱਚ ਕਿਹਾ, ‘‘ਇਸ ਫਿਲਮ ਵਿੱਚ ਮੇਰੇ ਹੋਣ ਦਾ ਫਿਲਮ ਨੂੰ ਕੋਈ ਲਾਭ ਨਹੀਂ ਮਿਲਿਆ। ਉਹ ਆਪਣੇ ਆਪ ਵਿੱਚ ਹੀ ਇੱਕ ਚੰਗੀ ਫਿਲਮ ਸੀ। ਖੁਸ਼ੀ ਹੈ ਕਿ ਮੈਂ ਉਹ ਫਿਲਮ ਕੀਤੀ, ਪਰ ਉਹ ਮੇਰੇ ਕਰੀਅਰ ਦੀ ਡਿਫਾਈਨਿੰਗ ਫਿਲਮਾਂ ਵਿੱਚੋਂ ਨਹੀਂ ਹੈ। ਰਿਹਾ ਸਵਾਲ ‘ਕਬੀਰ ਸਿੰਘ' ਦੇ ਬਾਅਦ ਦੀ ਫਿਲਮਾਂ ਦਾ ਤਾਂ ਸਕ੍ਰਿਪਟਸ ਮੈਨੂੰ ਇੰਪ੍ਰੈਸ ਨਹੀਂ ਕਰ ਪਾ ਰਹੀਆਂ ਹਨ। ਮੈਂ ਆਪਣੇ ਕਰੈਕਟਰ 'ਤੇ ਬਹੁਤ ਸਮਾਂ ਖਰਚ ਕਰਦਾ ਹਾਂ। ਹਰ ਫਿਲਮ ਵਿੱਚ ਨਵਾਂ ਲੁਕ ਲੈਂਦਾ ਹਾਂ। ਹਰ ਫਿਲਮ ਨੂੰ ਸੱਤ-ਅੱਠ ਮਹੀਨੇ ਜਿਉਂਦਾ ਹਾਂ। ਅਜਿਹੇ ਵਿੱਚ ਮੈਂ ਉਹੀ ਫਿਲਮ ਨਹੀਂ ਕਰਨਾ ਚਾਹੁੰਦਾ, ਜੋ ਅਗਲੇ ਸੱਤ ਅੱਠ ਮਹੀਨੇ ਤੱਕ ਮੈਨੂੰ ਇੰਸਪਾਇਰ ਨਾ ਕਰੇ।’’


## ਅਮਿਤਾਭ-ਅਭਿਸ਼ੇਕ ਦੀਆਂ ਫਿਲਮਾਂ ਹੋ ਸਕਦੀਆਂ ਹਨ ਕਲੈਸ਼





ਅਭਿਸ਼ੇਕ ਬੱਚਨ ਨੇ ਪਿੱਛੇ ਜਿਹੇ ਅਨੁਰਾਗ ਬਸੁ ਦੀ ਬੇਨਾਮ ਫਿਲਮ ਦੀ ਸ਼ੂਟਿੰਗ ਪੂਰੀ ਕੀਤੀ ਹੈ। ਸੁਣਿਆ ਗਿਆ ਹੈ ਕਿ ਇਹ ਫਿਲਮ ਅਗਲੇ ਸਾਲ 21 ਫਰਵਰੀ ਨੂੰ ਰਿਲੀਜ਼ ਹੋਵੇਗੀ। ਓਸੇ ਦਿਨ ਅਮਿਤਾਭ ਬੱਚਨ ਤੇ ਇਮਰਾਨ ਹਾਸ਼ਨੀ ਦੀ ਫਿਲਮ ‘ਚਿਹਰੇ’ ਵੀ ਰਿਲੀਜ਼ ਹੋਣ ਜਾ ਰਹੀ ਹੈ। ਇਸ ਮਿਸਟਰੀ ਥ੍ਰਿਲਰ ਫਿਲਮ ਦੀ ਸ਼ੂਟਿੰਗ ਪਿਛਲੇ ਮਹੀਨੇ ਸ਼ੁਰੂ ਹੋਈ ਹੈ ਅਤੇ ਇਸ ਦੇ ਮੇਕਰਸ ਦਾ ਇਸ ਨੂੰ ਅਗਲੇ ਸਾਲ 21 ਫਰਵਰੀ ਨੂੰ ਰਿਲੀਜ਼ ਕਰਨ ਦਾ ਵਿਚਾਰ ਹੈ। ਜੇ ਅਜਿਹਾ ਹੁੰਦਾ ਹੈ ਤਾਂ ਪਹਿਲੀ ਵਾਰ ਅਮਿਤਾਭ ਅਤੇ ਅਭਿਸ਼ੇਕ ਬਾਕਸ ਆਫਿਸ 'ਤੇ ਭਿੜਦੇ ਨਜ਼ਰ ਆਉਣਗੇ।

## ਜਾਵੇਦ ਦੀ ਬੇਟੀ ਅਲਾਵਿਆ ਨੇ ਪੰਦਰਾਂ ਫਿਲਮ ਆਫਰ ਠੁਕਰਾਏ



ਜਾਵੇਦ ਜਾਫਰੀ ਦੇ ਬੇਟੇ ਮਿਜਾਨ ਜਾਫਰੀ ਬਾਲੀਵੁੱਡ ਵਿੱਚ ਕਦਮ ਰੱਖਣ ਵਾਲੇ ਹਨ। ਉਹ ਸੰਜੇ ਲੀਲਾ ਭੰਸਾਲੀ ਦੇ ਪ੍ਰੋਡਕਸ਼ਨ ਵਿੱਚ ਬਣੀ ‘ਮਲਾਲ’ ਨਾਲ ਡੈਬਿਊ ਕਰਨਗੇ, ਜੋ ਪੰਜ ਜੁਲਾਈ ਨੂੰ ਰਿਲੀਜ਼ ਹੋਵੇਗੀ। ਦਿਲਚਸਪ ਗੱਲ ਇਹ ਹੈ ਕਿ ਜਾਵੇਦ ਦੀ 26 ਸਾਲਾ ਬੇਟੀ ਅਲਾਵਿਆ ਜਾਫਰੀ ਨੂੰ ਯਸ਼ਰਾਜ, ਧਰਮਾ ਪ੍ਰੋਡਕਸ਼ਨ ਸਣੇ ਕਈ ਵੱਡੇ ਪ੍ਰੋਡਕਸ਼ਨ ਹਾਊਸ ਤੋਂ ਵੀ ਬਿਗ ਬਜਟ ਦੀਆਂ ਫਿਲਮਾਂ ਦੇ ਆਫਰ ਹਨ। ਅਲਾਵਿਆ ਅਜੇ ਪੜ੍ਹਾਈ ਕਰ ਰਹੀ ਹੈ। ਇਸੇ ਕਾਰਨ ਉਸ ਨੇ ਉਨ੍ਹਾਂ ਬੈਨਰਜ਼ ਦੇ ਆਫਰਜ਼ ਵਿੱਚੋਂ ਕਿਸੇ ਨੂੰ ਹਾਂ ਨਹੀਂ ਕਿਹਾ।

ਮਿਜ਼ਾਨ ਨੇ ਦੱਸਿਆ, ਸਾਡੇ ਦੋਵਾਂ ਦਾ ਡੇਢ ਸਾਲ ਦਾ ਫਰਕ ਹੈ। ਉਹ ਅਜੇ ਨਿਊ ਯਾਰਕ ਵਿੱਚ ਫੈਸ਼ਨ ਤੇ ਬਿਜ਼ਨਸ ਦੀ ਪੜ੍ਹਾਈ ਕਰ ਰਹੀ ਹੈ। ਹਾਲੇ ਤੱਕ ਉਸ ਨੂੰ 15 ਫਿਲਮਾਂ ਦੇ ਆਫਰ ਮਿਲ ਚੁੱਕੇ ਹਨ। ਮੈਂ ਨਾਂਅ ਨਹੀਂ ਦੱਸਾਂਗਾ, ਪਰ ਉਸ ਨੇ ਬਿਗ ਬੈਨਰਜ਼ ਦੇ ਆਫਰ ਤੱਕ ਨੂੰ ਹਾਂ ਨਹੀਂ ਕਿਹਾ। ਜਾਵੇਦ ਦੇ ਤਿੰਨ ਬੱਚਿਆਂ (ਦੋ ਬੇਟਿਆਂ ਤੇ ਇੱਕ ਬੇਟੀ) ਵਿੱਚ ਅਲਾਵਿਆ ਸਭ ਤੋਂ ਵੱਡੀ ਹੈ। ਮੁੰਬਈ ਵਿੱਚ ਪਲੀ ਹੋਈ ਅਲਾਵਿਆ ਨੇ ਧੀਰੂ ਭਾਈ ਅੰਬਾਨੀ ਸਕੂਲ ਤੋਂ ਪੜ੍ਹਾਈ ਕੀਤੀ ਹੈ। ਅਲਾਵਿਆ ਦੇ ਬਾਰੇ ਲੋਕ ਘੱਟ ਜਾਣਦੇ ਹਨ। ਉਹ ਸ੍ਰੀਦੇਵੀ ਦੀ ਵੱਡੀ ਬੇਟੀ ਜਾਹਨਵੀ ਦੀ ਬੈਸਟ ਫ੍ਰੈਂਡ ਹੈ। ਇੰਸਟਾਗ੍ਰਾਮ 'ਤੇ ਦੋਵਾਂ ਦੀਆਂ ਕਈ ਫੋਟੋਜ਼ ਹਨ। ਅਲਾਵਿਆ ਨੇ ਸ੍ਰੀਦੇਵੀ ਦੀ ਛੋਟੀ ਬੇਟੀ ਖੁਸ਼ੀ ਨਾਲ ਵੀ ਫੋਟੋਜ਼ ਸ਼ੇਅਰ ਕੀਤੇ ਹਨ।

## ‘ਭੂਤ’ ਵਿੱਚ ਨਜ਼ਰ ਆਉਣਗੇ ਵਿੱਕੀ ਕੌਸ਼ਲ ਅਤੇ ਭੂਮੀ ਪੇਡਨੇਕਰ





ਬਾਲੀਵੁੱਡ ਅਭਿਨੇਤਾ ਵਿੱਕੀ ਕੌਸ਼ਲ ਡਾਇਰੈਕਟਰ ਭਾਨੂ ਪ੍ਰਤਾਪ ਸਿੰਘ ਦੀ ਡੈਬਿਊ ਫਿਲਮ ‘ਭੂਤ : ਦ ਹਾਂਟੇਡ ਸ਼ਿਪ’ ਵਿੱਚ ਨਜ਼ਰ ਆਉਣ ਵਾਲੇ ਹਨ। ਇਸ ਹਾਰਰ ਫਿਲਮ ਵਿੱਚ ਵਿੱਕੀ ਨਾਲ ਭੂਮੀ ਪੇਡਨੇਕਰ ਵੀ ਹੈ। ਵਿੱਕੀ, ਭੂਮੀ ਤੇ ਕਰਣ ਜੌਹਰ ਨੇ ਆਪਣੇ ਇੰਸਟਾਗ੍ਰਾਮ 'ਤੇ ਫਿਲਮ ਦਾ ਫਸਟ ਲੁਕ ਸ਼ੇਅਰ ਜਾਰੀ ਕਰਦੇ ਹੋਏ ਇਸ ਦਾ ਐਲਾਨ ਕੀਤਾ ਹੈ। ਫਿਲਮ ਦੇ ਇਸ ਪੋਸਟਰ ਵਿੱਚ ਵਿੱਕੀ ਦਾ ਚਿਹਰਾ ਕਿਸੇ ਖੂਨੀ ਪੰਜੇ ਨੇ ਦਬਾਇਆ ਹੈ ਅਤੇ ਉਹ ਡਰ ਕਾਰਨ ਚੀਕਾਂ ਮਾਰਦਾ ਨਜ਼ਰ ਆ ਰਿਹਾ ਹੈ। ਵੱਡੇ ਨਹੁੰਆਂ ਵਾਲਾ ਭੂਤੀਆ ਹੱਥ ਵਿੱਕੀ ਦੇ ਚਿਹਰੇ ਨੂੰ ਖੁਰਚਦਾ ਦਿਸ ਰਿਹਾ ਹੈ।







# Dr. Randhawa Dentistry

*Your own dentist who really cares for you*

We Provide the following Services:

- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ


**Dr. Samreet Kaur Randhawa**
General Family Dentist

New Patients welcome
Deal Directly with all Insurance Companies

**NEW LOCATION**
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!

**FIRST LOCATION**
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL,
JAMES POTTER / BONNIE BRAES INTERSECTION)
Tel : 905-230-9044






## ਮੰਨ ਪਸੰਦ ਦੀ ਕਿਚਨ ਤੇ ਵਾਸ਼ਰੂਮ ਬਣਵਾਉ

# PEARSON
KITCHEN CABINET

Free Estimate
We Specialize in granite, quartz & marble countertops

Special Discount for Contractors | Buy Direct From The Factory

100% Satisfaction On Time

## ਵਾਜਿਬ ਦਾਮ ਤੇ ਸਮੇਂ ਸਿਰ ਕੰਮ

KITCHEN CABINET
WASHROOM

- Kitchen Cabinets..................(Maple, Oak, MDF)
- All Types of Counter Tops...(Marble, Granite, Quartz, etc.)
- All Types of Tiles...................(Porch Line, Matt) all sizes available.
- Hardwood & Laminate
- Installation of Shower / Standing Shower / Vanities & Tubs.
- We Install Pot Lights
- Paint Job with Kitchen/Washroom Installation
- All Types of Range Hoods....(Heavy Duty, etc)
- Custom Office Counters & Bar Installation

Vikramjit Sangha: 416-200-0931

271 - Glidden Rd. Unit#5, Brampton (Kennedy&Glidden)



# African Lion Safari®
Canada's Original Safari Adventure™

# GET CLOSER

Celebrating 50 WILD years!

OPEN DAILY MAY 4 - SEPTEMBER 29, 2019

Save up to $18.00*

*Valid for $3.00 off any regular admission. Offer valid to a maximum of six (6) persons per vehicle. Only one coupon or discount per family vehicle accepted. Cannot be used in conjunction with any other offer. Coupon must be presented at time of ticket purchase. Discounts of any kind will not be accepted after payment has been finalized. No cash value. Not valid for groups. Valid until September 29, 2019. C0022

Located One Hour West of Toronto. 1386 Cooper Road, Hamilton, Ontario

VISIT LIONSAFARI.COM AND PLAN YOUR TRIP TODAY!



# ASIAN FOOD CENTRE



SERVING FROM 10 LOCATIONS IN ALL THE GTA AREA:

1. 621 Wanless drive unit 122 Brampton ON L7A 0A9 ............ 905-495-3336
2. 80 Pertosa Drive Brampton ON L5X-5E9 ............ 905-460-0009
3. 2120 North park drive Brampton ON L6S 0C9 ............ 905-793-1338
4. 284 Orenda Road #13 Brampton ON L6T 5S3 ............ 905-450-9167
5. 10 Westmore Drive Etobicoke ON M9V-3Z7 ............ 416-740-3262
6. 1075 Ceremonial Drive Mississauga ON L5R-2Z4............ 905-502-1600
7. 308 Eddystone Ave North York ON M3N-1H7 ............ 416-740-3360
8. 10510 Torbram Road, Brampton ............ 905-790-0030
9. 10 Pannahill Dr, Brampton ............ 905 913-8017
10. 21 Lacoste Blvd, Brampton, ON L6P 2K2 ............ 905 794-8109



www.BramptonTopRelator.com

JAG AUJLA
REAL ESTATE BROKER

DIR: 416-371-7777

j.aujla@rogers.com www.jagaujla.com

RE/MAX Realty Specialist Inc., Brokerage (Independently Owned and Operated) Off: 905-456-3232

Advertisement GUARANTEED Till SOLD

Other Realtors only Promise
But JAG AUJLA SOLD YOUR HOME WITH
GUARANTEED
OR HE'LL BUY IT!*
*Some Conditions Apply

Top 1% Ranked In* Broker

Call For a Quick & Free Home Evaluation
www.BramptonQuickHomeEvaluation.com

(**2016,2015,2014,2013 2012,2011,2010) **(2009,2008) **(2010) **(2014)
** Based on Commissions earned

Urgently Need New Listing in Brampton/ GTA Call Jag Today To Sell Your Property For Top $$$ & Accurate Price

BRAMPTON
ਕਵੀਨ-ਮੈਰੀ/ਸੈਂਡਲਵੂਡ
ਸਾਫ ਸੁਥਰਾ ਡਬਲ ਸਟੋਰੀ ਡਿਟੈਚ ਘਰ ਜਿਸ ਨੂੰ 3 ਖੁਲ੍ਹੇ-ਡੁਲ੍ਹੇ ਲੈਮੀਨੇਟਡ ਬੈਡਰੂਮ, 4 ਵਾਸ਼ਰੂਮ ਨਾਲ ਹੀ finished ਬੈਸਮੈਂਟ ਤੇ rec room, ਹਾਰਡਵੁਡ ਫਲੋਰ, 9 ਫੁੱਟ ਸਿਲਿੰਗ, ਸਟੇਨਲੈਸ ਸਟੀਲ ਅਪਲਾਇੰਸਿਸ, ਬੈਡਰੂਮ ਨੂੰ 4 ਪੀਸ-ਇਨ ਸੂਟ ਤੇ ਵਾੱਕ ਇਨ ਕਲੋਜ਼ੇਟ ਤੇ ਹੋਰ ਵੀ ਬਹੁਤ ਕੁਝ।

BRAMPTON
ਵੈਨ ਕੂਕ/ਵੇਨਲੈਸ
ਵਧੀਆ ਤੇ ਸਾਫ ਸੁਥਰਾ 2532 ਸਕੇਅਰ ਫੁੱਟ 4 ਬੈਡਰੂਮ 4 ਵਾਸ਼ਰੂਮ ਦਾ ਡਿਟੈਚ ਘਰ ਜਿਸ ਨੂੰ ਕਿ ਡਬਲ ਡੋਰ ਏਂਟਰੈਂਸ, ਓਕ ਸਟੇਅਰਸ, ਹਾਰਡਵੁਡ ਫਲੋਰ, 9 ਫੁੱਟ ਸਿਲਿੰਗ, ਬੈਡਰੂਮ ਨੂੰ 5 ਪੀਸ-ਇਨ ਸੂਟ, ਸਟੇਨਲੈਸ ਸਟੀਲ ਅਪਲਾਇੰਸਿਸ, ਪਾਰਕ, ਸਕੂਲ ਆਦਿ ਸਹੂਲਤਾਂ ਦੇ ਨੇੜੇ।

GUELPH
ਗਲਫ, ਓਨਟਾਰੀਓ
ਗੁਰੂ ਘਰ ਦੇ ਨੇੜੇ, 6 ਸਾਲ ਪੁਰਾਣਾ ਤੇ ਸਾਫ-ਸੁਥਰਾ 3 ਬੈਡਰੂਮ , 4 ਵਾਸ਼ਰੂਮ ਦਾ ਸੈਮੀ ਡਿਟੈਚ, ਡਬਲ ਸਟੋਰੀ ਕਾਂਡੋ ਟਾਊਨ-ਹਾਊਸ। ਫੀਨਿਸ਼ਡ ਬੈਸਮੈਂਟ ਵਿੱਚ rec room, ਲੈਮੀਨੇਟਡ ਫਲੋਰ, ਮਾਸਟਰ ਬੈਡਰੂਮ ਨੂੰ 4 ਪੀਸ ਇਨ ਸੂਟ ਤੇ ਵਾਕ ਇਨ ਕਲੋਜ਼ਟ, ਸਕੂਲ, ਪਲਾਜ਼ਾ, ਆਦਿ ਦੇ ਨੇੜੇ।

CALEDON
ਸੈਂਟ ਏਡਰੀਉ/ ਹਾਈਵੇ 24
ਕੇਲਡਨ ਵਿੱਚ ਲਗਭਗ 2.52 ਏਕੜ ਵਿੱਚ ਬਹੁਤ ਹੀ ਸੋਹਣਾ 4+2 ਬੈਡਰੂਮ + 5 ਵਾਸ਼ਰੂਮ+3 ਕਾਰ ਗਰਾਜ + 14 ਕਾਰ ਪਾਰਕਿੰਗ ਦੇ ਨਾਲ ਹੀ ਬਹੁਤ ਹੀ ਸੋਹਣੀ ਲੈਂਡਸਕੇਪਿੰਗ ਕੀਤੀ ਹੈ। ਫਿਨੀਸ਼ਡ ਬੇਸਮੈਂਟ। ਬਹੁਤ ਸਾਰੀਆਂ ਅਪਗ੍ਰੇਡਜ਼ ਕੀਤੇ ਹਨ। 24x36 L shaped ਦਾ ਹੀਟਿਡ ਪੂਲ ।

BRAMPTON
ਵੇਨਲੈਸ/ਵੈਨ ਕੂਕ
ਬਹੁਤ ਹੀ ਵਧੀਆ 4+1 ਬੈਡਰੂਮ, 4 ਵਾਸ਼ਰੂਮ ਦਾ ਡਿਟੈਚ ਘਰ ਜਿਸ ਨੂੰ 50 ਫੁੱਟ Premium Corner Lot, ਫਿਨੀਸ਼ਡ ਬੇਸਮੈਂਟ ਨੂੰ ਸੇਪਰੇਟ ਏਂਟਰੈਂਸ, 9 ਫੁੱਟ ਸੀਲਿੰਗ, ਓਕ ਸਟੇਅਰਜ਼, ਹਾਡਵੂਡ ਤੇ ਲੈਮੀਨੇਟ, ਕੈਲੀਫੋਰਨੀਆ ਸ਼ਟਰਜ਼, ਲੋਡਡ ਵਿਦ ਟਨਸ ਆਫ ਅਪਗ੍ਰੇਡਜ਼, ਆਦਿ ਸਹੂਲਤਾਂ ਦੇ ਨੇੜੇ ਤੇ ਹੋਰ ਵੀ ਬਹੁਤ ਕੁਝ।

BRAMPTON
ਏਅਰਪੋਰਟ ਰੋਡ/ਸੈਂਡਲਵੁਡ
ਵਧੀਆ ਤੇ ਸਾਫ ਸੁਥਰਾ 3000 ਸਕੇਅਰ ਫੁੱਟ 5 ਬੈਡਰੂਮ ,4 ਵਾਸ਼ਰੂਮ ਅਤੇ ਆਫਿਸ ਦਾ ਡਿਟੈਚ ਘਰ 60 ਫੁੱਟ ਲਾਟ ਤੇ, Unfinished ਬੇਸਮੈਂਟ ਨੂੰ ਸੇਪਰੇਟ ਏਂਟਰੈਂਸ, 9 ਫੁੱਟ ਸੀਲਿੰਗ, ਨਵੇਂ ਹਾਰਡਵੂਡ ਫਲੋਰ, ਨਵੀਂ ਰੂਫ, ਅਪਗ੍ਰੇਡੇਡ ਕਿਚਨ ਨੂੰ ਗਰੇਨਾਇਟ ਕਾਂਉਟਰ ਟਾਪ, ਪਾਰਕ, ਸਕੂਲ ਆਦਿ ਸਹੂਲਤਾਂ ਦੇ ਨੇੜੇ ਤੇ ਹੋਰ ਵੀ ਬਹੁਤ ਕੁਝ।

TOTAL HOME
Windows & Doors

ਮੰਨ ਪਸੰਦ ਦੀਆਂ ਖਿੜਕੀਆਂ ਤੇ ਦਰਵਾਜੇ ਲਗਵਾਉ ਤੇ ਫੇਰ ਸਾਰੀ ਬਚਤ ਪਾਓ!

WINTER & SPRING SPECIAL SALE

- WINDOWS
- FIBERGLASS DOORS
- STEEL DOORS
- SLIDING PATIO DOORS

Guaranteed lowest Price up to 50% OFF

- Honest & fair prices
- Professional installation
- High quality products
- First class service

For 5 Stars Reviews Online & Testimonial visit: https://thwindowsdoors.com/testimonials/

Phone: 416-661-6666 | Toll Free: 1-855-550-0610

7250 Keele street, Unit 167, Vaughan, ON. L4K 1Z8
Email: info@thwindowsdoors.com | Web: thwindowsdoors.com

Grand Upholstery Ltd
Sofa Company Originality in Every Piece

Special on Sale

- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉਤੇ ਵੀ ਲੈ ਸਕਦੇ ਹੋ

ਕੁਆਲਿਟੀ ਮੂਹੋਂ ਬੋਲਦੀ ਹੈ

Tel: 905.791.2888 Cell: 647.293.3212
2053 Williams Pkwy, Unit -45, Brampton | Email: grandupholstery@gmail.com

REXDALE BODY SHOP
USED CAR SALE

Specialization In:
★ All Kinds of Body Work
★ Auto Glass Windshield
★ Denting, Painting & Welding

SPECIAL PAINT JOB $779
RENTAL CAR PROVIDED

ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ

25 years of Canadian Experience
OPEN MON - SAT 9AM TO 7PM

CHEEMA
LOWEST PRICE IN TOWN
Towing Service Car Paint Starts $799* upto 100% Deductible Paid*

Call Rick or Manminder Cheema: 416.749.9596 / 416.951.6431

30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

INTERSTATE FREIGHT SYSTEMS INC.

A/Z ਡਰਾਈਵਰਾਂ ਦੀ ਲੋੜ

USA, Montreal, Montreal Local Within Ontario ਤੇ Local GTA ਤੇ Cambridge ਵਾਸਤੇ AZ ਡਰਾਇਵਰਾਂ ਦੀ ਲੋੜ ਹੈ

Also Hiring Owner Operators for local work & US

- 2 ਸਾਲ ਦਾ Experience, USA ਵਾਸਤੇ Fast Card ਜ਼ਰੂਰੀ ਹੈ
- ਡਰਾਇਵਰਾਂ ਦਾ CVOR Abstract ਚਾਹੀਦਾ ਹੈ

Please send resume at:
safety@interstatefreightsystem.com
Call: 416-452-0677

IFS

NU WAY TOUR & TRAVELS INC.

ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ

AIR TICKETS | CRUISES | VACATIONS | TRAVEL INSURANCE

International & Domestic Air Tickets
- Cheapest Air Fares
- Price Match Guaranteed
- 24/7 Emergency Services
- Reliable & Excellent Customer Service
- 100% Customer Satisfaction

AIR CANADA, PIA, American Airlines, ETIHAD, KLM, Emirates, SWISS, BRITISH AIRWAYS, JET AIRWAYS

Travel Worry Free With Insurance
- Super Visa Insurance
- Visitor to Canada
- Trip Cancellation
- Trip Interruption

Manulife

Signature.ca, WestJet vacations, transat, sunwing, AIR CANADA VACATIONS, tico.ca, IATA

Call Us For Guaranteed Lowest Airfare
ANY Airline Time Destination Around the World

7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com E-mail- info@nuwaytravels.com

ਹੁਣ ਖੁੱਲ੍ਹ ਗਿਆ ਹੈ ਨਵਾਂ ਵਾਕ ਇਨ ਕਲੀਨਿਕ ਚਿੰਗਕੂਸੀ ਤੇ ਵੈਨਲੈਸ ਤੇ

ਕਲੀਨਿਕ ਵਿੱਚ ਫਾਰਮਇਸਟ ਉਪਲਬਧ

- ਔਰਤਾਂ ਦੀ ਕੋਈ ਵੀ ਸਮੱਸਿਆ ਲਈ ਤਜਰਬੇਕਾਰ ਮਹਿਲਾ ਡਾਕਟਰ
- ਮਰਦਾਂ, ਔਰਤਾਂ ਅਤੇ ਬੱਚਿਆਂ ਲਈ ਕੋਈ ਵੀ ਰਾਏ ਜਾਂ ਸਰੀਰਕ ਜਾਂਚ ਕਰਵਾ ਸਕਦੇ ਹੋ
- Immunization, ਡਾਈਟੀਸ਼ੀਅਨ ਅਤੇ ਫੁੱਟ ਕੇਅਰ ਲਈ ਨਰਸ
- ਲੈਬ ਸੇਵਾਵਾਂ
- ਅਸੀਂ ਡਾਈਬੀਟੀਜ਼ ਲਈ ਮੁਫ਼ਤ ਸਲਾਹ ਦਿੰਦੇ ਹਾਂ

New patients welcome / 7 ਦਿਨ ਖੁੱਲ੍ਹਾ

ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ Punjabi/Urdu/Hindi

ਚਿੰਗਕੂਸੀ ਅਤੇ ਵੈਨਲੈਸ ਨੇੜੇ, ਟੀ.ਡੀ. ਬੈਂਕ ਪਲਾਜ਼ਾ
Tel: 905-846-4952